@Qpatrika | @qaumipatrika punjabi | instagram.com/qaumipatrika

Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Wednesday, 17 September 2025

VISIT: www.qaumipatrika.org
Email: qpatrika@gmail.com

Punjabi National Daily

Qaumi Patrika NO.1

ਨਵੀਂ ਦਿੱਲੀ: ਬੁੱਧਵਾਰ 17 ਸਤੰਬਰ 2025, 3 ਅੱਸੂ ਨਾਨਕਸ਼ਾਹੀ ਸੰਮਤ 555 (ਸਫੇ-12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 43, ਅੰਕ 308. qpatrika@gmail.com ਫੋਨ : 9971359517 www.qaumipatrika.org

# ਮੋਦੀ ਸਰਕਾਰ ਭਾਰਤ ’ਚੋਂ ਨਸ਼ੇ ਦੀ ਸਮੱਸਿਆ ਨੂੰ ਖ਼ਤਮ ਕਰਨ ਲਈ ਵਚਨਬੱਧ: ਅਮਿਤ ਸ਼ਾਹ

ਕੌਮੀ ਪਤ੍ਰਿਕਾ

ਨਵੀਂ ਦਿੱਲੀ 16 ਸਤੰਬਰ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਮੰਗਲਵਾਰ ਨੂੰ ਕਿਹਾ ਕਿ ਨਰਿੰਦਰ ਮੋਦੀ ਸਰਕਾਰ ਦੇਸ਼ ਵਿੱਚੋਂ ਹਰ ਤਰ੍ਹਾਂ ਦੇ ਨਸ਼ਿਆਂ ਨੂੰ ਖ਼ਤਮ ਕਰਨ ਲਈ ਵਚਨਬੱਧ ਹੈ ਅਤੇ ਇਸ ਟੀਚੇ ਨੂੰ ਪ੍ਰਾਪਤ ਕਰਨ ਲਈ ਹਰ ਸੰਭਵ ਯਤਨ ਕਰ ਰਹੀ ਹੈ। ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੇ ਐਂਟੀ-ਨਾਰਕੋਟਿਕਸ ਟਾਸਕ ਫੋਰਸ (ਏਐਨਟੀਐਫ) ਦੇ ਮੁਖੀਆਂ ਦੀ ਦੂਜੀ ਰਾਸ਼ਟਰੀ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਇਹ ਵੀ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਕਿ ਨਸ਼ਿਆਂ ਦੇ ਖਤਰੇ ਵਿਰੁੱਧ ਕਾਰਵਾਈ ਦੇ ਪੈਮਾਨੇ ਨੂੰ ਬਦਲਿਆ ਜਾਵੇ ਤਾਂ ਜੋ ਆਉਣ ਵਾਲੇ ਦਿਨਾਂ ਵਿੱਚ ਹੋਰ ਸਫਲਤਾਵਾਂ ਪ੍ਰਾਪਤ ਕੀਤੀਆਂ ਜਾ ਸਕਣ। ਨਾਰਕੋਟਿਕਸ ਕੰਟਰੋਲ ਬਿਊਰੋ (ਐਨਸੀਬੀ) ਵੱਲੋਂ ਆਯੋਜਿਤ ਇਹ ਕਾਨਫਰੰਸ ਮੰਗਲਵਾਰ ਨੂੰ ਇੱਥੇ ਸ਼ੁਰੂ ਹੋਈ। ਗ੍ਰਹਿ ਮੰਤਰੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਨੇ 2047 ਤੱਕ ਭਾਰਤ ਨੂੰ ਇੱਕ ਪੂਰੀ ਤਰ੍ਹਾਂ ਵਿਕਸਤ ਅਤੇ ਮਹਾਨ ਰਾਸ਼ਟਰ ਬਣਾਉਣ ਦਾ ਟੀਚਾ ਰੱਖਿਆ ਹੈ। ਪ੍ਰਧਾਨ ਮੰਤਰੀ ਮੋਦੀ ਦੇ ਇਸ ਸੁਪਨੇ ਨੂੰ ਸਾਕਾਰ ਕਰਨ ਲਈ, ਦੇਸ਼ ਨੂੰ ਪੂਰੀ ਤਰ੍ਹਾਂ ਸੁਰੱਖਿਅਤ ਹੋਣਾ ਪਵੇਗਾ। ਸ਼ਾਹ ਨੇ ਕਿਹਾ, ਮੋਦੀ ਸਰਕਾਰ ਦੇਸ਼ ਵਿੱਚੋਂ ਨਸ਼ੇ ਦੇ ਖ਼ਤਰੇ ਨੂੰ ਖ਼ਤਮ ਕਰਨ ਲਈ



ਵਚਨਬੱਧ ਹੈ ਅਤੇ ਇਸ ਟੀਚੇ ਨੂੰ ਪ੍ਰਾਪਤ ਕਰਨ ਲਈ ਹਰ ਸੰਭਵ ਕੋਸ਼ਿਸ਼ ਕਰ ਰਹੀ ਹੈ। ਉਨ੍ਹਾਂ ਕਿਹਾ, ਪ੍ਰਧਾਨ ਮੰਤਰੀ ਮੋਦੀ ਦਾ 2047 ਤੱਕ ਇੱਕ ਅਜਿਹਾ ਭਾਰਤ ਬਣਾਉਣ ਦਾ ਦ੍ਰਿਸ਼ਟੀਕੋਣ ਹੈ, ਜੋ ਹਰ ਪੱਖੋਂ ਦੁਨੀਆ ਦਾ ਨੰਬਰ ਇੱਕ ਅਤੇ ਪੂਰੀ ਤਰ੍ਹਾਂ ਵਿਕਸਤ ਦੇਸ਼ ਹੋਵੇਗਾ – ਇੱਕ ਸੁਰੱਖਿਅਤ ਰਾਸ਼ਟਰ ਜਿਸ ਵਿੱਚ ਕੋਈ ਵੀ ਦਾਖਲ ਨਹੀਂ ਹੋ ਸਕਦਾ। ਇਸ ਲਈ, ਸਾਡੇ ਨੌਜਵਾਨ ਸਭ ਤੋਂ ਵੱਡੀ ਉਮੀਦ ਹਨ ਅਤੇ ਜੇਕਰ ਉਹ ਦ੍ਰਿੜ ਹਨ, ਤਾਂ ਕੁਝ ਵੀ ਅਸੰਭਵ ਨਹੀਂ ਹੈ, ਕਿਉਂਕਿ ਉਹ ਕਿਸੇ ਵੀ ਰਾਸ਼ਟਰ ਦੀ ਨੀਂਹ ਹਨ। ਸ਼ਾਹ ਨੇ ਕਿਹਾ ਕਿ ਦੁਨੀਆ ਦੇ ਕੁਝ ਹਿੱਸਿਆਂ ਵਿੱਚ ਲੋਕਾਂ ਨੇ ਰਾਸ਼ਟਰ ਦੇ ਵਿਕਾਸ ਅਤੇ ਨਸ਼ਿਆਂ ਦੀ ਦੁਰਵਰਤੋਂ ਦੀ ਚੁਣੌਤੀ ਵਿਚਕਾਰ ਸਬੰਧ ਦੇਖਿਆ ਹੈ। ਉਨ੍ਹਾਂ ਕਿਹਾ, ਬਦਕਿਸਮਤੀ ਨਾਲ, ਉਹ ਦੋ ਖੇਤਰ ਜਿੱਥੋਂ ਪੂਰੀ ਦੁਨੀਆ ਵਿੱਚ ਨਸ਼ੇ ਸਪਲਾਈ ਕੀਤੇ ਜਾਂਦੇ ਹਨ, ਸਾਡੇ ਬਹੁਤ ਨੇੜੇ ਹਨ। ਇਸ ਲਈ ਇਹ ਸਮਾਂ ਹੈ ਕਿ ਅਸੀਂ ਇਸ ਵਿਰੁੱਧ ਸਖ਼ਤੀ ਨਾਲ ਲੜੀਏ। ਗ੍ਰਹਿ ਮੰਤਰੀ ਨੇ ਕਿਹਾ ਕਿ ਪੂਰੀ ਤਰ੍ਹਾਂ ਵਿਕਸਤ ਭਾਰਤ ਦੇ ਟੀਚੇ ਨੂੰ ਪ੍ਰਾਪਤ ਕਰਨ ਲਈ, ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੋਂ ਬਚਾਉਣਾ ਬਹੁਤ ਜ਼ਰੂਰੀ ਹੈ। ਕਿਸੇ ਵੀ ਮਹਾਨ ਰਾਜ ਦੀ ਨੀਂਹ ਉਸਦੀ ਨੌਜਵਾਨ ਪੀੜ੍ਹੀ ਹੁੰਦੀ ਹੈ। ਸ਼ਾਹ ਨੇ ਕਿਹਾ ਕਿ ਤਿੰਨ ਤਰ੍ਹਾਂ ਦੇ ਡਰੱਗ ਗੈਂਗ ਹਨ – ਇੱਕ, ਉਹ ਜੋ ਦੇਸ਼ ਦੇ ਸਾਰੇ ਐਂਟਰੀ ਪੁਆਇੰਟਾਂ ’ਤੇ ਕੰਮ ਕਰਦੇ ਹਨ, ਦੂਜਾ ਉਹ ਜੋ ਐਂਟਰੀ ਪੁਆਇੰਟ ਤੋਂ ਰਾਜ ਵਿੱਚ ਵੰਡਦੇ ਹਨ, ਅਤੇ ਤੀਜਾ ਉਹ ਜੋ ਛੋਟੀਆਂ ਦੁਕਾਨਾਂ ਵਿੱਚ ਨਸ਼ੇ ਵੇਚਦੇ ਹਨ। ਗ੍ਰਹਿ ਮੰਤਰੀ ਨੇ ਕਿਹਾ, ਇਨ੍ਹਾਂ ਤਿੰਨਾਂ ਤਰ੍ਹਾਂ ਦੇ ਗਿਰੋਹਾਂ ਨੂੰ ਕਰਾਰਾ ਝਟਕਾ ਦੇਣ ਦਾ ਸਮਾਂ ਆ ਗਿਆ ਹੈ। ਮੇਰਾ ਮੰਨਣਾ ਹੈ ਕਿ ਇਹ ਤਾਂ ਹੀ ਸੰਭਵ ਹੈ ਜਦੋਂ ਨਸ਼ੀਲੇ ਪਦਾਰਥਾਂ ਵਿਰੁੱਧ ਕੰਮ ਕਰਨ ਵਾਲੇ ਅਧਿਕਾਰੀ ਉਨ੍ਹਾਂ ਵਿਰੁੱਧ ਸਖ਼ਤ ਕਾਰਵਾਈ ਕਰਨ ਦਾ ਫੈਸਲਾ ਕਰਨਗੇ। ਸ਼ਾਹ ਨੇ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਜ਼ਬਤ ਕੀਤੇ ਗਏ 4,794 ਕਰੋੜ ਰੁਪਏ ਦੇ ਨਸ਼ੀਲੇ ਪਦਾਰਥਾਂ ਨੂੰ ਨਸ਼ਟ ਕਰਨ ਦੀ ਪ੍ਰਕਿਰਿਆ ਵੀ ਸ਼ੁਰੂ ਕੀਤੀ। ਸੋਮਵਾਰ ਨੂੰ, ਸ਼ਾਹ ਨੇ ਕਿਹਾ ਸੀ ਕਿ ਮੋਦੀ ਸਰਕਾਰ ਸਾਰੇ 1©“6 (ਨਸ਼ੀਲੇ ਪਦਾਰਥ ਵਿਰੋਧੀ ਟਾਸਕ ਫੋਰਸ) ਨੂੰ ਇਕਜੁੱਟ ਕਰਕੇ ਨਸ਼ੀਲੇ ਪਦਾਰਥਾਂ ਦੇ ਖ਼ਤਰੇ ਨੂੰ ਖਤਮ ਕਰਨ ਲਈ ਵਚਨਬੱਧ ਹੈ। ਉਨ੍ਹਾਂ ਨੇ ©32 ਦੀ ਸਾਲਾਨਾ ਰਿਪੋਰਟ 2024 ਵੀ ਜਾਰੀ ਕੀਤੀ।

## ਭਾਰੀ ਮੀਂਹ ਤੋਂ ਬਾਅਦ ਕੁਝ ਹਿੱਸਿਆਂ ’ਚ ਅਚਾਨਕ ਆਇਆ ਹੜ੍ਹ, ਜ਼ਮੀਨ ਖਿਸਕਣ ਦੀਆਂ ਘਟਨਾਵਾਂ ਵੀ ਵਾਪਰੀਆਂ

ਨੈਸ਼ਨਲ ਡੈਸਕ 16 ਸਤੰਬਰ। ਪਿਛਲੇ 24 ਘੰਟਿਆਂ ਦੌਰਾਨ ਭਾਰੀ ਮੀਂਹ ਤੋਂ ਬਾਅਦ ਮਨੀਪੁਰ ’ਚ ਅਚਾਨਕ ਹੜ੍ਹ ਅਤੇ ਜ਼ਮੀਨ ਖਿਸਕਣ ਦੀਆਂ ਘਟਨਾਵਾਂ ਸਾਹਮਣੇ ਆਈਆਂ ਹਨ। ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਅਧਿਕਾਰੀਆਂ ਨੇ ਦੱਸਿਆ ਕਿ ਇੰਫਾਲ ਪੂਰਬ ਵਿੱਚ ਯਾਂਗਾਂਗਪੋਕਪੀ, ਸਾਂਤੀਖੋਂਗਬਲ ਅਤੇ ਸਾਬੁੰਗਖੋਕ ਖੁਨੂ ਅਤੇ ਇੰਫਾਲ ਪੱਛਮ ਵਿੱਚ ਕਾਕਵਾ ਅਤੇ ਸਗੋਲਬੰਦ ਦੇ ਕਈ ਖੇਤਰ ਭਾਰੀ ਮੀਂਹ ਕਾਰਨ ਡੁੱਬ ਗਏ ਹਨ। ਇਨ੍ਹਾਂ ਖੇਤਰਾਂ ’ਚ ਕੁਝ ਘਰ ਤੇ ਰਿਹਾਇਸ਼ੀ ਕੰਪਲੈਕਸ ਵੀ ਡੁੱਬ ਗਏ ਹਨ। ਅਧਿਕਾਰੀਆਂ ਨੇ ਦੱਸਿਆ ਕਿ ਨੋਨੀ ਜ਼ਿਲ੍ਹੇ ਦੇ ਅਵਾਂਗਖੁਲ ਅਤੇ ਪਹਾੜੀ ਜ਼ਿਲ੍ਹਿਆਂ ਸੇਨਾਪਤੀ ਅਤੇ ਕਾਮਜੋਂਗ ਵਿੱਚ ਜ਼ਮੀਨ ਖਿਸਕਣ ਦੀਆਂ ਰਿਪੋਰਟਾਂ ਆਈਆਂ ਹਨ। ਉਨ੍ਹਾਂ ਕਿਹਾ ਕਿ ਇੰਫਾਲ ਨਦੀ, ਨੰਬੁਲ ਅਤੇ ਇਰਿਲ ਸਮੇਤ ਪ੍ਰਮੁੱਖ ਨਦੀਆਂ ਦੇ ਪਾਣੀ ਦਾ ਪੱਧਰ ਕਾਫ਼ੀ ਵਧ ਗਿਆ ਹੈ ਪਰ ਅਜੇ ਵੀ ਖ਼ਤਰੇ ਦੇ ਨਿਸ਼ਾਨ ’ਤੇ ਨਹੀਂ ਪਹੁੰਚਿਆ ਹੈ। ਅਧਿਕਾਰੀਆਂ ਨੇ ਕਿਹਾ ਕਿ ਜਲ ਸਰੋਤ ਵਿਭਾਗ ਸਥਿਤੀ ’ਤੇ ਨੇੜਿਓਂ ਨਜ਼ਰ ਰੱਖ ਰਿਹਾ ਹੈ। ਉਨ੍ਹਾਂ ਕਿਹਾ ਕਿ ਪਿਛਲੇ 24 ਘੰਟਿਆਂ ਵਿੱਚ ਉੱਤਰ-ਪੂਰਬੀ ਰਾਜ ਦੇ ਜ਼ਿਆਦਾਤਰ ਹਿੱਸਿਆਂ ਵਿੱਚ ਦਰਮਿਆਨੀ ਤੋਂ ਭਾਰੀ ਬਾਰਿਸ਼ ਦਰਜ ਕੀਤੀ ਗਈ ਹੈ ਅਤੇ ਐਤਵਾਰ ਨੂੰ ਹੋਰ ਬਾਰਿਸ਼ ਹੋਣ ਦੀ ਸੰਭਾਵਨਾ ਹੈ।

## ਕੇਰਲ ਸਕੱਤਰੇਤ ’ਚ ਬੰਬ ਰੱਖੇ ਜਾਣ ਦੀ ਮਿਲੀ ਧਮਕੀ, ਪੁਲਸ ਜਾਂਚ ਮਗਰੋਂ ਸਾਬਿਤ ਹੋਈ ਫਰਜ਼ੀ

ਤਿਰੂਵਨੰਤਪੁਰਮ 16 ਸਤੰਬਰ। ਕੇਰਲ ਸਕੱਤਰੇਤ ਵਿੱਚ ਬੰਬ ਰੱਖੇ ਜਾਣ ਦੀ ਮੰਗਲਵਾਰ ਸਵੇਰੇ ਧਮਕੀ ਮਿਲਣ ਤੋਂ ਬਾਅਦ ਪੁਲਸ, ਬੰਬ ਨਿਰੋਧਕ ਇਕਾਈ ਅਤੇ ਕੁੱਤਿਆਂ ਦੇ ਦਸਤੇ ਨੇ ਪੂਰੇ ਕੰਪਲੈਕਸ ਦੀ ਤਲਾਸ਼ੀ ਲਈ। ਪੁਲਸ ਵਲੋਂ ਸਕੱਤਰੇਤ ਦੀ ਤਲਾਸ਼ੀ ਲੈਣ ਤੋਂ ਬਾਅਦ ਕਿਸੇ ਤਰ੍ਹਾਂ ਦੀ ਕੋਈ ਵਿਸਫੋਟਕ ਸਮੱਗਰੀ ਬਰਾਮਦ ਨਹੀਂ ਹੋਈ। ਇਸ ਮਾਮਲੇ ਦੇ ਸਬੰਧ ਵਿਚ ਛਾਉਣੀ ਪੁਲਸ ਸਟੇਸ਼ਨ ਦੇ ਇੱਕ ਅਧਿਕਾਰੀ ਨੇ ਕਿਹਾ ਕਿ ਜਾਂਚ ਤੋਂ ਬਾਅਦ ਧਮਕੀ ਜਾਅਲੀ ਪਾਈ ਗਈ। ਅਧਿਕਾਰੀ ਨੇ ਕਿਹਾ ਕਿ ਇਹ ਧਮਕੀ ਸਵੇਰੇ ਸਟੇਟ ਪ੍ਰੋਟੋਕੋਲ ਅਫਸਰ ਦੀ ਈਮੇਲ ਆਈਡੀ ’ਤੇ ਮਿਲੀ ਸੀ। ਉਨ੍ਹਾਂ ਕਿਹਾ ਕਿ ਪੁਲਸ ਨੂੰ ਤੁਰੰਤ ਸੂਚਿਤ ਕੀਤਾ ਗਿਆ ਅਤੇ ਕੁਝ ਕਰਮਚਾਰੀਆਂ ਨੂੰ ਕੱਢਣ ਤੋਂ ਬਾਅਦ, ਜਾਂਚ ਕੀਤੀ ਗਈ। ਉਨ੍ਹਾਂ ਕਿਹਾ ਕਿ ਪੂਰਾ ਸਕੱਤਰੇਤ ਖਾਲੀ ਨਹੀਂ ਕਰਵਾਇਆ ਗਿਆ ਪਰ ਜਾਂਚ ਵਿੱਚ ਕੁਝ ਵੀ ਸ਼ੱਕੀ ਨਹੀਂ ਮਿਲਿਆ। ਅਧਿਕਾਰੀ ਨੇ ਕਿਹਾ ਕਿ ਪੁਲਸ ਹੁਣ ਈਮੇਲ ਦੇ ਸਰੋਤ ਦੀ ਜਾਂਚ ਕਰ ਰਹੀ ਹੈ। ਇਸ ਸਾਲ ਜ਼ਿਲ੍ਹਾ ਕੁਲੈਕਟਰੇਟਾਂ, ਹਵਾਈ ਅੱਡਿਆਂ ਅਤੇ ਅਦਾਲਤਾਂ ਵਿੱਚ ਈ-ਮੇਲ ਰਾਹੀਂ ਬੰਬ ਦੀ ਧਮਕੀ ਮਿਲਣ ਦੇ ਕਈ ਮਾਮਲੇ ਸਾਹਮਣੇ ਆਏ ਹਨ। ਜਾਂਚ ਤੋਂ ਬਾਅਦ ਇਹ ਸਾਰੀਆਂ ਧਮਕੀਆਂ ਜਾਅਲੀ ਪਾਈਆਂ ਗਈਆਂ ਹਨ।

## ਸਪਾਈਸਜੈੱਟ ਦਾ ਬੇੜਾ ਹੋਵੇਗਾ ਹੋਰ ਮਜ਼ਬੂਤ !

ਨਵੀਂ ਦਿੱਲੀ 16 ਸਤੰਬਰ। ਕਿਫ਼ਾਇਤੀ ਜਹਾਜ਼ ਸੇਵਾ ਕੰਪਨੀ ਸਪਾਈਸਜੈੱਟ ਨੇ 8 ਹੋਰ ਬੋਇੰਗ 737 ਜਹਾਜ਼ਾਂ ਲਈ ਲੀਜ਼ ਸਮਝੌਤੇ ’ਤੇ ਹਸਤਾਖ਼ਰ ਕੀਤੇ ਹਨ, ਜਿਸ ਨਾਲ 2025 ਦੇ ਵਿੰਟਰ ਸ਼ੈਡਿਊਲ ਤੋਂ ਪਹਿਲਾਂ ਉਸ ਦੇ ਬੇੜੇ ਨੂੰ ਹੋਰ ਮਜ਼ਬੂਤੀ ਮਿਲੇਗੀ। ਇਸ ਦੇ ਨਾਲ ਹੀ, ਏਅਰਲਾਈਨ ਦੇ ਬੇੜੇ ’ਚ 18 ਜਹਾਜ਼ਾਂ ਦੇ ਵਾਧੇ ਦੀ ਯੋਜਨਾ ਹੈ, ਜੋ ਆਉਣ ਵਾਲੇ ਤਿਉਹਾਰੀ ਅਤੇ ਛੁੱਟੀਆਂ ਦ ਮੌਸਮ ’ਚ ਹਵਾਈ ਯਾਤਰਾ ਦੀ ਵਧਦੀ ਮੰਗ ਪੂਰੀ ਕਰਨ ਦੀ ਉਸ ਦੀ ਵਚਨਬੱਦਤਾ ਨੂੰ ਹੋਰ ਮਜ਼ਬੂਤ ਕਰਦਾ ਹੈ। ਇਸ ਤੋਂ ਪਹਿਲਾਂ ਉਸ ਨੇ ਕੁੱਲ 10 ਬੋਇੰਗ 737 ਜਹਾਜ਼ ਵੇਟ ਲੀਜ਼ ’ਤੇ ਲੈਣ ਦੇ 2 ਸਮਝੌਤੇ ਕੀਤੇ ਸਨ, ਜੋ ਅਕਤੂਬਰ 2025 ਤੋਂ ਬੇੜੇ ’ਚ ਸ਼ਾਮਲ ਹੋਣ ਵਾਲੇ ਹਨ। ਸਪਾਈਸਜੈੱਟ ਦੇ ਮੁੱਖ ਵਪਾਰ ਅਧਿਕਾਰੀ ਦੇਬੋਜੋ ਮਹਾਰਿਸ਼ੀ ਨੇ ਕਿਹਾ,”ਸਾਨੂੰ ਆਪਣੇ ਬੇੜੇ ’ਚ 8 ਹੋਰ ਬੋਇੰਗ 737 ਜਹਾਜ਼ਾਂ ਨੂੰ ਸ਼ਾਮਲ ਕਰਨ ਦਾ ਐਲਾਨ ਕਰਦੇ ਹੋਏ ਖੁਸ਼ੀ ਹੋ ਰਹੀ ਹੈ।

# ਮੁੱਖ ਮੰਤਰੀ ਅਤੇ ਸ਼੍ਰਮ ਮੰਤਰੀ ਨੇ ਸ਼੍ਰਮਿਕਾਂ ਦੇ ਭਲਾਈ ਨਾਲ ਜੁੜੀਆਂ ਕਈ ਨਵੀਆਂ ਯੋਜਨਾਵਾਂ ਦਾ ਕੀਤਾ ਐਲਾਨ

ਕੌਮੀ ਪਤ੍ਰਿਕਾ
ਸਿੰਮੀ ਕੌਰ ਬੱਬਰ

ਨਵੀਂ ਦਿੱਲੀ; 16 ਸਤੰਬਰ: ਵਿਸ਼ਵਕਰਮਾ ਦਿਵਸ ਅਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਜਨਮ ਦਿਨ ਦੇ ਮੌਕੇ ’ਤੇ ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ ਨੇ ਸ਼੍ਰਮਿਕਾਂ ਅਤੇ ਮਜ਼ਦੂਰ ਭੈਣਾਂ ਦੇ ਛੋਟੇ-ਛੋਟੇ ਬੱਚਿਆਂ ਦੀ ਬਿਹਤਰ ਪਰਵਰਿਸ਼ ਲਈ 500 ਪਾਲਣਾ ਘਰ ਜਲਦ ਸਥਾਪਤ ਕਰਨ ਦਾ ਐਲਾਨ ਕੀਤਾ। ਮੁੱਖ ਮੰਤਰੀ ਨੇ ਵਿਸ਼ਵਕਰਮਾ ਦਿਵਸ ਦੇ ਮੌਕੇ ’ਤੇ ਆਯੋਜਿਤ ਪ੍ਰੋਗਰਾਮ ਦੌਰਾਨ ਕਿਹਾ ਕਿ ਇਹ ਪਹਿਲ ਖਾਸ ਤੌਰ ’ਤੇ ਸਾਡੀਆਂ ਮਿਹਨਤਕਸ਼ ਵਿਸ਼ਵਕਰਮਾ ਮਾਵਾਂ ਲਈ ਵੱਡਾ ਸਹਾਰਾ ਬਣੇਗੀ। ਇਨ੍ਹਾਂ ਪਾਲਣਾ ਘਰਾਂ ਰਾਹੀਂ ਜਿੱਥੇ ਬੱਚਿਆਂ ਨੂੰ ਪੋਸ਼ਣ ਅਤੇ ਦੇਖਭਾਲ ਮਿਲੇਗੀ, ਉਥੇ ਮਾਵਾਂ ਦੀ ਰੋਜ਼ੀ-ਰੋਟੀ ਵੀ ਸੁਰੱਖਿਅਤ ਹੋਵੇਗੀ। ਦਰਅਸਲ, ਦਿੱਲੀ ਸਰਕਾਰ ਦੇ ਸ਼੍ਰਮ ਵਿਭਾਗ ਅਤੇ ਦਿੱਲੀ ਭਵਨ ਅਤੇ ਹੋਰ ਨਿਰਮਾਣ ਸ਼੍ਰਮਿਕ ਕਲਿਆਣ ਬੋਰਡ ਵੱਲੋਂ ਅੱਜ ਵਿਸ਼ਵਕਰਮਾ ਦਿਵਸ ਦੇ ਮੌਕੇ ’ਤੇ ਵਿਸ਼ਵਕਰਮਾ ਪੂਜਾ ਮਹੋਤਸਵ ਦਾ ਆਯੋਜਨ ਕੀਤਾ ਗਿਆ। ਇਸ ਪ੍ਰੋਗਰਾਮ ਵਿੱਚ ਮਾਨਯੋਗ ਮੁੱਖ ਮੰਤਰੀ ਨੇ ਮੁੱਖ ਮਹਿਮਾਨ ਵਜੋਂ ਹਿੱਸਾ ਲਿਆ, ਜਦਕਿ ਸ਼੍ਰਮ ਮੰਤਰੀ ਕਪਿਲ ਮਿਸ਼ਰਾ ਪ੍ਰੋਗਰਾਮ ਵਿੱਚ ਵਿਸ਼ੇਸ਼ ਮਹਿਮਾਨ ਵਜੋਂ ਮੌਜੂਦ ਰਹੇ। ਇਸ ਪ੍ਰੋਗਰਾਮ ਦਾ ਆਯੋਜਨ ਵੀਆਰ ਮੈਟਰੋਪੋਲੀਟਨ ਕੰਸਟ?ਰਕਸ਼ਨ ਸਾਈਟ, ਸਿਵਲ ਲਾਈਨਜ਼ ਵਿਖੇ ਵੈਦਿਕ ਵਿਧੀ-ਵਿਧਾਨ ਨਾਲ ਸ਼ੁਰੂ ਹੋਇਆ। ਪ੍ਰੋਗਰਾਮ ਵਿੱਚ ਸੈਂਕੜੇ ਸ਼੍ਰਮਿਕਾਂ ਤੋਂ ਇਲਾਵਾ ਸ਼੍ਰਮ ਵਿਭਾਗ ਦੇ ਅਧਿਕਾਰੀ ਅਤੇ ਜਨ ਪ੍ਰਤੀਨਿਧੀ ਵੀ ਮੌਜੂਦ ਸਨ। ਪ੍ਰੋਗਰਾਮ ਵਿੱਚ ਕਈ ਸ਼੍ਰਮਿਕਾਂ ਨੂੰ ਮਾਨਯੋਗ ਮੁੱਖ ਮੰਤਰੀ ਸ਼੍ਰੀਮਤੀ ਰੇਖਾ ਗੁਪਤਾ ਵੱਲੋਂ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ ’ਤੇ ਮੁੱਖ ਮੰਤਰੀ ਨੇ ਸ਼੍ਰਮਿਕਾਂ ਕੋਲ ਜਾ ਕੇ ਉਨ੍ਹਾਂ ਦੀਆਂ ਨਿੱਜੀ ਸਮੱਸਿਆਵਾਂ ਨੂੰ ਵੀ ਜਾਣਿਆ ਅਤੇ ਸਰਕਾਰ ਦੀ ਉਨ੍ਹਾਂ ਲਈ ਵਚਨਬੱਧਤਾ ਬਾਰੇ ਵੀ ਦੱਸਿਆ। ਵਿਸ਼ਵਕਰਮਾ ਦਿਵਸ ਦੀਆਂ ਸ਼ੁਭਕਾਮਨਾਵਾਂ ਦਿੰਦੇ ਹੋਏ ਮਾਨਯੋਗ ਮੁੱਖ ਮੰਤਰੀ ਸ਼੍ਰੀਮਤੀ ਰੇਖਾ ਗੁਪਤਾ ਨੇ ਕਿਹਾ ਕਿ ਵਿਸ਼ਵਕਰਮਾ ਦਿਵਸ, ਜਿਸ ਨੂੰ ਅਸੀਂ ਸਾਰੇ ਕੱਲ੍ਹ ਮਨਾਉਣ ਜਾ ਰਹੇ ਹਾਂ, ਅੱਜ ਇਸਦੀ ਸ਼ੁਰੂਆਤ ਅਸੀਂ ਤੁਹਾਡੇ ਇਸ ਪ੍ਰੋਗਰਾਮ ਨਾਲ ਕੀਤੀ ਹੈ। ਮੈਨੂੰ ਬਹੁਤ ਖੁਸ਼ੀ ਹੈ ਕਿ ਮੈਂ ਆਪਣੇ ਵਿਸ਼ਵਕਰਮੀ ਭਰਾਵਾਂ ਦੇ ਵਿਚਕਾਰ ਪਹੁੰਚੀ ਹਾਂ। ਤੁਹਾਨੂੰ ਸਾਰਿਆਂ ਨੂੰ ਮੇਰੀ ਤਰਫੋਂ ਬਹੁਤ ਸਾਰੀਆਂ ਸ਼ੁਭਕਾਮਨਾਵਾਂ ਅਤੇ ਵਧਾਈਆਂ। ਜੀਵਨ ਵਿੱਚ ਤੁਹਾਡੀ ਮਿਹਨਤ, ਇਮਾਨਦਾਰੀ ਅਤੇ ਸਮਰਪਣ ਹੀ ਤੁਹਾਨੂੰ ਅੱਗੇ ਲੈ ਜਾਵੇਗਾ। ਉਨ੍ਹਾਂ ਨੇ ਸ਼੍ਰਮਿਕਾਂ ਦੀ



ਮਿਹਨਤ ਨੂੰ ਪ੍ਰੇਰਣਾਦਾਇਕ ਦੱਸਦੇ ਹੋਏ ਇੱਕ ਪ੍ਰਸੰਗ ਸਾਂਝਾ ਕੀਤਾ। ਉਨ੍ਹਾਂ ਕਿਹਾ ਕਿ ਇੱਕ ਨਿਰਮਾਣ ਸਥਾਨ ’ਤੇ ਦੋ ਮਜ਼ਦੂਰ ਕੰਮ ਕਰ ਰਹੇ ਸਨ। ਇੱਕ ਆਪਣੀ ਕਿਸਮਤ ’ਤੇ ਰੋ ਰਿਹਾ ਸੀ, ਜਦਕਿ ਦੂਜਾ ਉਹੀ ਕੰਮ ਖੁਸ਼ੀ ਅਤੇ ਮਾਣ ਨਾਲ ਕਰ ਰਿਹਾ ਸੀ। ਇੱਕ ਮਜ਼ਦੂਰ ਨੇ ਇਸ ਨੂੰ ਆਪਣੀ ਕਿਸਮਤ ਦੱਸਿਆ, ਜਦਕਿ ਦੂਜੇ ਨੇ ਕਿਹਾ ਕਿ ਉਹ ਆਪਣੇ ਆਪ ਨੂੰ ਖੁਸ਼ਕਿਸਮਤ ਸਮਝਦਾ ਹੈ ਕਿ ਇੰਨੀ ਸ਼ਾਨਦਾਰ ਇਮਾਰਤ ਬਣਾਉਣ ਵਿੱਚ ਉਸਦਾ ਯੋਗਦਾਨ ਹੈ। ਉਨ੍ਹਾਂ ਅੱਗੇ ਕਿਹਾ ਕਿ ਇਹ ਨਜ਼ਰੀਆ ਹੀ ਸਾਨੂੰ ਅੱਗੇ ਲੈ ਜਾਂਦਾ ਹੈ। ਮਜ਼ਦੂਰ ਭਰਾਵਾਂ ਅਤੇ ਭੈਣਾਂ ਦੀ ਮਿਹਨਤ ਅਤੇ ਸਮਰਪਣ ਤੋਂ ਬਿਨਾਂ ਕਿਸੇ ਵੀ ਰਾਜ ਦਾ ਵਿਕਾਸ ਸੰਭਵ ਨਹੀਂ ਹੈ। ਇੰਜੀਨੀਅਰ ਯੋਜਨਾ ਬਣਾ ਸਕਦਾ ਹੈ, ਮਾਲਕ ਪੈਸਾ ਲਗਾ ਸਕਦਾ ਹੈ, ਸਰਕਾਰ ਮਨਜ਼ੂਰੀ ਦੇ ਸਕਦੀ ਹੈ, ਪਰ ਇਮਾਰਤ ਨੂੰ ਖੜ੍ਹਾ ਕਰਨ ਵਾਲਾ ਸ਼੍ਰਮਿਕ ਹੀ ਅਸਲੀ ਨਿਰਮਾਤਾ ਹੈ। ਇਹੀ ਕਾਰਨ ਹੈ ਕਿ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਜੀ ਹਮੇਸ਼ਾ ਗਰੀਬ ਕਲਿਆਣ ਦੀ ਗੱਲ ਕਰਦੇ ਹਨ ਅਤੇ ਉਸ ਨੂੰ ਅਮਲ ਵਿੱਚ ਵੀ ਲਿਆਉਂਦੇ ਹਨ।

Contd........page-3

# ਮੁੱਖ ਮੰਤਰੀ ਮਾਨ ਦਾ ਪੰਜਾਬੀਆਂ ਲਈ ਵੱਡਾ ਐਲਾਨ

ਕੌਮੀ ਪਤ੍ਰਿਕਾ
ਨਵਦੀਪ ਸਿੰਘ ਸਾਹਨੀ

ਜਲੰਧਰ 16 ਸਤੰਬਰ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵਲੋਂ ਹੜ੍ਹ ਪ੍ਰਭਾਵਿਤ ਪਿੰਡਾਂ ਲਈ ਵੱਡੇ ਐਲਾਨ ਕੀਤੇ ਗਏ ਹਨ। ਉਨ੍ਹਾਂ ਨੇ ਇੱਥੇ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਬਹੁਤ ਸਾਰੇ ਇਲਾਕਿਆਂ ’ਚੋਂ ਹੜ੍ਹਾਂ ਦਾ ਪਾਣੀ ਉਤਰ ਗਿਆ ਹੈ ਅਤੇ ਜਨ-ਜੀਵਨ ਨੂੰ ਲੀਹ ’ਤੇ ਲਿਆਉਣ ਲਈ ਅਸੀਂ ਵੱਡੇ ਪੱਧਰ ’ਤੇ ਸਫ਼ਾਈ ਮੁਹਿੰਮ ਸ਼ੁਰੂ ਕਰ ਰਹੇ ਹਾਂ। ਉਨ੍ਹਾਂ ਕਿਹਾ ਕਿ ਹਰੇਕ ਪਿੰਡ ’ਚ ਇਕ ਜੇ. ਸੀ. ਬੀ., ਟਰੈਕਟਰ-ਟਰਾਲੀ ਅਤੇ ਲੇਬਰ ਦਾ ਪ੍ਰਬੰਧ ਸਰਕਾਰ ਵਲੋਂ ਕੀਤਾ ਜਾਵੇਗਾ। ਜੋ ਵੀ ਹੜ੍ਹਾਂ ਨਾਲ ਰੁੜ੍ਹ ਕੇ ਆਇਆ ਹੈ, ਉਸ ਮਲਬੇ ਨੂੰ ਸਾਫ਼ ਕੀਤਾ ਜਾਵੇਗਾ। ਇਸ ਤੋਂ ਬਾਅਦ ਹਰੇਕ ਪਿੰਡ ’ਚ ਫੌਗਿੰਗ ਕਰਵਾਈ ਜਾਵੇਗੀ ਤਾਂ ਜੋ ਕੋਈ ਬੀਮਾਰੀ ਨਾ ਫੈਲੇ। ਇਸ ਮੁਹਿੰਮ ਲਈ ਸਰਕਾਰ ਨੇ 100 ਕਰੋੜ ਰੁਪਿਆ ਰੱਖਿਆ ਹੈ, ਜਿਹਦੇ ’ਚੋਂ ਇਕ-ਇਕ ਲੱਖ ਪਿੰਡਾਂ ਨੂੰ ਟੋਕਨ ਦੇ ਤੌਰ ’ਤੇ ਦਿੱਤਾ ਜਾਵੇਗਾ ਅਤੇ ਜਿਵੇਂ-ਜਿਵੇਂ ਲੋੜ ਪਵੇਗੀ, ਪਿੰਡਾਂ ਨੂੰ ਪੈਸੇ ਦਿੱਤੇ ਜਾਣਗੇ ਇਸ ਦੇ ਨਾਲ ਹੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਪੰਜਾਬ ਨੂੰ ਦਿੱਤੇ ਗਏ 1600 ਕਰੋੜ ਰੁਪਏ ਦੇ ਰਾਹਤ ਪੈਕੇਜ ਨੂੰ ਲੈ ਕੇ ਸਿਆਸਤ ਭੱਖਦੀ ਜਾ ਰਹੀ ਹੈ। ਇਸੇ ਸਬੰਧੀ ਪੰਜਾਬ ਕਾਂਗਰਸ ਦੇ ਪ੍ਰਧਾਨ ਰਾਜਾ ਵੜਿੰਗ ਨੇ ਪ੍ਰਧਾਨ ਮੰਤਰੀ



ਨਰਿੰਦਰ ਮੋਦੀ ਨੂੰ ਇਕ ਚਿੱਠੀ ਲਿਖੀ ਹੈ। ਲਿਖੀ ਗਈ ਚਿੱਠੀ ਵਿਚ ਰਾਜਾ ਵੜਿੰਗ ਨੇ ਕਿਹਾ ਕਿ 9 ਸਤੰਬਰ ਨੂੰ ਤੁਹਾਡੀ ਸੂਬਾ ਫੇਰੀ ਤੋਂ ਪਹਿਲਾਂ ਪੰਜਾਬ ਨੂੰ ਤੁਹਾਡੇ ਤੋਂ ਬਹੁਤ ਉਮੀਦਾਂ ਸਨ। ਮੈਨੂੰ ਇਹ ਕਹਿੰਦੇ ਹੋਏ ਬਹੁਤ ਦੁੱਖ ਹੋ ਰਿਹਾ ਹੈ ਕਿ ਅਸੀਂ ਪੂਰੀ ਤਰ੍ਹਾਂ ਨਿਰਾਸ਼ ਹੋਏ ਹਾਂ, ਕਿਉਂਕਿ ਤੁਹਾਡੇ ਵੱਲੋਂ ਐਲਾਨੀ ਗਈ ਰਾਹਤ ਇੰਨੀ ਤਬਾਹੀ ਲਈ ਬਹੁਤ ਘੱਟ ਸੀ ਇਸ ਦੇ ਨਾਲ ਹੀ ਆਓ ਜਾਣਦੇ ਹਾਂ ਅੱਜ ਦੀਆਂ ਟਾਪ-10 ਖ਼ਬਰਾਂ ਬਾਰੇ... ਪੰਜਾਬ ’ਚ ਆਏ ਹੜ੍ਹਾਂ ਦੌਰਾਨ ਸ਼?ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੀਤੀ ਜਾ ਰਹੀ ਕਾਰ ਸੇਵਾ ਨੂੰ ਲੈ ਕੇ ਵਿਵਾਦ ਛਿੜ ਗਿਆ ਹੈ। ਜਿਸ ਨੂੰ ਲੈ ਕੇ ਸ਼?ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਪ੍ਰੈੱਸ ਕਾਨਫਰੰਸ ਕਰਦਿਆਂ ਸਪੱਸ਼ਟ ਕੀਤਾ ਕਿ ਸ਼?ਰੋਮਣੀ ਕਮੇਟੀ ਦੀਆਂ ਸੇਵਾਵਾਂ ਪੂਰੀ ਤਰ੍ਹਾਂ ਪਾਰਦਰਸ਼ੀ ਹਨ ਅਤੇ ਕਿਸੇ ਵੀ ਤਰ੍ਹਾਂ ਦੀ ਗਲਤਫ਼ਹਿਮੀ ਫੈਲਾਉਣ ਦੀ ਲੋੜ ਨਹੀਂ। ਉਨ੍ਹਾਂ ਕਿਹਾ ਸਿੱਖਾਂ ਦੀ ਸਿਰਮੌਰ ਸੰਸਥਾ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਉਨ੍ਹਾਂ ਕਿਹਾ ਸ਼?ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪੰਜਾਬ ਅਤੇ ਪੰਜਾਬੀਆਂ ਨਾਲ ਖੜ੍ਹੀ ਹੈ। ਉਨ੍ਹਾਂ ਕਿਹਾ ਹੜ੍ਹਾਂ ਦੌਰਾਨ ਸੇਵਾ ਕਰਦਿਆਂ ਇਹ ਨਹੀਂ ਦੇਖਿਆ ਜਾਂਦਾ ਕਿ ਸਾਹਮਣੇ ਆਉਣ ਵਾਲਾ ਸਿੱਖ ਹੈ, ਮੁਸਲਿਮ ਹੈ ਜਾਂ ਇਸਾਈ, ਕਿਉਂਕਿ ਸੇਵਾ ਗੁਰੂ ਸਾਹਿਬ ਦੀ ਰਹਿਮਤ ਨਾਲ ਹੀ ਹੋ ਰਹੀ ਹੈ।

# ਸਮੇਂ ਸਿਰ ਪੂਰੀਆਂ ਹੋਣੀਆਂ ਚਾਹੀਦੀਆਂ ਹਨ ਰਿਹਾਇਸ਼ੀ ਯੋਜਨਾਵਾਂ: ਸੁਪਰੀਮ ਕੋਰਟ

ਨੈਸ਼ਨਲ ਡੈਸਕ 16 ਸਤੰਬਰ। ਸੁਪਰੀਮ ਕੋਰਟ ਨੇ ਕੇਂਦਰ ਨੂੰ ਘਰ ਖਰੀਦਦਾਰਾਂ ਦੇ ਹਿੱਤਾਂ ਦੀ ਰੱਖਿਆ ਲਈ ਸੰਕਟਗ੍ਰਸਤ ਪ੍ਰਾਜੈਕਟਾਂ ਲਈ ਇਕ ਮੁੜ-ਸੁਰਜੀਤੀ ਫੰਡ ਬਣਾਉਣ ’ਤੇ ਵਿਚਾਰ ਕਰਨ ਲਈ ਕਿਹਾ ਹੈ। ਅਦਾਲਤ ਨੇ ਟੈਕਸ ਦੇਣ ਵਾਲੇ ਮੱਧ ਵਰਗ ਦੇ ਨਾਗਰਿਕਾਂ ਦੀਆਂ ਪ੍ਰੇਸ਼ਾਨੀਆਂ ਦਾ ਜਿਕਰ ਕਰਦੇ ਹੋਏ ਕਿਹਾ ਕਿ ਇਸ ਵਿਚ ਉਨ੍ਹਾਂ ’ਚੋਂ ਬਹੁਤਿਆਂ ਲਈ ਘਰ ਦਾ ਸੁਪਨਾ ਅਧੂਰਾ ਰਹਿ ਗਿਆ ਹੈ। ਜਸਟਿਸ ਜੇ. ਬੀ. ਪਾਰਦੀਵਾਲਾ ਅਤੇ ਜਸਟਿਸ ਆਰ. ਮਹਾਦੇਵਨ ਦੀ ਬੈਂਚ ਨੇ ਕਿਹਾ ਕਿ ਇਹ ਸਰਕਾਰ ਦੀ ਸੰਵਿਧਾਨਕ ਜ਼ਿੰਮੇਵਾਰੀ ਹੈ ਕਿ ਉਹ ਇਕ ਅਜਿਹਾ ਢਾਂਚਾ ਬਣਾਵੇ ਅਤੇ ਉਸ ਨੂੰ ਸਖ਼ਤੀ ਨਾਲ ਲਾਗੂ ਕਰੇ ਜਿੱਥੇ ਕਿਸੇ ਵੀ ਡਿਵੈੱਲਪਰ ਨੂੰ ਘਰ ਖਰੀਦਦਾਰਾਂ ਦੇ ਨਾਲ ਧੋਖਾਦੇਹੀ ਜਾਂ ਸ਼ੋਸ਼ਣ ਕਰਨ ਦੀ ਇਜਾਜ਼ਤ ਨਾ ਹੋਵੇ। ਬੈਂਚ ਨੇ ਕਿਹਾ ਕਿ ਦੇਸ਼ ਦੀ ਸ਼ਹਿਰੀ ਨੀਤੀ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਰਿਹਾਇਸ਼ੀ



ਪ੍ਰਾਜੈਕਟ ਸਮੇਂ ਸਿਰ ਪੂਰੇ ਹੋਣ। ਬੈਂਚ ਨੇ ਕਿਹਾ ਕਿ ਕੇਂਦਰ ਰਾਸ਼ਟਰੀ ਸੰਪਤੀ ਮੁੜ-ਨਿਰਮਾਣ ਕੰਪਨੀ ਲਿਮਟਿਡ (ਐੱਨ. ਏ. ਆਰ. ਸੀ. ਐੱਲ.) ਜਾਂ ਹੋਰਨਾਂ ਦੀ ਤਰਜ਼ ’ਤੇ ਰੀਅਲ ਅਸਟੇਟ ਅਤੇ ਨਿਰਮਾਣ ਕੇਂਦ੍ਰਿਤ ਜਨਤਕ ਖੇਤਰ ਦੇ ਅਦਾਰਿਆਂ ਦੁਆਰਾ ਜਾਂ ਜਨਤਕ-ਨਿੱਜੀ ਭਾਈਵਾਲੀ ਰਾਹੀਂ ਇਕ ਅਥਾਰਿਟੀ ਦੀ ਸਥਾਪਤੀ ’ਤੇ ਵੀ ਵਿਚਾਰ ਕਰ ਸਕਦਾ ਹੈ। ਅਦਾਲਤ ਨੇ ਕਿਹਾ ਕਿ ਕੁਝ ਮਾਮਲਿਆਂ ਵਿਚ ਪੂਰਾ ਜਾਂ ਲੋੜੀਂਦਾ ਭੁਗਤਾਨ ਕਰਨ ਦੇ ਬਾਵਜੂਦ ਉਸਾਰੀ ਸ਼ੁਰੂ ਵੀ ਨਹੀਂ ਹੋਈ ਹੈ ਅਤੇ ਵੱਡਾ ਭੁਗਤਾਨ ਕਰਨ ਦੇ ਬਾਵਜੂਦ ਘਰ ਨਾ ਹੋਣ ਦੀ ਚਿੰਤਾ ਸਿਹਤ, ਉਤਪਾਦਕਤਾ ਅਤੇ ਸਨਮਾਨ ’ਤੇ ਗੰਭੀਰ ਅਸਰ ਪਾਉਂਦੀ ਹੈ। ਸੁਪਰੀਮ ਕੋਰਟ ਨੇ ਇਹ ਵੀ ਕਿਹਾ ਕਿ ਇਹ ਜ਼ਰੂਰੀ ਹੈ ਕਿ ਰੇਰਾ ਅਥਾਰਿਟੀ “ਦੰਦਾਂ ਵਿਹੂਣਾ ਸ਼ੇਰ” ਨਾ ਬਣ ਜਾਵੇ ਅਤੇ ਉਨ੍ਹਾਂ ਨੂੰ ਢੁੱਕਵੇਂ ਬੁਨਿਆਦੀ ਢਾਂਚੇ, ਮਜ਼ਬੂਤ ਟ੍ਰਿਬਿਊਨਲਾਂ ਅਤੇ ਪ੍ਰਭਾਵੀ ਤਬਦੀਲੀ ਤੰਤਰਾਂ ਨਾਲ ਲੈਸ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਨੇ ਕਿਹਾ ਕਿ ਰੇਰਾ ਦੇ ਹੁਕਮਾਂ ਨੂੰ ਅੱਖਰ-ਬ-ਅੱਖਰ ਜਲਦੀ ਨਾਲ ਲਾਗੂ ਕਰਨਾ ਚਾਹੀਦਾ ਹੈ। ਇਹ ਟਿੱਪਣੀ ਕਰਦੇ ਹੋਏ ਕਿ ਸਰਕਾਰ “ਮੂਕਦਰਸ਼ਕ” ਬਣੀ ਨਹੀਂ ਰਹਿ ਸਕਦੀ, ਬੈਂਚ ਨੇ ਕਿਹਾ ਕਿ ਸਰਕਾਰ ਸੰਵਿਧਾਨਕ ਤੌਰ ’ਤੇ ਘਰ ਖਰੀਦਦਾਰਾਂ ਅਤੇ ਸਮੁੱਚੀ ਅਰਥਵਿਵਸਥਾ ਦੇ ਹਿੱਤਾਂ ਦੀ ਰੱਖਿਆ ਕਰਨ ਲਈ ਪਾਬੰਦ ਹੈ।

## ਸਰਕਾਰੀ ਅਫ਼ਸਰ ਬਣ ਬ੍ਰਿਟਿਸ਼ ਨਾਗਰਿਕਾਂ ਨੂੰ ਬਣਾਉਂਦੇ ਸੀ ਨਿਸ਼ਾਨਾ !

ਨੈਸ਼ਨਲ ਡੈਸਕ 16 ਸਤੰਬਰ। ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਨੇ ਮਹਾਰਾਸ਼ਟਰ ਦੇ ਨਾਸਿਕ ਵਿੱਚ ਦੋ ਗੈਰ-ਕਾਨੂੰਨੀ ਕਾਲ ਸੈਂਟਰਾਂ ਦਾ ਪਰਦਾਫਾਸ਼ ਕੀਤਾ ਹੈ ਅਤੇ ਬੀਮਾ ਏਜੰਟਾਂ ਅਤੇ ਸਰਕਾਰੀ ਅਧਿਕਾਰੀਆਂ ਦੇ ਰੂਪ ਵਿੱਚ ਪੇਸ਼ ਹੋ ਕੇ ਯੂ.ਕੇ. ਦੇ ਨਾਗਰਿਕਾਂ ਨਾਲ ਧੋਖਾਧੜੀ ਕਰਨ ਦੇ ਦੋਸ਼ ਵਿੱਚ ਦੋ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ। ਏਜੰਸੀ ਵੱਲੋਂ ਜਾਰੀ ਕੀਤੇ ਗਏ ਇਕ ਬਿਆਨ ਅਨੁਸਾਰ ਸੀ.ਬੀ.ਆਈ. ਨੇ 11 ਸਤੰਬਰ, 2025 ਨੂੰ ਚਾਰ ਵਿਅਕਤੀਆਂ, ਅਣਪਛਾਤੇ ਸਰਕਾਰੀ ਸੇਵਕਾਂ ਅਤੇ ਹੋਰਾਂ ਦੇ ਖਿਲਾਫ ਇੱਕ ਕੇਸ ਦਰਜ ਕੀਤਾ ਸੀ, ਜਿਸ ਵਿੱਚ ਦੋਸ਼ ਲਗਾਇਆ ਗਿਆ ਸੀ ਕਿ ਮੁਲਜ਼ਮ ਨਾਸਿਕ ਵਿੱਚ ਦੋ ਗੈਰ-ਕਾਨੂੰਨੀ ਕਾਲ ਸੈਂਟਰ ਚਲਾ ਰਹੇ ਸਨ ਤਾਂ ਜੋ ਬੀਮਾ ਏਜੰਟਾਂ ਅਤੇ ਸਰਕਾਰੀ ਅਧਿਕਾਰੀਆਂ ਦਾ ਰੂਪ ਧਾਰਨ ਕਰਕੇ ਯੂ.ਕੇ. ਨਾਗਰਿਕਾਂ ਨੂੰ ਧੋਖਾ ਦਿੱਤਾ ਜਾ ਸਕੇ। ਸੀ.ਬੀ.ਆਈ. ਨੇ ਕਿਹਾ ਕਿ ਇਨ੍ਹਾਂ ਕੇਂਦਰਾਂ ਵਿੱਚ ਲਗਭਗ 60 ਲੋਕ ਕੰਮ ਕਰਦੇ ਸਨ, ਜਿਨ੍ਹਾਂ ਨੇ ਕਥਿਤ ਤੌਰ ’ਤੇ ਵੀ.ਓ.ਆਈ.ਪੀ., ਜਾਅਲੀ ਨੰਬਰਾਂ ਅਤੇ ਜਾਅਲੀ ਦਸਤਾਵੇਜ਼ਾਂ ਦੀ ਵਰਤੋਂ ਪੀੜਤਾਂ ਨੂੰ ਕ੍ਰੈਡਿਟ/ਡੈਬਿਟ ਕਾਰਡ ਵੇਰਵੇ ਸਾਂਝੇ ਕਰਨ ਅਤੇ ਗੈਰ-ਮੌਜੂਦ ਬੀਮਾ ਪਾਲਿਸੀਆਂ ਲਈ ਭੁਗਤਾਨ ਕਰਨ ਲਈ ਧੋਖਾ ਦਿੱਤਾ। ਸੀ.ਬੀ.ਆਈ. ਦੁਆਰਾ ਨਾਸਿਕ ਅਤੇ ਕਲਿਆਣ (ਠਾਣੇ) ਵਿੱਚ ਵੱਖ-ਵੱਖ ਥਾਵਾਂ ’ਤੇ ਤਲਾਸ਼ੀ ਲਈ ਗਈ, ਜਿਸ ਨਾਲ ਪੀੜਤ ਡੇਟਾ, ਜਾਅਲੀ ਬੀਮਾ ਪਾਲਿਸੀ ਸਕ੍ਰਿਪਟਾਂ, 8 ਮੋਬਾਈਲ ਫੋਨ, 8 ਕੰਪਿਊਟਰ ਸਿਸਟਮ/ਸਰਵਰ ਅਤੇ 5 ਲੱਖ ਰੁਪਏ ਦੀ ਬੇਨਾਮੀ ਨਕਦੀ ਸਮੇਤ ਦੋਸ਼ੀ ਡਿਜੀਟਲ ਸਬੂਤ ਬਰਾਮਦ ਕੀਤੇ ਗਏ। ਸੀ.ਬੀ.ਆਈ. ਨੇ ਕਿਹਾ ਕਿ ਅਪਰਾਧ ਦੀ ਕਮਾਈ ਪੇਪਾਲ ਅਤੇ ਬੈਂਕਿੰਗ ਚੈਨਲਾਂ ਰਾਹੀਂ ਭੇਜੀ ਗਈ ਸੀ, ਜਿਨ੍ਹਾਂ ਦੇ ਖਾਤਿਆਂ ਦਾ ਪ੍ਰਬੰਧਨ ਮੁਲਜ਼ਮਾਂ ਦੁਆਰਾ ਕੀਤਾ ਜਾਂਦਾ ਸੀ। ਇਸ ਮਾਮਲੇ ’ਚ ਦੋ ਮੁਲਜ਼ਮਾਂ, ਜਿਨ੍ਹਾਂ ਦੀ ਪਛਾਣ ਗਣੇਸ਼ ਅਤੇ ਸ਼ਿਆਮ ਕਮਾਂਕਰ ਵਜੋਂ ਕੀਤੀ ਗਈ ਹੈ, ਨੂੰ 13 ਸਤੰਬਰ, 2025 ਨੂੰ ਕਾਨੂੰਨੀ ਰਸਮਾਂ ਪੂਰੀਆਂ ਕਰਨ ਤੋਂ ਬਾਅਦ ਗ੍ਰਿਫ਼ਤਾਰ ਕਰ ਲਿਆ ਗਿਆ ਸੀ

# ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੂਰਬ ਮੌਕੇ ਪਾਕਿਸਤਾਨ ਨਹੀਂ ਜਾਣਗੇ ਸਿੱਖ ਸ਼ਰਧਾਲੂ, ਸਰਕਾਰ ਨੇ ਲਾਈ ਰੋਕ

ਕੌਮੀ ਪਤ੍ਰਿਕਾ
ਤੇਜਿੰਦਰ ਕੌਰ ਬੱਬਰ

ਨੈਸ਼ਨਲ ਡੈਸਕ 16 ਸਤੰਬਰ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੂਰਬ ਮੌਕੇ ਸ੍ਰੀ ਨਨਕਾਣਾ ਸਾਹਿਬ ਪਾਕਿਸਤਾਨ ਜਾਣ ਵਾਲੇ ਸਿੱਖ ਸ਼ਰਧਾਲੂਆਂ ਦਾ ਜੱਥਾ ਇਸ ਵਾਰ ਪਾਕਿਸਤਾਨ ਨਹੀਂ ਜਾਵੇਗਾ। ਭਾਰਤ ਸਰਕਾਰ ਵਲੋਂ ਸੁਰੱਖਿਆ ਦੇ ਕਾਰਨਾਂ ਦਾ ਹਵਾਲਾ ਦਿੰਦਿਆਂ ਇਸ ਜਥੇ ਨੂੰ ਭੇਜਣ ਉੱਤੇ ਰੋਕ ਲਗਾ ਦਿੱਤੀ ਹੈ। ਕੇਂਦਰ ਸਰਕਾਰ ਦੇ ਗ੍ਰਹਿ ਮੰਤਰਾਲੇ ਨੇ ਪੰਜਾਬ ਸਮੇਤ ਹੋਰ ਸੂਬਿਆਂ ਦੇ ਮੁੱਖ ਸਕੱਤਰਾਂ ਨੂੰ ਪੱਤਰ ਲਿਖ ਕੇ ਇਹ ਜਾਣਕਾਰੀ ਦਿੱਤੀ ਹੈ। ਜਿਸ ਵਿੱਚ ਦੋਵਾਂ ਦੇਸ਼ਾਂ ਦਰਮਿਆਨ ਤਣਾਅ ਅਤੇ ਸੁਰੱਖਿਆ ਕਾਰਨਾਂ ਦਾ ਹਵਾਲਾ ਦਿੱਤਾ ਗਿਆ ਹੈ। ਕੇਂਦਰੀ ਗ੍ਰਹਿ ਮੰਤਰਾਲੇ ਨੇ ਪੰਜਾਬ, ਹਰਿਆਣਾ, ਜੰਮੂ ਕਸ਼ਮੀਰ, ਦਿੱਲੀ, ਉੱਤਰ ਪ੍ਰਦੇਸ਼ ਅਤੇ ਉੱਤਰਾਖੰਡ ਦੀਆਂ ਸਰਕਾਰਾਂ ਦੇ ਮੁੱਖ ਸਕੱਤਰਾਂ ਨੂੰ ਪੱਤਰ ਭੇਜ ਕੇ ਪ੍ਰਕਾਸ਼ ਪੁਰਬ ਮੌਕੇ ਨਵੰਬਰ ਮਹੀਨੇ ਸਿੱਖ ਸ਼ਰਧਾਲੂਆਂ ਦਾ ਜੱਥਾ ਪਾਕਿਸਤਾਨ ਭੇਜਣ ’ਚ ਅਸਮਰੱਥਾ ਪ੍ਰਗਟਾਈ ਹੈ। ਭਾਰਤ ਦੇ ਗ੍ਰਹਿ ਵਿਭਾਗ ਵਲੋਂ ਜਾਰੀ ਕੀਤੇ ਗਏ ਪੱਤਰ ਵਿਚ ਕਿਹਾ ਗਿਆ ਹੈ ਕਿ ਮੌਜੂਦਾ ਸੁਰੱਖਿਆ ਦ੍ਰਿਸ਼ ਨੂੰ ਧਿਆਨ ਵਿੱਚ ਰੱਖਦੇ ਹੋਏ ਅਤੇ ਪਾਕਿਸਤਾਨ ਨਾਲ ਮੌਜੂਦਾ ਸਥਿਤੀ ਦੇ ਕਾਰਨ ਨਵੰਬਰ 2025 ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਸਿੱਖ



ਸ਼ਰਧਾਲੂਆਂ ਦਾ ਜਥਾ ਪਾਕਿਸਤਾਨ ਭੇਜਣਾ ਸੰਭਵ ਨਹੀਂ ਹੋਵੇਗਾ। ਉਨ੍ਹਾਂ ਨੇ ਪੱਤਰ ਵਿੱਚ ਸ਼ਾਮਲ ਸਾਰੇ ਸੂਬਿਆਂ ਦੇ ਮੁੱਖ ਸਕੱਤਰਾਂ ਨੂੰ ਕਿਹਾ ਕਿ ਉਹ ਆਪੋ-ਆਪਣੇ ਸੂਬਿਆਂ ਵਿੱਚ ਸਿੱਖ ਸੰਗਠਨਾਂ ਨੂੰ ਇਸ ਸਥਿਤੀ ਬਾਰੇ ਜਾਣੂ ਕਰਾਉਣ ਅਤੇ ਅਰਜ਼ੀਆਂ ਤੇ ਪਾਸਪੋਰਟ ਭੇਜਣ ਦੀ ਪ੍ਰਕਿਰਿਆ ਸ਼ੁਰੂ ਨਾ ਕੀਤੀ ਜਾਵੇ। ਦੱਸ ਦੇਈਏ ਕਿ ਸ਼?ਰੋਮਣੀ ਕਮੇਟੀ ਵੱਲੋਂ ਪੰਜਾਬ, ਹਰਿਆਣਾ, ਦਿੱਲੀ ਰਾਜਸਥਾਨ, ਗੁਜਰਾਤ, ਜੰਮੂ ਕਸ਼ਮੀਰ, ਉੱਤਰਾਖੰਡ, ਉੱਤਰ ਪ੍ਰਦੇਸ਼ ਸਮੇਤ ਹੋਰਨਾਂ ਸੂਬਿਆਂ ਤੋਂ ਹਰ ਸਾਲ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਸਿੱਖ ਸ਼ਰਧਾਲੂਆਂ ਦਾ ਜਥਾ ਪਾਕਿਸਤਾਨ ਸਥਿਤ ਗੁਰਧਾਮਾਂ ਦੇ ਦਰਸ਼ਨਾਂ ਲਈ ਭੇਜਿਆ ਜਾਂਦਾ ਹੈ। ਓਥੇ ਵੱਖ-ਵੱਖ ਗੁਰਧਾਮਾਂ ਦੇ ਦਰਸ਼ਨ ਕਰਨ ਉਪਰੰਤ ਸ਼ਰਧਾਲੂਆਂ ਦਾ ਇਹ ਜਥਾ ਵਾਪਸ ਭਾਰਤ ਪਰਤਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਅਸਥਾਨ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਸਮੇਤ ਗੁਰਦੁਆਰਾ ਜਨਮ ਅਸਥਾਨ ਸ੍ਰੀ ਗੁਰੂ ਰਾਮਦਾਸ ਜੀ ਚੂਨਾ ਮੰਡੀ ਲਾਹੌਰ, ਗੁਰਦੁਆਰਾ ਸ਼ਹੀਦੀ ਅਸਥਾਨ ਸ੍ਰੀ ਗੁਰੂ ਅਰਜਨ ਦੇਵ ਜੀ, ਗੁਰਦੁਆਰਾ ਸ੍ਰੀ ਪੰਜਾ ਸਾਹਿਬ ਹਸਨ ਅਬਦਾਲ ਰਾਵਲਪਿੰਡੀ, ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਕਰਤਾਰਪੁਰ ਸਾਹਿਬ ਨਾਰੋਵਾਲ, ਗੁਰਦੁਆਰਾ ਸੱਚਾ ਸੌਦਾ ਚੂੜਕਾਣਾ ਤੇ ਗੁਰਦੁਆਰਾ ਰੋੜੀ ਸਾਹਿਬ ਫਾਰੂਕਾਬਾਦ ਦੇ ਦਰਸ਼ਨਾਂ ਨੂੰ ਜਾਣ ਵਾਲੀਆਂ ਸਿੱਖ ਸੰਗਤਾਂ ਇਸ ਵਾਰ ਪਾਕਿਸਤਾਨ ਵਿਚਲੇ ਵਿਛੜੇ ਗੁਰਧਾਮਾਂ ਦੇ ਦਰਸ਼ਨਾਂ ਤੋਂ ਵਾਂਝੇ ਰਹਿਣਗੀਆਂ। ਇਥੇ ਇਹ ਦੱਸਣਾ ਬਣਦਾ ਹੈ ਕਿ ਪਹਿਲਗਾਮ ਵਿੱਚ ਅੱਤਵਾਦੀ ਹਮਲੇ ਮਗਰੋਂ ਭਾਰਤ ਨੇ ਪਾਕਿਸਤਾਨ ਨਾਲ ਕੂਟਨੀਤਕ ਅਤੇ ਹੋਰ ਸਬੰਧ ਤੋੜ ਲਏ ਸਨ। ਇਸ ਦੇ ਮੱਦੇਨਜ਼ਰ ਅਟਾਰੀ ਸਰਹੱਦ ਨੂੰ ਦੁਵੱਲੇ ਵਪਾਰ ਅਤੇ ਆਵਾਜਾਈ ਵਾਸਤੇ ਬੰਦ ਕਰ ਦਿੱਤਾ ਗਿਆ ਸੀ। ਇਸ ਦੌਰਾਨ ਦੋਵਾਂ ਦੇਸ਼ਾਂ ਵਿਚਾਲੇ ਜੰਗੀ ਹਾਲਾਤ ਵੀ ਬਣ ਗਏ ਸਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਬੁਲਾਰੇ ਨੇ ਦੱਸਿਆ ਕਿ ਕੇਂਦਰ ਸਰਕਾਰ ਵੱਲੋਂ ਸਿੱਖ ਸ਼ਰਧਾਲੂਆਂ ਨੂੰ ਪਾਕਿਸਤਾਨ ਨਾ ਭੇਜੇ ਜਾਣ ਸਬੰਧੀ ਫਿਲਹਾਲ ਸਿੱਖ ਸੰਸਥਾ ਨੂੰ ਕੋਈ ਪੱਤਰ ਨਹੀਂ ਮਿਲਿਆ। ਇਹ ਪੱਤਰ ਸੂਬਾ ਸਰਕਾਰ ਨੂੰ ਭੇਜਿਆ ਗਿਆ ਹੈ ਅਤੇ ਉਸ ਵੱਲੋਂ ਹੀ ਇਸ ਬਾਰੇ ਸੂਚਿਤ ਕੀਤਾ ਜਾਵੇਗਾ।

# ਅੰਤ੍ਰਿੰਗ ਕਮੇਟੀ ਨੇ ਹੜ੍ਹ ਪੀੜਤਾਂ ਦੀ ਸਹਾਇਤਾ ਲਈ ਮੁੱਢਲੇ ਤੌਰ 'ਤੇ 20 ਕਰੋੜ ਰੁਪਏ ਰਾਖਵੇਂ ਰੱਖਣ ਦਾ ਕੀਤਾ ਫੈਸਲਾ

**ਕੌਮੀ ਪਤ੍ਰਿਕਾ**

ਅੰਮ੍ਰਿਤਸਰ, 16 ਸਤੰਬਰ: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠ ਅੰਤ੍ਰਿੰਗ ਕਮੇਟੀ ਦੀ ਅੱਜ ਹੋਈ ਇਕੱਤਰਤਾ 'ਚ ਹੜ੍ਹ ਪੀੜਤਾਂ ਦੀ ਸਹਾਇਤਾ ਲਈ ਮੁੱਢਲੇ ਤੌਰ 'ਤੇ 20 ਕਰੋੜ ਰੁਪਏ ਰਾਖਵੇਂ ਰੱਖਣ ਦਾ ਫੈਸਲਾ ਕਰਦਿਆਂ ਪ੍ਰਭਾਵਿਤ ਲੋਕਾਂ ਵਾਸਤੇ ਵੱਖ-ਵੱਖ ਖੇਤਰਾਂ ਲਈ ਵੱਡੇ ਫੈਸਲੇ ਕੀਤੇ ਗਏ। ਇਕੱਤਰਤਾ ਮਗਰੋਂ ਮੀਡੀਆ ਨਾਲ ਗੱਲ ਕਰਦਿਆਂ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਪੰਜਾਬ ਅੰਦਰ ਹੜ੍ਹਾਂ ਕਾਰਨ ਲੋਕਾਂ ਦਾ ਵੱਡਾ ਨੁਕਸਾਨ ਹੋਇਆ ਹੈ। ਇਸ ਨਾਲ ਜਿਥੇ ਕਿਸਾਨਾਂ ਦੀਆਂ ਫਸਲਾਂ ਬਰਬਾਦ ਹੋਈਆਂ ਹਨ, ਉਥੇ ਹੀ ਜ਼ਮੀਨਾਂ ਵਿਚ ਆਈ ਰੇਤ ਨੇ ਵੀ ਕਿਸਾਨਾਂ ਲਈ ਵੱਡੀ ਮੁਸੀਬਤ ਖੜ੍ਹੀ ਕੀਤੀ ਹੈ। ਪ੍ਰਭਾਵਿਤ ਪਿੰਡਾਂ ਦੇ ਗੁਰੂ-ਘਰਾਂ ਦਾ ਵੀ ਨੁਕਸਾਨ ਹੋਇਆ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਹੜ੍ਹ ਆਉਣ ਦੇ ਦਿਨਾਂ ਤੋਂ ਲੈ ਕੇ ਪ੍ਰਭਾਵਿਤ ਇਲਾਕਿਆਂ ਵਿਚ ਨਿਰੰਤਰ ਕਾਰਜਸ਼ੀਲ ਰਹੀ ਹੈ ਅਤੇ ਅੱਜ ਦੀ ਇਕੱਤਰਤਾ ਵਿਚ ਹੜ੍ਹ ਪ੍ਰਭਾਵਿਤ ਇਲਾਕਿਆਂ ਸਬੰਧੀ ਵਿਚਾਰ ਚਰਚਾ ਮਗਰੋਂ ਸ਼੍ਰੋਮਣੀ ਕਮੇਟੀ ਵੱਲੋਂ ਮੁੱਢਲੇ ਤੌਰ 'ਤੇ 20 ਕਰੋੜ ਰੁਪਏ ਰਾਖਵੇਂ ਰੱਖਣ ਦਾ ਫੈਸਲਾ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਹੜ੍ਹਾਂ ਤੋਂ ਪ੍ਰਭਾਵਿਤ ਕਿਸਾਨਾਂ ਲਈ ਸਭ ਤੋਂ ਵੱਡੀ ਸਮੱਸਿਆ ਖੇਤਾਂ ਨੂੰ ਪੱਧਰਾ ਕਰਕੇ ਬਿਜਾਈ ਯੋਗ ਬਣਾਉਣਾ ਹੈ, ਜਿਸ ਵਾਸਤੇ ਸ਼?ਰੋਮਣੀ ਕਮੇਟੀ 8 ਲੱਖ ਲੀਟਰ ਡੀਜ਼ਲ ਲੋੜਵੰਦਾਂ ਨੂੰ ਦੇਵੇਗੀ। ਇਸ ਦੇ ਨਾਲ ਹੀ 10 ਏਕੜ ਤੋਂ ਘੱਟ ਜ਼ਮੀਨ ਵਾਲੇ ਕਿਸਾਨਾਂ ਨੂੰ ਚੰਗੀ ਕੁਆਲਟੀ ਦਾ ਕਣਕ ਦਾ ਬੀਜ ਵੀ ਦਿੱਤਾ ਜਾਵੇਗਾ। ਐਡਵੋਕੇਟ ਧਾਮੀ ਨੇ ਕਿਹਾ ਕਿ ਹੜ੍ਹਾਂ ਨਾਲ ਪ੍ਰਭਾਵਿਤ ਹੋਏ ਗੁਰਦੁਆਰਾ ਸਾਹਿਬਾਨ ਨੂੰ ਵੀ 50-50 ਹਜ਼ਾਰ ਰੁਪਏ ਦੀ ਸਹਾਇਤਾ ਦਿੱਤੀ ਜਾਵੇਗੀ। ਇਸ ਦੇ ਨਾਲ ਹੀ ਜਿਨ੍ਹਾਂ ਬੱਚਿਆਂ ਦੀਆਂ ਕਿਤਾਬਾਂ ਖਰਾਬ ਹੋਈਆਂ ਹਨ, ਉਨ੍ਹਾਂ ਜ਼ਰੂਰਤਮੰਦ ਬੱਚਿਆਂ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਮੁਫ਼ਤ ਕਿਤਾਬਾਂ ਦਿੱਤੀਆਂ ਜਾਣਗੀਆਂ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਹੜ੍ਹ ਪ੍ਰਭਾਵਿਤ ਇਲਾਕਿਆਂ ਵਿਚ ਸ਼੍ਰੋਮਣੀ ਕਮੇਟੀ ਵੱਲੋਂ ਪਹਿਲਾਂ ਤੋਂ ਮੈਡੀਕਲ ਟੀਮਾਂ ਲੋਕਾਂ ਦੀ ਸਹਾਇਤਾ ਕਰ ਰਹੀਆਂ ਹਨ, ਹੁਣ ਪਾਣੀ ਉਤਰਨ ਤੋਂ ਬਾਅਦ ਵਧ ਰਹੀਆਂ ਸਮੱਸਿਆਵਾਂ ਦੇ ਮੱਦੇਨਜ਼ਰ ਸ੍ਰੀ ਗੁਰੂ ਰਾਮਦਾਸ ਮੈਡੀਕਲ ਕਾਲਜ ਤੋਂ 50 ਮੈਡੀਕਲ ਵੈਨਾਂ ਇਨ੍ਹਾਂ ਇਲਾਕਿਆਂ ਵਿਚ ਤਾਇਨਾਤ ਕੀਤੀਆਂ ਜਾਣਗੀਆਂ। ਉਨ੍ਹਾਂ ਇਹ ਵੀ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਲੰਗਰ ਅਤੇ ਲੋੜਵੰਦਾਂ ਨੂੰ ਰਾਸ਼ਨ ਦੇਣ ਦਾ ਕਾਰਜ ਪਹਿਲੇ ਦੀ ਤਰ੍ਹਾਂ ਨਿਰੰਤਰ ਜਾਰੀ ਰੱਖਿਆ ਜਾਵੇਗਾ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਕਿਸਾਨਾਂ ਨੂੰ ਦਿੱਤੇ ਜਾਣ ਵਾਲੇ ਡੀਜ਼ਲ ਤੋਂ ਵੈਟ ਖ਼ਤਮ ਕੀਤਾ ਜਾਵੇ, ਤਾਂ ਜੋ ਲੋਕਾਂ ਦੀ ਵੱਧ ਤੋਂ ਵੱਧ ਸਹਾਇਤਾ ਹੋ ਸਕੇ। ਉਨ੍ਹਾਂ ਸੰਗਤਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਕੀਤੇ ਜਾ ਰਹੇ ਰਾਹਤ ਕਾਰਜ ਗੁਰੂ ਕੀ ਗੋਲਕ ਅਤੇ ਸੰਗਤਾਂ ਦੇ ਸਹਿਯੋਗ ਨਾਲ ਹੋ ਰਹੇ ਹਨ। ਇਸ ਲਈ ਸੰਗਤਾਂ ਖੁਲ੍ਹਦਿਲੀ ਨਾਲ ਇਨ੍ਹਾਂ ਕਾਰਜਾਂ ਵਿਚ ਯੋਗਦਾਨ ਪਾਉਣ। ਇਸੇ ਦੌਰਾਨ ਸ਼੍ਰੋਮਣੀ ਕਮੇਟੀ ਦੇ ਸਾਬਕਾ ਮੁਲਾਜ਼ਮਾਂ ਦੀ ਜਥੇਬੰਦੀ ਵੱਲੋਂ ਹੜ੍ਹ ਪੀੜਤਾਂ ਲਈ 1 ਲੱਖ 1 ਹਜ਼ਾਰ ਰੁਪਏ ਦਾ ਚੈੱਕ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ਸੌਂਪਿਆ। ਅੰਤ੍ਰਿੰਗ ਕਮੇਟੀ ਵਿਚ ਬੀਤੇ ਦਿਨੀਂ ਅਕਾਲ ਚਲਾਣਾ ਕਰ ਗਏ ਬਾਬਾ ਬਲਜਿੰਦਰ ਸਿੰਘ ਰਾੜਾ ਸਾਹਿਬ ਵਾਲਿਆਂ ਦੇ ਨਾਲ-ਨਾਲ ਹੜ੍ਹਾਂ ਵਿਚ ਚਲਾਣਾ ਕਰ ਜਾਣ ਵਾਲਿਆਂ ਪ੍ਰਤੀ ਸ਼ੋਕ ਮਤਾ ਕਰਕੇ ਸ਼ਰਧਾਂਜਲੀ ਭੇਟ ਕੀਤੀ ਗਈ। ਸ਼?ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਤੋਂ ਇਲਾਵਾ ਸੀਨੀਅਰ ਮੀਤ ਪ੍ਰਧਾਨ ਸ. ਰਘੂਜੀਤ ਸਿੰਘ ਵਿਰਕ, ਜੂਨੀਅਰ ਮੀਤ ਪ੍ਰਧਾਨ ਸ. ਬਲਦੇਵ ਸਿੰਘ ਕਲਿਆਣ, ਜਨਰਲ ਸਕੱਤਰ ਸ. ਸ਼ੇਰ ਸਿੰਘ ਮੰਡਵਾਲਾ, ਅੰਤ੍ਰਿੰਗ ਕਮੇਟੀ ਮੈਂਬਰ ਸ. ਅਮਰੀਕ ਸਿੰਘ ਵਿਛੋਆ, ਸ. ਸੁਰਜੀਤ ਸਿੰਘ ਤੁਗਲਵਾਲ, ਸ. ਪਰਮਜੀਤ ਸਿੰਘ ਖ਼ਾਲਸਾ, ਸ. ਸੁਰਜੀਤ ਸਿੰਘ ਗੜ੍ਹੀ, ਸ. ਬਲਦੇਵ ਸਿੰਘ ਕਾਇਮਪੁਰ, ਸ. ਦਲਜੀਤ ਸਿੰਘ ਭਿੰਡਰ, ਸ. ਸੁਖਹਰਪ੍ਰੀਤ ਸਿੰਘ ਰੋਡੇ, ਸ. ਰਵਿੰਦਰ ਸਿੰਘ ਖ਼ਾਲਸਾ, ਸ. ਜਸਵੰਤ ਸਿੰਘ ਪੁੜੈਣ, ਸ. ਪਰਮਜੀਤ ਸਿੰਘ ਰਾਏਪੁਰ, ਮੈਂਬਰ ਸ. ਗੁਰਮੀਤ ਸਿੰਘ ਬੂਹ, ਸ. ਭਗਵੰਤ ਸਿੰਘ ਸਿਆਲਕਾ, ਸ. ਅਵਤਾਰ ਸਿੰਘ ਰਿਆ, ਬੀਬੀ ਗੁਰਿੰਦਰ ਕੌਰ, ਬੀਬੀ ਗੁਰਪ੍ਰੀਤ ਕੌਰ, ਓਐਸਡੀ ਸ. ਸਤਬੀਰ ਸਿੰਘ ਧਾਮੀ, ਸਕੱਤਰ ਸ. ਪ੍ਰਤਾਪ ਸਿੰਘ, ਸ. ਸੁਖਮਿੰਦਰ ਸਿੰਘ, ਵਧੀਕ ਸਕੱਤਰ ਸ. ਗੁਰਿੰਦਰ ਸਿੰਘ ਮਥਰੇਵਾਲ, ਨਿੱਜੀ ਸਕੱਤਰ ਸ. ਸ਼ਾਹਬਾਜ਼ ਸਿੰਘ, ਜਨਰਲ ਮੈਨੇਜਰ ਸ. ਭਗਵੰਤ ਸਿੰਘ ਧੰਗੇੜਾ, ਮੀਤ ਸਕੱਤਰ ਸ. ਬਲਵਿੰਦਰ ਸਿੰਘ ਖੈਰਾਬਾਦ, ਸ. ਹਰਭਜਨ ਸਿੰਘ ਵਕਤਾ, ਕਾਨੂੰਨੀ ਸਲਾਹਕਾਰ ਸ. ਅਮਨਬੀਰ ਸਿੰਘ ਸਿਆਲੀ ਆਦਿ ਸ਼ਾਮਲ ਹਨ।

## ਅਸਾਮ ਤੋਂ ਆਰੰਭ ਹੋਇਆ ਨਗਰ ਕੀਰਤਨ ਗੁਰੂ ਕਾ ਤਾਲ ਆਗਰਾ ਤੋਂ ਅਗਲੇ ਪੜਾਅ ਗਵਾਲੀਅਰ ਲਈ ਰਵਾਨਾ

ਅੰਮ੍ਰਿਤਸਰ, 16 ਸਤੰਬਰ: ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਸਾਕੇ ਦੀ 350 ਸਾਲਾ ਸ਼ਤਾਬਦੀ ਦੇ ਸਬੰਧ ਵਿਚ ਸ਼?ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਆਸਾਮ ਤੋਂ ਆਰੰਭ ਹੋਇਆ ਸ਼ਹੀਦੀ ਨਗਰ ਕੀਰਤਨ ਅੱਜ ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ ਗੁਰੂ ਕਾ ਤਾਲ ਆਗਰਾ ਤੋਂ ਗੁਰਦੁਆਰਾ ਦਾਤਾ ਬੰਦੀ ਛੋੜ ਸਾਹਿਬ ਗਵਾਲੀਅਰ ਲਈ ਰਵਾਨਾ ਹੋਇਆ। ਨਗਰ ਕੀਰਤਨ ਦੀ ਰਵਾਨਗੀ ਤੋਂ ਪਹਿਲਾਂ ਧਾਰਮਿਕ ਦੀਵਾਨ ਸਜਾਏ ਗਏ, ਜਿਸ ਵਿਚ ਰਾਗੀ ਜਥਿਆਂ ਨੇ ਗੁਰਬਾਣੀ ਕੀਰਤਨ ਕੀਤਾ ਅਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਕੇਵਲ ਸਿੰਘ ਨੇ ਗੁਰਮਤਿ ਵਿਚਾਰਾਂ ਕੀਤੀਆਂ। ਉਨ੍ਹਾਂ ਨੌਵੇਂ ਪਾਤਸ਼ਾਹ ਜੀ ਦੇ ਜੀਵਨ ਇਤਿਹਾਸ ਦੀ ਸਾਂਝ ਪਾਉਂਦਿਆਂ ਸੰਗਤਾਂ ਨੂੰ ਗੁਰਮਤਿ ਅਨੁਸਾਰੀ ਜੀਵਨ ਬਤੀਤ ਕਰਨ ਦੀ ਪ੍ਰੇਰਣਾ ਕੀਤੀ। ਇਸੇ ਦੌਰਾਨ ਹੈੱਡ ਪ੍ਰਚਾਰਕ ਭਾਈ ਸਰਬਜੀਤ ਸਿੰਘ ਢੋਟੀਆਂ ਨੇ ਵੀ ਸਮਾਗਮ ਦੌਰਾਨ ਕਥਾ ਵਿਚਾਰਾਂ ਕੀਤੀਆਂ। ਇਸ ਮੌਕੇ ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ ਗੁਰੂ ਕਾ ਤਾਲ ਆਗਰਾ ਦੇ ਪ੍ਰਬੰਧਕਾਂ ਵੱਲੋਂ ਪੰਜ ਪਿਆਰੇ ਸਾਹਿਬਾਨ, ਨਿਸ਼ਾਨਚੀ ਸਿੰਘਾਂ ਅਤੇ ਹਾਜਰ ਪ੍ਰਮੁੱਖ ਸ਼ਖ਼ਸੀਅਤਾਂ ਨੂੰ ਸਿਰੋਪਾਓ ਦਿੱਤੇ ਗਏ। ਇਹ ਨਗਰ ਕੀਰਤਨ ਵੱਖ-ਵੱਖ ਪੜਾਵਾਂ ਤੋਂ ਹੁੰਦਾ ਹੋਇਆ ਗੁਰਦੁਆਰਾ ਦਾਤਾ ਬੰਦੀ ਛੋੜ ਸਾਹਿਬ ਗਵਾਲੀਅਰ ਵਿਖੇ ਪੁੱਜਾ। ਰਸਤੇ 'ਚ ਸੰਗਤਾਂ ਵੱਲੋਂ ਨਗਰ ਕੀਰਤਨ ਦਾ ਭਰਵਾਂ ਸਵਾਗਤ ਕੀਤਾ ਗਿਆ। ਇਸ ਮੌਕੇ ਸ਼?ਰੋਮਣੀ ਕਮੇਟੀ ਦੇ ਮੀਤ ਸਕੱਤਰ ਸ. ਗੁਰਨਾਮ ਸਿੰਘ, ਇੰਚਾਰਜ ਸ. ਜਗਜੀਤ ਸਿੰਘ,ਗੁਰਦੁਆਰਾ ਦੂਖ ਨਿਵਾਰਨ ਸਾਹਿਬ ਗੁਰੂ ਕਾ ਤਾਲ ਸੇਵਕ ਜਥਾ ਦੇ ਮੁਖੀ ਬਾਬਾ ਪ੍ਰੀਤਮ ਸਿੰਘ, ਸ. ਜਸਪਾਲ ਸਿੰਘ ਬੰਟੀ ਤੋਂ ਵੱਡੀ ਗਿਣਤੀ ਸੰਗਤਾਂ ਹਾਜ਼ਰ ਸਨ।

## ਸ਼੍ਰੀ ਮੁਕਲ ਬਾਵਾ ਨੇ ਬਿਰਧ ਆਸ਼ਰਮ ਵਿਖੇ ਬਜ਼ੁਰਗਾਂ ਦਾ ਹਾਲ ਚਾਲ ਜਾਣਿਆ

ਸੰਗਰੂਰ, 16 ਸਤੰਬਰ: ਅੱਜ ਆਸ਼ਿਆਨਾ ਬਿਰਧ ਆਸ਼ਰਮ ਮਲੇਰਕੋਟਲਾ ਵਿਖੇ ਸਮਾਜਿਕ ਨਿਆ ਅਤੇ ਅਧਿਕਾਰਤਾ ਵਿਭਾਗ ਦੇ ਜਿਲਾ ਮੁਖੀ ਸ਼੍ਰੀ ਮੁਕਲ ਬਾਵਾ ਬਿਰਧ ਆਸ਼ਰਮ ਵਿੱਚ ਬੇਸਹਾਰਾ ਬਜ਼ੁਰਗਾਂ ਦਾ ਹਾਲ ਚਾਲ ਪੁੱਛਣ ਲਈ ਪਹੁੰਚੇ, ਉਹਨਾਂ ਨੇ ਇੱਥੇ ਆ ਕੇ ਬੇਸਹਾਰਾ ਬਜ਼ੁਰਗਾਂ ਨਾਲ ਗੱਲਾਂ ਬਾਤਾਂ ਕੀਤੀਆਂ ਅਤੇ ਉਹਨਾਂ ਦੇ ਦੁੱਖ ਦਰਦਾਂ ਤੇ ਪੁਰਾਣੇ ਪਿਛੋਕੜ ਜਿੰਦਗੀ ਬਾਰੇ ਉਹਨਾਂ ਨਾਲ ਗੱਲਾਂ ਕੀਤੀਆਂ, ਉਹਨਾਂ ਕਿਹਾ ਕਿ ਇੱਥੇ ਜਿਸ ਤਰ੍ਹਾਂ ਬੇਸਹਾਰਾ ਬਜ਼ੁਰਗਾਂ ਨੂੰ ਸੰਭਾਲਿਆ ਜਾ ਰਿਹਾ ਹੈ ਇਹ ਆਪਣੇ ਆਪ ਵਿੱਚ ਇੱਕ ਬਹੁਤ ਹੀ ਵਧੀਆ ਤੇ ਵਿਲੱਖਣ ਕੰਮ ਹੈ ,ਅਜਿਹਾ ਕਾਰਜ ਹਰ ਵਿਅਕਤੀ ਦੇ ਹਿੱਸੇ ਨਹੀਂ ਆਉਂਦਾ ਇਥੋਂ ਦੇ ਮੈਨੇਜਮੈਂਟ ਟੀਮ ਪ੍ਰਬੰਧਕ ਤੇ ਸਾਰੇ ਸੇਵਾਦਾਰ ਇਸ ਵਧੀਆ ਕਾਰਜ ਲਈ ਵਧਾਈ ਦੇ ਪਾਤਰ ਹਨ, ਜੋ ਕਿ ਇਸ ਤਰ੍ਹਾਂ ਬਜ਼ੁਰਗਾਂ ਦੀ ਸੇਵਾ ਸੰਭਾਲ ਕਰ ਰਹੇ ਹਨ, ਇਸ ਮੌਕੇ ਇਥੋਂ ਦੇ ਸੁਪਰਡੈਂਟ ਹਰਬਾਗ ਸਿੰਘ ਨੇ ਦੱਸਿਆ ਕਿ ਪਿਛਲੇ ਦਿਨੀ ਹੀ ਦੋ ਬਜ਼ੁਰਗ ਅਜਿਹੇ ਲਿਆਂਦੇ ਹਨ ਜਿਨਾਂ ਨੂੰ ਕੋਈ ਨਹੀਂ ਸੰਭਾਲ ਰਿਹਾ ਸੀ ,ਪਿੰਡ ਦੀ ਪੰਚਾਇਤ ਨੇ ਉਹ ਦੋਵੇਂ ਬਜ਼ੁਰਗ ਇਹਨਾਂ ਨੂੰ ਸਪੁਰਦ ਕੀਤੇ ਹਨ ਅਤੇ ਦੋਵੇਂ ਹੀ ਮਾਨਸਿਕ ਤੌਰ ਤੇ ਬਹੁਤ ਬਿਮਾਰ ਹਨ, ਉਹਨਾਂ ਦੱਸਿਆ ਕਿ ਬਹੁਤ ਸਾਰੇ ਇਥੇ ਰਹਿਣ ਵਾਲੇ ਬਜ਼ੁਰਗ ਅਜਿਹੇ ਹਨ ਜੋ ਆਪਣੀਆਂ ਮਾਨਸਿਕ ਤਕਲੀਫਾਂ ਕਾਰਨ ਪਰਿਵਾਰ ਵੱਲੋਂ ਦੁਤਕਾਰੇ ਗਏ ਹਨ ,ਇੱਥੇ ਦੀ ਮੈਨੇਜਮੈਂਟ ਹਮੇਸ਼ਾ ਉਹਨਾਂ ਦੀ ਸੇਵਾ ਸੰਭਾਲ ਵਿੱਚ ਲੱਗੀ ਰਹਿੰਦੀ ਹੈ, ਇਸ ਮੌਕੇ ਕੰਜ਼ੂਮਰ ਕਨਫਰਟੇਸ਼ਨ ਆਫ ਇੰਡੀਆ ਦੇ ਸਟੇਟ ਪ੍ਰਧਾਨ ਅਵਿਨਾਸ਼ ਰਾਣਾ ਨੇ ਆਪਣੇ ਵਿਚਾਰ ਪ੍ਰਗਟ ਕਰਦੇ ਹੋਏ ਕਿਹਾ ਕਿ ਮਨੁੱਖਤਾ ਦੀ ਸੇਵਾ ਹੀ ਸਭ ਤੋਂ ਵਧੀਆ ਅਤੇ ਵੱਡੀ ਸੇਵਾ ਹੈ, ਅਸੀਂ ਜੇਕਰ ਆਪਣੇ ਕਿਸੇ ਇਸਟ ਨੂੰ ਮੰਨਦੇ ਹਾਂ ਤਾਂ ਸਭ ਤੋਂ ਵਧੀਆ ਪੂਜਾ ਪਾਠ ਬੇਸਹਾਰਾ ਅਤੇ ਲੋੜਵੰਦ ਬਜ਼ੁਰਗਾਂ ਦੀ ਸੇਵਾ ਕਰਨਾ ਹੀ ਹੈ, ਉਹਨਾਂ ਕਿਹਾ ਕਿ ਸਾਨੂੰ ਸਾਰੇ ਧਰਮਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ ਪਰੰਤੂ ਸਭ ਤੋਂ ਵੱਡਾ ਧਰਮ ਮਾਨਵ ਸੇਵਾ ਦਾ ਧਰਮ ਹੈ, ਇਸ ਮੌਕੇ ਬਿਰਧ ਆਸ਼ਰਮ ਦੀ ਮੈਨੇਜਮੈਂਟ ਕਮੇਟੀ ਵੱਲੋਂ ਮੁਕਲ ਬਾਵਾ (ਜਿਲਾ ਭਲਾਈ ਅਫਸਰ ਮਲੇਰਕੋਟਲਾ) ਨੂੰ ਸਰੋਪਾ ਭੇਂਟ ਕੀਤਾ ਗਿਆ ,ਇਸ ਮੌਕੇ ਹੋਰਨਾਂ ਤੋਂ ਇਲਾਵਾ ਹੁਸ਼ਿਆਰ ਸਿੰਘ ਗੁਰਦੀਪ ਸਿੰਘ ਕਰਨੈਲ ਸਿੰਘ ਆਸਦੀਪ ਸਿੰਘ ਸਤਨਾਮ ਸਿੰਘ ਮਨਜਿੰਦਰ ਕੌਰ ਮਨਜੀਤ ਕੌਰ ਤੋਂ ਇਲਾਵਾ ਸਾਰੇ ਸਟਾਫ ਮੈਂਬਰ ਅਤੇ ਬਜ਼ੁਰਗ ਮੌਜੂਦ ਸਨ ।

## ਸਰੱਬਤ ਦਾ ਭਲਾ ਟਰੱਸਟ ਨੇ ਅਜਨਾਲਾ ਖੇਤਰ 'ਚ ਹੁਣ ਤੱਕ 100 ਟਨ ਪਸ਼ੂ-ਚਾਰਾ ਵੰਡਿਆ

ਅਜਨਾਲਾ/ਅੰਮ੍ਰਿਤਸਰ, 16 ਸਤੰਬਰ: ਪਿਛਲੇ ਕਈ ਦਿਨਾਂ ਤੋਂ ਹੜ੍ਹਾਂ ਦੀ ਮਾਰ ਝੱਲ ਰਹੇ ਲੋਕਾਂ ਲਈ ਨਿਰੰਤਰ ਸੇਵਾ ਕਾਰਜ ਨਿਭਾ ਰਹੇ ਕੌਮਾਂਤਰੀ ਪੱਧਰ ਦੇ ਸਮਾਜ ਸੇਵੀ ਅਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਬਾਨੀ ਡਾ. ਐਸ.ਪੀ.ਸਿੰਘ ਓਬਰਾਏ ਵੱਲੋਂ ਹੁਣ ਤੱਕ ਅਜਨਾਲਾ ਖੇਤਰ ਦੇ ਹੜ੍ਹ ਪੀੜਤ ਪਸ਼ੂ ਪਾਲਕਾਂ ਨੂੰ 100 ਟਨ ਪਸ਼ੂਆਂ ਦਾ ਚਾਰਾ ਵੰਡਿਆ ਜਾ ਚੁੱਕਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡਾ.ਐਸ.ਪੀ. ਓਬਰਾਏ ਨੇ ਦੱਸਿਆ ਕਿ ਪੰਜਾਬ ਦੇ ਬਹੁਤ ਸਾਰੇ ਜ਼ਿਲ੍ਹਿਆਂ ਦੇ ਲੋਕ ਹੜ੍ਹਾਂ ਕਾਰਨ ਬਹੁਤ ਹੀ ਮੁਸ਼ਕਿਲ ਦੌਰ ਵਿੱਚੋਂ ਗੁਜ਼ਰ ਰਿਹਾ ਹਨ,ਇਸ ਲਈ ਉਨ੍ਹਾਂ ਵੱਲੋਂ ਪੰਜਾਬ ਦੇ ਸਮੁੱਚੇ ਹੜ੍ਹ ਪ੍ਰਭਾਵਿਤ ਇਲਾਕਿਆਂ ਅੰਦਰ ਆਪਣੇ ਸੇਵਾ ਕਾਰਜ ਨਿਰੰਤਰ ਚਲਾਏ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਟਰੱਸਟ ਵੱਲੋਂ ਪਹਿਲੇ ਪੜਾਅ ਤਹਿਤ 1200 ਟਨ ਪਸ਼ੂਆਂ ਦਾ ਚਾਰਾ ਖ?ਰੀਦਿਆ ਗਿਆ ਹੈ ਅਤੇ ਲੰਮਾ ਸਮਾਂ ਪ੍ਰਭਾਵਿਤ ਖੇਤਰਾਂ ਦੇ ਪਸ਼ੂ ਪਾਲਕਾਂ ਨੂੰ ਚਾਰੇ ਤੋਂ ਵਾਂਝਾ ਨਹੀਂ ਰਹਿਣ ਦਿੱਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਇਸ ਤਹਿਤ ਅੱਜ ਉਨ੍ਹਾਂ ਦੀ ਟਰੱਸਟ ਦੇ ਪੰਜਾਬ ਪ੍ਰਧਾਨ ਸੁਖਜਿੰਦਰ ਸਿੰਘ ਹੇਰ,ਜਨਰਲ ਸਕੱਤਰ ਮਨਪ੍ਰੀਤ ਸਿੰਘ ਸੰਧੂ ਚਮਿਆਰੀ ਦੀ ਮੌਜੂਦਗੀ ਵਿਚ ਕਸਬਾ ਚਮਿਆਰੀ,ਅਜਨਾਲਾ ਅਤੇ ਰਮਦਾਸ ਦੇ ਵੱਖ-ਵੱਖ ਪਿੰਡਾਂ ਦੇ ਪ੍ਰਭਾਵਿਤ ਪਸ਼ੂ ਪਾਲਕਾਂ ਨੂੰ 20 ਟਨ ਸੁੱਕਾ ਚਾਰਾ ਵੰਡਿਆ ਗਿਆ ਹੈ ਜਦ ਕਿ ਹੁਣ ਤੱਕ ਅਜਨਾਲਾ ਖੇਤਰ 'ਚ 100 ਟਨ ਪਸ਼ੂਆਂ ਦਾ ਚਾਰਾ ਵੰਡਿਆ ਜਾ ਚੁੱਕਾ ਹੈ। ਇਸ ਦੌਰਾਨ ਵੱਖ-ਵੱਖ ਹੜ੍ਹ ਪ੍ਰਭਾਵਿਤ ਪਿੰਡਾਂ ਦੇ ਸਰਪੰਚਾਂ,ਮੋਹਤਬਰਾਂ ਤੋਂ ਇਲਾਵਾ ਪਸ਼ੂਆਂ ਦਾ ਚਾਰਾ ਪ੍ਰਾਪਤ ਕਰਨ ਵਾਲੇ ਕਿਸਾਨਾਂ ਵੱਲੋਂ ਡਾ. ਉਬਰਾਏ ਦਾ ਇਸ ਉਪਰਾਲੇ ਲਈ ਧੰਨਵਾਦ ਵੀ ਕੀਤਾ ਗਿਆ ਹੈ। ਇਸ ਮੌਕੇ ਸਲਾਹਕਾਰ ਸੁਖਦੀਪ ਸਿੱਧੂ,ਪ੍ਰਧਾਨ ਸ਼ਿਸ਼ਪਾਲ ਸਿੰਘ ਲਾਡੀ,ਨਵਜੀਤ ਸਿੰਘ ਘਈ, ਐਕਸੀਅਨ ਜਗਦੇਵ ਸਿੰਘ ਤੋਂ ਇਲਾਵਾ ਕਸਬਾ ਚਮਿਆਰੀ ਦੇ ਸਾਬਕਾ ਸਰਪੰਚ ਜਰਨੈਲ ਸਿੰਘ ਵੜੈਚ ਆਦਿ ਮੌਜੂਦ ਸਨ।

## ਚੰਦਨ ਨਗਰ ਅੰਡਰਬ੍ਰਿਜ ਤੇ ਦੋਮੋਰੀਆ ਪੁਲ 'ਚ ਹਾਲੇ ਵੀ ਪਾਣੀ ਭਰਿਆ, ਸੋਢਲ ਮੇਲੇ ਜਾ ਰਹੇ ਸ਼ਰਧਾਲੂਆਂ ਨੂੰ ਹੋ ਰਹੀ ਪ੍ਰੇਸ਼ਾਨੀ

ਜਲੰਧਰ 16 ਸਤੰਬਰ। ਉੱਤਰੀ ਭਾਰਤ ਦਾ ਪ੍ਰਸਿੱਧ ਸ੍ਰੀ ਸਿੱਧ ਬਾਬਾ ਸੋਢਲ ਮੇਲਾ ਗੈਰ-ਰਸਮੀ ਤੌਰ 'ਤੇ ਸ਼ੁਰੂ ਹੋ ਗਿਆ ਹੈ। ਹਾਲਾਂਕਿ ਹਾਲ ਹੀ ਵਿਚ ਹੋਈ ਭਾਰੀ ਬਾਰਿਸ਼ ਦਾ ਪ੍ਰਭਾਵ ਅਜੇ ਵੀ ਮੇਲਾ ਖੇਤਰ ਵਿਚ ਸਪੱਸ਼ਟ ਤੌਰ 'ਤੇ ਵਿਖਾਈ ਦੇ ਰਿਹਾ ਹੈ। ਕਈ ਥਾਵਾਂ 'ਤੇ ਚਿੱਕੜ ਅਤੇ ਗੰਦਗੀ ਕਾਰਨ ਸ਼ਰਧਾਲੂਆਂ ਨੂੰ ਅਸੁਵਿਧਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਨਗਰ ਨਿਗਮ ਨੇ ਮੇਲਾ ਖੇਤਰ ਦੀ ਹਾਲਤ ਸੁਧਾਰਨ ਲਈ ਕਦਮ ਚੁੱਕਣੇ ਸ਼ੁਰੂ ਕਰ ਦਿੱਤੇ ਹਨ। ਟੁੱਟੀਆਂ ਸੜਕਾਂ 'ਤੇ ਪੈਚਵਰਕ ਚੱਲ ਰਿਹਾ ਹੈ ਅਤੇ ਬੀਤੇ ਦਿਨ ਸਿਹਤ ਅਧਿਕਾਰੀ ਡਾ. ਕ੍ਰਿਸ਼ਨ ਸ਼ਰਮਾ ਆਪਣੀ ਟੀਮ ਨਾਲ ਸਫ਼ਾਈ ਮੁਹਿੰਮ ਲਈ ਮੌਕੇ 'ਤੇ ਪਹੁੰਚੇ। ਦੂਜੇ ਪਾਸੇ ਸੋਢਲ ਨੂੰ ਜਾਣ ਵਾਲੀਆਂ ਸੜਕਾਂ ਦੀ ਸਭ ਤੋਂ ਵੱਡੀ ਸਮੱਸਿਆ ਅਜੇ ਤੱਕ ਹੱਲ ਨਹੀਂ ਹੋਈ ਹੈ। ਚੰਦਨ ਨਗਰ ਅੰਡਰਬ੍ਰਿਜ ਅਤੇ ਦੋਮੋਰੀਆ ਪੁਲ ਫਲਾਈਓਵਰ ਦੇ ਹੇਠਾਂ ਅਜੇ ਵੀ ਵੱਡੀ ਮਾਤਰਾ ਵਿਚ ਪਾਣੀ ਇਕੱਠਾ ਹੋਇਆ ਹੈ। ਇਸ ਕਾਰਨ ਸ਼ਰਧਾਲੂਆਂ ਨੂੰ ਆਵਾਜਾਈ ਵਿਚ ਮੁਸ਼ਕਲ ਆ ਰਹੀ ਹੈ। ਧਿਆਨ ਦੇਣ ਯੋਗ ਹੈ ਕਿ ਚੰਦਨ ਨਗਰ ਅੰਡਰਬ੍ਰਿਜ ਵਿਚ ਪਾਣੀ ਭਰਨ ਦੀ ਸਮੱਸਿਆ ਲੰਬੇ ਸਮੇਂ ਤੋਂ ਬਣੀ ਹੋਈ ਹੈ, ਜਦਕਿ ਦੋਮੋਰੀਆ ਪੁਲ ਫਲਾਈਓਵਰ ਦੇ ਨਿਰਮਾਣ ਤੋਂ ਬਾਅਦ ਵੀ ਸਥਿਤੀ ਵਿਚ ਬਹੁਤਾ ਸੁਧਾਰ ਨਹੀਂ ਹੋਇਆ ਹੈ। ਫਲਾਈਓਵਰ ਦਾ ਇਕ ਰਸਤਾ ਡੂੰਘੇ ਪਾਣੀ ਵਿਚੋਂ ਲੰਘਦਾ ਹੈ, ਜਿਸ ਨਾਲ ਸ਼ਰਧਾਲੂਆਂ ਦੀਆਂ ਮੁਸ਼ਕਿਲਾਂ ਹੋਰ ਵੀ ਵਧ ਜਾਂਦੀਆਂ ਹਨ। ਸ਼ਹਿਰ ਵਾਸੀ ਅਤੇ ਸ਼ਰਧਾਲੂ ਉਮੀਦ ਕਰ ਰਹੇ ਹਨ ਕਿ ਨਗਰ ਨਿਗਮ ਪ੍ਰਸ਼ਾਸਨ ਇਨ੍ਹਾਂ ਸਮੱਸਿਆਵਾਂ ਨੂੰ ਜਲਦੀ ਤੋਂ ਜਲਦੀ ਹੱਲ ਕਰੇਗਾ ਤਾਂ ਜੋ ਮੇਲਾ ਸੁਚਾਰੂ ਢੰਗ ਨਾਲ ਚੱਲ ਸਕੇ।

# ਮੀਂਹ ਕਾਰਨ ਬੰਦ ਪਈ ਫੈਕਟਰੀ 'ਚੋਂ 15 ਲੱਖ ਰੁਪਏ ਦੀ ਚੋਰੀ

**ਕੌਮੀ ਪਤ੍ਰਿਕਾ**

ਬਰਨਾਲਾ 16 ਸਤੰਬਰ। ਬਰਨਾਲਾ ਜ਼ਿਲ੍ਹਾ ਇੰਡਸਟਰੀ ਚੈਂਬਰ ਦੇ ਚੇਅਰਮੈਨ ਵਿਜੇ ਗਰਗ ਦੀ ਫਰਵਾਹੀ ਰੋਡ 'ਤੇ ਸਥਿਤ ਫੈਕਟਰੀ 'ਚੋਂ ਲੱਖਾਂ ਰੁਪਏ ਦੇ ਸਾਮਾਨ ਦੀ ਚੋਰੀ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਥਾਣਾ ਸਦਰ ਬਰਨਾਲਾ ਵੱਲੋਂ ਅਣਪਛਾਤੇ ਵਿਅਕਤੀਆਂ ਖਿਲਾਫ਼ ਮਾਮਲਾ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਚੋਰੀ ਹੋਏ ਸਾਮਾਨ ਦੀ ਕੁੱਲ ਕੀਮਤ ਕਰੀਬ 15 ਲੱਖ ਰੁਪਏ ਦੱਸੀ ਜਾ ਰਹੀ ਹੈ। ਜਾਣਕਾਰੀ ਦਿੰਦਿਆਂ ਚੇਅਰਮੈਨ ਵਿਜੈ ਕੁਮਾਰ ਗਰਗ ਵਾਸੀ ਲੱਖੀ ਕਾਲੋਨੀ, ਬਰਨਾਲਾ ਨੇ ਦੱਸਿਆ ਕਿ ਉਨ੍ਹਾਂ ਦੀ ਫਰਵਾਹੀ ਰੋਡ 'ਤੇ 'ਸ਼ਿਵਾ ਪੋਲਟਰੀ ਐਂਡ ਐਗਰੋ ਇੰਡਸਟਰੀਜ਼' ਨਾਂ ਦੀ ਫੈਕਟਰੀ ਹੈ, ਜਿਸ ਵਿਚ ਪੋਲਟਰੀ ਫਾਰਮ ਦਾ ਸਾਮਾਨ ਤਿਆਰ ਕੀਤਾ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਬੀਤੇ ਦਿਨੀਂ ਪਏ ਭਾਰੀ ਮੀਂਹ ਕਾਰਨ ਫੈਕਟਰੀ 30 ਅਗਸਤ ਤੋਂ ਬੰਦ ਸੀ। ਜਦੋਂ ਉਹ 4-5 ਦਿਨਾਂ ਬਾਅਦ ਫੈਕਟਰੀ ਖੋਲ੍ਹਣ ਗਏ, ਤਾਂ ਦੇਖ ਕੇ ਹੈਰਾਨ ਰਹਿ ਗਏ ਕਿ ਫੈਕਟਰੀ ਅੰਦਰ ਜਾਣ ਵਾਲੇ ਰਸਤੇ ਦੇ ਸੱਜੇ ਪਾਸੇ ਦੀ ਕੰਧ ਵਿਚੋਂ ਖਿੜਕੀ ਦੇ ਹੇਠਾਂ ਪਾੜ ਲਾਇਆ ਹੋਇਆ ਸੀ। ਜਦੋਂ ਉਨ੍ਹਾਂ ਨੇ ਫੈਕਟਰੀ ਦੇ ਅੰਦਰ ਜਾ ਕੇ ਜਾਂਚ ਕੀਤੀ ਤਾਂ ਪਤਾ ਲੱਗਿਆ ਕਿ ਬਹੁਤ ਸਾਰਾ ਕੀਮਤੀ ਸਾਮਾਨ ਗਾਇਬ ਸੀ। ਚੋਰੀ ਹੋਏ ਸਾਮਾਨ ਵਿਚ 7 ਕੁਇੰਟਲ ਤਾਂਬੇ ਦੀਆਂ ਤਾਰਾਂ, 2 ਹਾਰਸ ਪਾਵਰ ਦੀਆਂ 8 ਮੋਟਰਾਂ, 3 ਹਾਰਸ ਪਾਵਰ ਦੀਆਂ 9 ਮੋਟਰਾਂ, 2 ਹਾਰਸ ਪਾਵਰ ਦੇ 11 ਗੇਅਰ, 5882 ਪੀਸ ਵੀਲ, 350 ਬੈਰਿੰਗ, 9 ਗੇਅਰ ਬਾਕਸ, 710 ਕਿਲੋ ਬਰਾਈਟ ਬਾਰ, 23 ਪੀਸ ਬੁਸ਼ ਕੰਪਲਿੰਗ ਟਾਈਪ, 97 ਪੀਸ ਬੈਲਟ ਪੁਲੀ, 2 ਪੀਸ ਚੇਂਜ ਓਵਰ ਅਤੇ 21 ਪੀਸ ਇਲੈਕਟ?ਰੋਨਿਕ ਪੈਨਲ ਸ਼ਾਮਲ ਸਨ। ਵਿਜੇ ਗਰਗ ਨੇ ਦੱਸਿਆ ਕਿ ਚੋਰੀ



ਹੋਏ ਸਾਮਾਨ ਦੀ ਕੀਮਤ ਲਗਭਗ 15 ਲੱਖ ਰੁਪਏ ਬਣਦੀ ਹੈ। ਇਹ ਘਟਨਾ ਸਨਅਤਕਾਰਾਂ ਲਈ ਇਕ ਵੱਡਾ ਝਟਕਾ ਹੈ ਕਿਉਂਕਿ ਪਹਿਲਾਂ ਹੀ ਕਾਰੋਬਾਰੀ ਮੰਦੀ ਦਾ ਦੌਰ ਚੱਲ ਰਿਹਾ ਹੈ। ਉਨ੍ਹਾਂ ਨੇ ਪੁਲਸ ਤੋਂ ਜਲਦ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਨ ਦੀ ਮੰਗ ਕੀਤੀ ਹੈ। ਘਟਨਾ ਦੀ ਸੂਚਨਾ ਮਿਲਣ 'ਤੇ ਥਾਣਾ ਸਦਰ ਦੀ ਪੁਲਸ ਟੀਮ ਤੁਰੰਤ ਮੌਕੇ 'ਤੇ ਪਹੁੰਚੀ ਅਤੇ ਜਾਂਚ ਸ਼ੁਰੂ ਕੀਤੀ। ਪੁਲਸ ਅਧਿਕਾਰੀਆਂ ਨਾਲ ਸੰਪਰਕ ਕਰਨ 'ਤੇ ਉਨ੍ਹਾਂ ਦੱਸਿਆ ਕਿ ਦੀਪਕ ਰਾਜ ਗਰਗ ਪੁੱਤਰ ਵਿਜੇ ਕੁਮਾਰ ਗਰਗ ਦੇ ਬਿਆਨਾਂ ਦੇ ਆਧਾਰ 'ਤੇ ਅਣਪਛਾਤੇ ਵਿਅਕਤੀਆਂ ਖ਼?ਲਾਫ਼ ਥਾਣਾ ਸਦਰ ਵਿਖੇ ਮਾਮਲਾ ਦਰਜ ਕਰ ਲਿਆ ਗਿਆ ਹੈ। ਪੁਲਸ ਨੇ ਵਿਸ਼ਵਾਸ ਦਿਵਾਇਆ ਹੈ ਕਿ ਚੋਰਾਂ ਨੂੰ ਜਲਦ ਹੀ ਫੜ ਕੇ ਸੀਖਾਂ ਪਿੱਛੇ ਭੇਜਿਆ ਜਾਵੇਗਾ ਅਤੇ ਚੋਰੀ ਹੋਇਆ ਸਾਮਾਨ ਵੀ ਬਰਾਮਦ ਕਰਵਾ ਲਿਆ ਜਾਵੇਗਾ।

### ਮੈਰਿਜ ਪੈਲਸਾਂ ਦੀ ਚਾਰਦਿਵਾਰੀ ਤੋਂ ਬਾਹਰ ਵਾਹਨਾਂ ਦੀ ਪਾਰਕਿੰਗ 'ਤੇ ਪਾਬੰਦੀ

ਮੋਗਾ 16 ਸਤੰਬਰ। ਜ਼ਿਲ੍ਹਾ ਮੈਜਿਸਟ?ਰੇਟ-ਕਮ-ਡਿਪਟੀ ਕਮਿਸ਼ਨਰ ਮੋਗਾ ਸਾਗਰ ਸੇਤੀਆ ਵੱਲੋਂ ਭਾਰਤੀ ਨਾਗਰਿਕ ਸੁਰੱਖਿਆ ਸੰਘਤਾ-2023 ਦੀ ਧਾਰਾ-163 (ਜ਼ਾਬਤਾ ਫੌਜਦਾਰੀ ਸੰਘਤਾ-1973 ਦੀ ਧਾਰਾ-144) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਜ਼ਿਲਾ ਮੋਗਾ ਵਿਚ ਸਥਿਤ ਸਾਰੇ ਮੈਰਿਜ ਪੈਲਸਾਂ ਦੇ ਮਾਲਕ ਕਿਸੇ ਵੀ ਫੰਕਸ਼ਨ ਸਮੇਂ ਵਾਹਨਾਂ ਦੀ ਪਾਰਕਿੰਗ ਆਪਣੇ ਮੈਰਿਜ ਪੈਲਸਾਂ ਦੀ ਚਾਰਦਿਵਾਰੀ ਅੰਦਰ ਹੀ ਕਰਵਾਉਣ ਦੇ ਹੁਕਮ ਜਾਰੀ ਕੀਤੇ ਹਨ। ਅਜਿਹਾ ਨਾ ਕਰਨ ਦੀ ਸੂਰਤ ਵਿਚ ਮੈਰਿਜ ਪੈਲਸਾਂ ਦੇ ਮਾਲਕ ਅਤੇ ਮੈਰਿਜ ਪੈਲਸਾਂ ਖਿਲਾਫ ਕਾਨੂੰਨੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ। ਸਾਗਰ ਸੇਤੀਆ ਨੇ ਦੱਸਿਆ ਕਿ ਮੈਰਿਜ ਪੈਲਸਾਂ ਦੇ ਮਾਲਕਾਂ ਵੱਲੋਂ ਇਹ ਵੀ ਧਿਆਨ ਵਿਚ ਰੱਖਿਆ ਜਾਵੇ ਕਿ ਸਰਕਾਰ ਦੀ ਪ੍ਰਾਪਰਟੀ ਜਿਸਦੀ ਕਿਸੇ ਸੜਕ ਲਈ ਨਿਸ਼ਾਨਦੇਹੀ ਕੀਤੀ ਗਈ ਹੈ,

# ਸਿਹਤ ਵਿਭਾਗ ਦੀਆਂ ਟੀਮਾਂ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਜਾ ਕੇ ਰੋਜ਼ਾਨਾ ਕਰ ਰਹੀਆਂ ਫਾਗਿੰਗ ਅਤੇ ਐਂਟੀ ਲਾਰਵਾ ਸਪਰੇਅ

**ਕੌਮੀ ਪਤ੍ਰਿਕਾ**

ਅੰਮ੍ਰਿਤਸਰ, 16 ਸਤੰਬਰ: ਹੜ੍ਹਾਂ ਦਾ ਪਾਣੀ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਜਿਉਂ ਜਿਉਂ ਘਟ ਰਿਹਾ ਹੈ ਉਥੇ ਕਈ ਤਰ੍ਹਾਂ ਬਿਮਾਰੀਆਂ ਫੈਲਣ ਦਾ ਖਦਸ਼ਾ ਵੀ ਹੈ, ਇਸ ਨੂੰ ਰੋਕਣ ਲਈ ਸਿਹਤ ਵਿਭਾਗ ਦੀਆਂ ਟੀਮਾਂ ਲਗਾਤਾਰ ਪਿੰਡਾਂ ਵਿੱਚ ਫਾਗਿੰਗ ਅਤੇ ਐਂਟੀ ਲਾਰਵਾ ਸਪਰੇਅ ਕਰ ਰਹੀਆਂ ਹਨ ਤਾਂ ਜੋ ਇਨ੍ਹਾਂ ਬਿਮਾਰੀਆਂ ਨੂੰ ਫੈਲਣ ਤੋਂ ਪਹਿਲਾਂ ਹੀ ਰੋਕਿਆ ਜਾ ਸਕੇ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਡਿਪਟੀ ਕਮਿਸ਼ਨਰ ਸ੍ਰੀਮਤੀ ਸਾਕਸ਼ੀ ਸਾਹਨੀ ਨੇ ਦੱਸਿਆ ਕਿ ਅੱਜ ਸਿਹਤ ਵਿਭਾਗ ਦੀਆਂ 26 ਟੀਮਾਂ ਨੇ 14 ਪਿੰਡਾਂ ਵਿੱਚ ਜਾ ਕੇ ਘਰ ਘਰ ਸਰਵੇ ਕੀਤਾ ਹੈ ਅਤੇ 2046 ਵਿਅਕਤੀ ਦੀ ਜਾਂਚ ਕੀਤੀ ਗਈ ਹੈ, ਜਿੰਨਾਂ ਵਿੱਚੋਂ 74 ਵਿਅਕਤੀ ਸ਼ੱਕੀ ਪਾਏ ਗਏ ਹਨ ਅਤੇ ਇਨ੍ਹਾਂ ਨੂੰ ਡਾਕਟਰਾਂ ਵੱਲੋਂ ਦਵਾਈ ਦੇ ਦਿੱਤੀ ਗਈ ਹੈ। ਉਨ੍ਹਾਂ ਦਸਿਆ ਕਿ ਇਸ ਤੋਂ ਇਲਾਵਾ 268 ਬੱਲਡ ਸੈਂਪਲ ਵੀ ਲਏ ਗਏ ਹਨ। ਡਿਪਟੀ ਕਮਿਸ਼ਨਰ ਨੇ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਡਾਕਟਰਾਂ ਦੀਆਂ ਟੀਮਾਂ ਨਾਲ ਸਹਿਯੋਗ ਕਰਨ ਅਤੇ ਫਾਗਿੰਗ ਵਾਲੀਆਂ ਟੀਮਾਂ ਤੋਂ ਘਰਾਂ ਵਿੱਚ ਵੀ ਸਪਰੇਅ ਕਰਵਾਉਣ। ਸਿਹਤ ਵਿਭਾਗ ਵੱਲੋਂ ਹੜ੍ਹਾਂ ਅਤੇ ਬਰਸਾਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਡੇਂਗੂ ਅਤੇ ਚਿਕਨਗੁਨੀਆਂ ਤੋਂ ਬਚਾਅ ਅਤੇ ਇਲਾਜ ਸਬੰਧੀ ਸਲਾਹ ਜਾਰੀ ਕੀਤੀ ਗਈ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਿਵਲ ਸਰਜਨ ਡਾ: ਸਵਰਨਜੀਤ ਧਵਨ ਨੇ ਦੱਸਿਆ ਕਿ ਹੜ੍ਹਾਂ ਅਤੇ ਬਰਸਾਤਾਂ ਦਾ ਮੌਸਮ ਹੋਣ ਕਾਰਨ ਡੇਂਗੂ ਅਤੇ ਚਿਕਨਗੁਨੀਆਂ ਹੋਣ ਦਾ ਖ਼ਤਰਾ ਵਧ ਜਾਂਦਾ ਹੈ। ਡੇਂਗੂ ਅਤੇ ਚਿਕਨਗੁਨੀਆਂ ਇਲਾਜ ਯੋਗ ਹਨ। ਡੇਂਗੂ ਅਤੇ ਚਿਕਨਗੁਨੀਆਂ ਏਡੀਜ਼ ਨਾਂ ਦੇ ਮੱਛਰ ਦੇ ਕੱਟਣ ਨਾਲ ਫੈਲਦੇ ਹਨ। ਤੇਜ਼ ਬੁਖ਼ਾਰ, ਸਿਰ ਦਰਦ, ਮਾਸ ਪੇਸ਼ੀਆਂ ਵਿੱਚ ਦਰਦ, ਚਮੜੀ ਤੇ ਦਾਣੇ, ਅੱਖਾਂ ਦੇ ਪਿਛਲੇ ਹਿੱਸੇ ਵਿੱਚ ਦਰਦ, ਮਸੂੜਿਆਂ ਅਤੇ ਨੱਕ ਵਿੱਚੋਂ ਖ਼ੂਨ ਦਾ ਵਗਣਾ ਆਦਿ ਡੇਂਗੂ ਦੇ ਲੱਛਣ ਹੋ ਸਕਦੇ ਹਨ। ਤੇਜ਼ ਬੁਖ਼ਾਰ, ਸਿਰ ਦਰਦ, ਜੋੜਾਂ ਵਿੱਚ, ਦਰਦ ਅਤੇ ਸੋਜ਼, ਚਮੜੀ ਤੇ ਦਾਣੇ ਅਤੇ ਖਾਰਿਸ਼ ਆਦਿ ਚਿਕਨਗੁਨੀਆਂ ਦੇ ਲੱਛਣ ਹੋ ਸਕਦੇ ਹਨ। ਇਹ ਮੱਛਰ ਸਾਫ਼ ਖੜ੍ਹੇ ਪਾਣੀ ਦੇ ਸੋਮਿਆਂ ਵਿੱਚ ਪੈਦਾ ਹੁੰਦਾ ਹੈ ਅਤੇ ਇਹ ਸਿਰਫ ਦਿਨ ਵੇਲੇ ਕੱਟਦਾ ਹੈ। ਉਹਨਾਂ ਕਿਹਾ ਕਿ ਸਾਧਾਰਨ ਸਾਵਧਾਨੀਆਂ ਦੀ ਵਰਤੋਂ ਨਾਲ ਡੇਂਗੂ ਅਤੇ ਚਿਕਨਗੁਨੀਆਂ ਤੋਂ ਬਚਾਅ ਕੀਤਾ ਜਾ ਸਕਦਾ ਹੈ। ਕੂਲਰਾਂ ਅਤੇ ਗਮਲਿਆਂ ਦੀਆਂ ਟ?ਰੇਆਂ ਵਿੱਚ ਖੜ੍ਹੇ ਪਾਣੀ ਨੂੰ ਹਫ਼ਤੇ ਵਿੱਚ ਇਕ ਵਾਰ ਜ਼ਰੂਰ ਸਾਫ਼ ਸਫ਼ਾਈ, ਕੱਪੜੇ ਅਜਿਹੇ ਪਹਿਨੋ ਜਿਸ ਨਾਲ ਸਰੀਰ ਢੱਕਿਆ ਰਹੇ ਤਾਂ ਕਿ ਤੁਹਾਨੂੰ ਮੱਛਰ ਨਾ ਕੱਟ ਸਕੇ। ਸੌਣ ਵੇਲੇ ਮੱਛਰਦਾਨੀ, ਮੱਛਰ ਭਜਾਉਣ ਵਾਲੀਆਂ ਕਰੀਮਾਂ ਅਤੇ ਤੇਲ ਆਦਿ ਦਾ ਇਸਤੇਮਾਲ ਕੀਤਾ ਜਾ ਸਕਦਾ ਹੈ। ਬੁਖ਼ਾਰ ਹੋਣ ਤੇ ਐਸਪਰੀਨ ਅਤੇ ਬਰੂਫਿਨ ਨਾ ਲਈ ਜਾਵੇ, ਬੁਖ਼ਾਰ ਹੋਣ ਤੇ ਸਿਰਫ ਪੈਰਾਸੀਟਾਮੋਲ ਹੀ ਲਈ ਜਾ ਸਕਦੀ ਹੈ। ਛੱਤਾਂ ਤੇ ਰੱਖੀਆਂ ਪਾਣੀ ਦੀਆਂ ਟੈਂਕੀਆਂ ਦੇ ਢੱਕਣਾ ਨੂੰ ਚੰਗੀ ਤਰ੍ਹਾਂ ਬੰਦ ਕਰਨਾ, ਟੁੱਟੇ ਬਰਤਨਾਂ, ਡਰੰਮਾਂ ਅਤੇ ਟਾਇਰਾਂ ਆਦਿ ਨੂੰ ਖੁੱਲ੍ਹੇ ਵਿੱਚ ਨਹੀਂ ਰੱਖਿਆ ਜਾਣਾ ਚਾਹੀਂਦਾ। ਪਾਣੀ ਜਾਂ ਤਰਲ ਚੀਜਾਂ ਜ਼ਿਆਦਾ ਪੀਓ ਅਤੇ ਆਰਾਮ ਕਰਨਾ ਚਾਹੀਦਾ ਹੈ। ਉਨ੍ਹਾਂ ਦੱਸਿਆ ਕਿ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਸਾਡੀਆਂ ਟੀਮਾਂ ਲਗਾਤਾਰ ਡਿਊਟੀ ਦੇ ਰਹੀਆਂ ਹਨ ਅਤੇ ਲੋਕਾਂ ਦੇ ਡੇਂਗੂ ਅਤੇ ਚਿਕਨਗੁਨੀਆਂ ਦੇ ਟੈਸਟ ਵੀ ਕੀਤੇ ਜਾ ਰਹੇ ਹਨ।

## 2 ਪਿਸਤੌਲਾਂ ਅਤੇ 4 ਜ਼ਿੰਦਾ ਕਾਰਤੂਸਾਂ ਸਮੇਤ ਗ੍ਰਿਫਤਾਰ

ਪਟਿਆਲਾ 16 ਸਤੰਬਰ। ਥਾਣਾ ਅਰਬਨ ਅਸਟੇਟ ਦੀ ਪੁਲਸ ਨੇ ਐੱਸ. ਐੱਚ. ਓ. ਇੰਸਪੈਕਟਰ ਅਮਨਦੀਪ ਸਿੰਘ ਬਰਾੜ ਦੀ ਅਗਵਾਈ ਹੇਠ ਇਕ ਵਿਅਕਤੀ ਨੂੰ 2 ਪਿਸਤੌਲਾਂ ਅਤੇ 4 ਜ਼ਿੰਦਾ ਕਾਰਤੂਸਾਂ ਸਮੇਤ ਗ੍ਰਿਫਤਾਰ ਕੀਤਾ ਹੈ। ਮੁਲਜ਼ਮ ਦੀ ਪਛਾਣ ਅਰਸ਼ਦੀਪ ਸਿੰਘ ਪੁੱਤਰ ਅਮਰਜੀਤ ਸਿੰਘ ਵਾਸੀ ਪਿੰਡ ਬੇਗਮਾਬਾਦ ਥਾਣਾ ਬਿਲਾਸਪੁਰ ਜ਼ਿਲਾ ਰਾਮਪੁਰ ਯੂ. ਪੀ. ਵਜੋਂ ਹੋਈ ਹੈ। ਜਾਣਕਾਰੀ ਮੁਤਾਬਕ ਏ. ਐੱਸ. ਆਈ. ਰਾਜੇਸ਼ ਕੁਮਾਰ ਪੁਲਸ ਪਾਰਟੀ ਸਮੇਤ ਫੇਸ-1 ਮਾਰਕੀਟ ਅਰਬਨ ਅਸਟੇਟ ਪਟਿਆਲਾ ਵਿਖੇ ਮੌਜੂਦ ਸੀ। ਸੂਚਨਾ ਮਿਲੀ ਕਿ ਉਕਤ ਵਿਅਕਤੀ ਯੂ. ਪੀ. ਤੋਂ ਨਾਜਾਇਜ਼ ਅਸਲਾ ਅਤੇ ਐਮੂਨੇਸ਼ਨ ਲੈ ਕੇ ਆਇਆ ਹੈ ਅਤੇ ਅਪਰਾਧਿਕ ਕਿਸਮ ਦੇ ਵਿਅਕਤੀਆਂ ਨੂੰ ਸਪਲਾਈ ਕਰਦਾ ਹੈ ਅਤੇ ਹੁਣ ਵੀ ਸਾਧੂ ਬੇਲਾ ਰੋਡ 'ਤੇ ਖੜ੍ਹਾ ਗ੍ਰਾਹਕ ਦੀ ਉਡੀਕ ਕਰ ਰਿਹਾ ਹੈ। ਪੁਲਸ ਨੇ ਰੇਡ ਕਰ ਕੇ .32 ਬੋਰ ਦੇਸੀ ਪਿਸਤੌਲ ਸਮੇਤ 2 ਜ਼ਿੰਦਾ ਕਾਰਤੂਸ, ਇਕ .315 ਬੋਰ ਦੇਸੀ ਪਿਸਤੌਲ ਸਮੇਤ 2 ਜ਼ਿੰਦਾ ਕਾਰਤੂਸ ਬਰਾਮਦ ਕੀਤੇ ਗਏ। ਉਸ ਖਿਲਾਫ ਆਰਮਜ਼ ਐਕਟ ਤਹਿਤ ਕੇਸ ਦਰਜ ਕਰ ਕੇ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

## ਹੜ੍ਹਾਂ ਵਿਚਾਲੇ ਪੰਜਾਬ ਪਹੁੰਚੀ ਕੇਂਦਰੀ ਟੀਮ, ਨੁਕਸਾਨ ਦਾ ਲਿਆ ਜਾਇਜ਼ਾ

ਗੁਰਦਾਸਪੁਰ 16 ਸਤੰਬਰ। ਜ਼ਿਲ੍ਹਾ ਗੁਰਦਾਸਪੁਰ ਵਿਚ ਰਾਵੀ ਦਰਿਆ ਨਾਲ ਲੱਗਦੇ ਇਲਾਕਿਆਂ ਵਿੱਚ ਆਏ ਹੜ੍ਹਾਂ ਕਾਰਨ ਹੋਏ ਨੁਕਸਾਨ ਦਾ ਜਾਇਜ਼ਾ ਲੈਣ ਲਈ ਅੱਜ ਕੇਂਦਰ ਸਰਕਾਰ ਦੀ ਟੀਮ ਵੱਲੋਂ ਜ਼ਿਲ੍ਹਾ ਗੁਰਦਾਸਪੁਰ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕੀਤਾ ਗਿਆ। ਤਿੰਨ ਮੈਂਬਰੀ ਇਸ ਕੇਂਦਰੀ ਟੀਮ ਵਿਚ ਰਾਜੇਸ਼ ਗੁਪਤਾ, ਟੀ.ਐੱਲ. (ਡੀ.ਐੱਮ.) ਮਨਿਸਟਰੀ ਆਫ਼ ਹੋਮ ਅਫ਼ੇਅਰ, ਕੰਡਾਰਪ ਵੀ. ਫਟੇਲ, ਡੀ.ਐੱਸ., ਐਕਸਪੈਂਡੀਚਰ, ਮਨਿਸਟਰੀ ਆਫ਼ ਫਾਈਨੈਂਸ ਅਤੇ ਰਾਕੇਸ਼ ਕੁਮਾਰ, ਆਰ.ਓ, ਮਨਿਸਟਰੀ ਆ ਫਰੋਡ ਟਰਾਂਸਪੋਰਟ ਐਂਡ ਹਾਈਵੇਅ ਸ਼ਾਮਲ ਸਨ। ਕੇਂਦਰ ਸਰਕਾਰ ਦੀ ਇਸ ਟੀਮ ਵੱਲੋਂ ਅੱਜ ਸਭ ਤੋਂ ਪਹਿਲਾਂ ਡੇਰਾ ਬਾਬਾ ਨਾਨਕ ਦੇ ਨਜ਼ਦੀਕ ਹੜ੍ਹ ਪ੍ਰਭਾਵਿਤ ਪਿੰਡ ਧਰਮਕੋਟ ਰੰਧਾਵਾ ਦਾ ਦੌਰਾ ਕੀਤਾ ਗਿਆ। ਇਸ ਮੌਕੇ ਉਨ੍ਹਾਂ ਜ਼ਿਲ੍ਹਾ ਪ੍ਰਸ਼ਾਸਨ ਗੁਰਦਾਸਪੁਰ ਦੇ ਅਧਿਕਾਰੀਆਂ ਕੋਲੋਂ ਹੜ੍ਹਾਂ ਸਬੰਧੀ ਹੋਏ ਨੁਕਸਾਨ ਦੀ ਜਾਣਕਾਰੀ ਹਾਸਲ ਕੀਤੀ ਅਤੇ ਨਾਲ ਹੀ ਹੜ੍ਹ ਪ੍ਰਭਾਵਿਤ ਲੋਕਾਂ ਨਾਲ ਵੀ ਮੁਲਾਕਾਤ ਕੀਤੀ। ਇਸ ਤੋਂ ਬਾਅਦ ਇਸ ਟੀਮ ਵੱਲੋਂ ਸ੍ਰੀ ਕਰਤਾਰਪੁਰ ਸਾਹਿਬ ਕਾਰੀਡੋਰ ਨੂੰ ਵੱਲੋਂ ਅੱਜ ਗੁਰਦਾਸਪੁਰ ਦੇ ਹੜ੍ਹ ਪ੍ਰਭਾਵਿਤ ਖੇਤਰਾਂ ਦਾ ਦੌਰਾ ਕਰਕੇ ਹੋਏ ਨੁਕਸਾਨ ਦਾ ਜਾਇਜ਼ਾ ਲਿਆ ਗਿਆ ਹੈ। ਅਧਿਕਾਰੀਆਂ ਨੇ ਕਿਹਾ



ਹੜ੍ਹਾਂ ਕਾਰਨ ਹੋਏ ਨੁਕਸਾਨ ਦਾ ਜਾਇਜ਼ਾ ਵੀ ਲਿਆ ਗਿਆ। ਇਸ ਉਪਰੰਤ ਕੇਂਦਰੀ ਟੀਮ ਵੱਲੋਂ ਜ਼ਿਲ੍ਹਾ ਗੁਰਦਾਸਪੁਰ ਦੇ ਹੋਰ ਹੜ੍ਹ ਪ੍ਰਭਾਵਿਤ ਖੇਤਰਾਂ ਕਲਾਨੌਰ ਤੇ ਬਹਿਰਾਮਪੁਰ ਦਾ ਦੌਰਾ ਵੀ ਕੀਤਾ ਗਿਆ। ਕੇਂਦਰੀ ਟੀਮ ਦੇ ਅਧਿਕਾਰੀਆਂ ਨੇ ਕਿਹਾ ਕਿ ਉਨ੍ਹਾਂ ਕਿ ਉਹ ਹੜ੍ਹਾਂ ਦੇ ਨੁਕਸਾਨ ਸਬੰਧੀ ਆਪਣੀ ਰੀਪੋਰਟ ਕੇਂਦਰ ਸਰਕਾਰ ਨੂੰ ਸੌਂਪਣਗੇ। ਇਸ ਮੌਕੇ ਕੇਂਦਰੀ ਟੀਮ ਦੇ ਨਾਲ ਜਲੰਧਰ ਡਵੀਜ਼ਨ ਦੇ ਕਮਿਸ਼ਨਰ ਸ੍ਰੀ ਅਰੁਨ ਸੇਖੜੀ, ਵਧੀਕ ਡਿਪਟੀ ਕਮਿਸ਼ਨਰ (ਜਨਰਲ) ਡਾ. ਹਰਜਿੰਦਰ ਸਿੰਘ ਬੇਦੀ, ਐੱਸ.ਡੀ.ਐੱਮ. ਡੇਰਾ ਬਾਬਾ ਨਾਨਕ ਡਾ. ਅਦਿੱਤਯ ਸ਼ਰਮਾ, ਐੱਸ.ਡੀ.ਐੱਮ. ਫ਼ਤਹਿਗੜ੍ਹ ਚੂੜੀਆਂ ਸ. ਗੁਰਮੰਦਰ ਸਿੰਘ ਤੋਂ ਇਲਾਵਾ ਹੋਰ ਅਧਿਕਾਰੀ ਵੀ ਹਾਜ਼ਰ ਸਨ।

# ਵਿਦਿਆਰਥੀਆਂ ਦੀ ਜਾਨ ਨਾਲ ਖਿਲਵਾੜ, ਸੇਫ ਸਕੂਲ ਵਾਹਨ ਪਾਲਿਸੀ ਦੀ ਸ਼ਰੇਆਮ ਹੋਰ ਰਹੀ ਉਲੰਘਣਾ

**ਕੌਮੀ ਪਤ੍ਰਿਕਾ**

ਤਰਨਤਾਰਨ 16 ਸਤੰਬਰ। ਜ਼ਿਲ੍ਹੇ ਅੰਦਰ ਸੇਫ ਸਕੂਲ ਵਾਹਨ ਪਾਲਿਸੀ ਦੀਆਂ ਧੱਜੀਆਂ ਉੱਡਦੀਆਂ ਸ਼ਰੇਆਮ ਵੇਖੀਆਂ ਜਾ ਸਕਦੀਆਂ ਹਨ। ਇਸ ਦੀਆਂ ਮਿਸਾਲਾਂ ਰੋਜ਼ਾਨਾ ਵੇਖਣ ਨੂੰ ਮਿਲੀ ਰਹੀਆਂ ਹਨ। ਮਾਣਯੋਗ ਸੁਪਰੀਮ ਕੋਰਟ ਵੱਲੋਂ ਜਾਰੀ ਸਖ਼ਤ ਹੁਕਮਾਂ ਦੇ ਬਾਵਜੂਦ ਸਕੂਲੀ ਬੱਚਿਆਂ ਦੀ ਜ਼ਿੰਦਗੀ ਨੂੰ ਖ਼ਤਰੇ ਵਿਚ ਪਾਉਂਦੇ ਹੋਏ ਲੋੜ ਤੋਂ ਵੱਧ ਬੱਚਿਆਂ ਨੂੰ ਵਾਹਨਾਂ 'ਚ ਬਿਠਾਇਆ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ ਰੋਜ਼ਾਨਾ ਵੇਖਣ ਨੂੰ ਮਿਲ ਰਹੇ ਇਸ ਸਿਲਸਿਲੇ ਨੂੰ ਰੋਕਣ ਵਿਚ ਪ੍ਰਸ਼ਾਸਨ ਹਾਲੇ ਤੱਕ ਅਸਫਲ ਨਜ਼ਰ ਆ ਰਿਹਾ ਹੈ, ਜੋ ਕਿਸੇ ਵੱਡੇ ਹਾਦਸੇ ਦਾ ਇੰਤਜ਼ਾਰ ਕਰ ਰਿਹਾ ਹੈ। ਜ਼ਿਲ੍ਹੇ ਅਧੀਨ ਆਉਂਦੇ ਸਰਹੱਦੀ ਇਲਾਕੇ ਤੋਂ ਇਲਾਵਾ ਸਥਾਨਕ ਸ਼ਹਿਰ ਵਿਚ ਬਿਨਾਂ ਸਕੂਲ ਦੇ ਨਾਮ ਤੋਂ ਜਿੱਥੇ ਵੱਡੀ ਗਿਣਤੀ ਵਿਚ ਵਾਹਨ ਸੜਕਾਂ ਉੱਪਰ ਦੌੜਦੇ ਵੇਖੇ ਜਾ ਸਕਦੇ ਹਨ, ਉਥੇ ਹੀ ਇਨ੍ਹਾਂ ਵਾਹਨਾਂ ਅੰਦਰ ਲੋੜ ਤੋਂ ਵੱਧ ਬੱਚਿਆਂ ਨੂੰ ਗਰਮੀ ਦੇ ਬਾਵਜੂਦ ਲਿਜਾਇਆ ਜਾ ਰਿਹਾ ਹੈ। ਹੈਰਾਨੀ ਦੀ ਗੱਲ ਹੈ ਕਿ ਇਨ੍ਹਾਂ ਵਿਚੋਂ ਜ਼ਿਆਦਾਤਰ ਵਾਹਨ ਚਾਲਕਾਂ ਵੱਲੋਂ ਨਾਂ ਤਾਂ ਵਰਦੀ ਪਾਈ ਜਾਂਦੀ ਹੈ ਅਤੇ ਨਾਂ ਹੀ ਵਾਹਨਾਂ ਵਿਚ ਹੈਲਪਰ ਮੌਜੂਦ ਹੁੰਦੇ ਹਨ। ਸੇਫ ਸਕੂਲ ਵਾਹਨ ਪਾਲਿਸੀ ਦੀ ਜੇ ਗੱਲ ਕਰੀਏ ਤਾਂ ਵਾਹਨਾਂ ਦੀ ਸਪੀਡ ਨੂੰ ਕੰਟਰੋਲ ਕਰਨ ਲਈ ਸਪੀਡ ਕੰਟਰੋਲ ਮੀਟਰ ਲਗਾਏ ਜਾਣੇ ਲਾਜਮੀ ਹਨ ਪ੍ਰੰਤੂ ਇਨ੍ਹਾਂ ਵਿਚੋਂ ਪੰਜ ਫੀਸਦੀ ਵਾਹਨਾਂ ਉਪਰ ਵੀ ਸਪੀਡ ਕੰਟਰੋਲ ਮੀਟਰ ਨਹੀਂ ਲਗਾਏ ਗਏ ਹਨ, ਜਿਸ ਦੇ ਚੱਲਦਿਆਂ ਛੋਟੇ-ਛੋਟੇ ਬੱਚਿਆਂ ਨੂੰ ਓਵਰ ਸਪੀਡ ਨਾਲ ਸਕੂਲਾਂ ਵਿਚ ਲਿਜਾਇਆ ਜਾਣਾ ਆਮ ਹੀ ਵੇਖਿਆ ਜਾ ਸਕਦਾ ਹੈ। ਇਨ੍ਹਾਂ ਜ਼ਿਆਦਾਤਰ ਸਕੂਲ ਵਾਹਨਾਂ ਉਪਰ ਨਾ ਤਾਂ ਸਕੂਲ ਦਾ ਨਾਮ ਲਿਖਿਆ ਗਿਆ ਹੁੰਦਾ ਹੈ ਅਤੇ ਨਾ ਹੀ ਟਰਾਂਸਪੋਰਟ ਵਿਭਾਗ ਦੇ ਕਿਸੇ ਅਧਿਕਾਰੀ ਦਾ ਫੋਨ ਨੰਬਰ। ਬੱਚਿਆਂ ਦੀ ਜ਼ਿੰਦਗੀ ਨੂੰ ਖਤਰੇ ਵਿਚ ਪਾ ਕੇ ਆਟੋ, ਈ-ਰਿਕਸ਼ਾ, ਪੀਟਰ ਰੇਹੜਿਆਂ ਵਿਚ ਲਿਜਾਇਆ ਜਾਣਾ ਆਮ ਗੱਲ ਹੋ ਚੁੱਕੀ ਹੈ। ਜਿਸ ਵਿਚ ਬੱਚਿਆਂ ਦੀ ਜਾਨ ਇਕ ਫੀਸਦੀ ਵੀ ਸੁਰੱਖਿਅਤ ਨਹੀਂ ਹੈ। ਹੋਰ ਤਾਂ ਹੋਰ ਇਨ੍ਹਾਂ ਵਾਹਨਾਂ ਨੂੰ ਚਲਾਉਣ ਵਾਲੇ ਚਾਲਕਾਂ ਦੇ ਨਾਂ ਤਾਂ ਕਦੇ ਮੈਡੀਕਲ ਕਰਵਾਏ ਗਏ ਹਨ ਅਤੇ ਨਾਂ ਹੀ ਉਨ੍ਹਾਂ ਦੇ ਡੋਪ ਟੈਸਟ। ਸਰਹੱਦੀ ਇਲਾਕਿਆਂ ਵਿਚ ਆਮ ਤੌਰ 'ਤੇ ਸੜਕਾਂ ਉਪਰ ਸਕੂਲੀ ਬੱਚਿਆਂ ਨੂੰ ਬਿਠਾ ਕੇ ਲਿਜਾਣ ਅਤੇ ਛੱਡਣ ਦਾ ਕੰਮ ਕਰਨ ਵਾਲੇ ਜ਼ਿਆਦਾਤਰ ਵਾਹਨ ਕੰਡਮ ਹੋ ਚੁੱਕੇ ਹਨ, ਜਿਨ੍ਹਾਂ ਦੇ ਇੰਜਨ ਦੀ ਹਾਲਤ ਵੀ ਬਹੁਤ ਜ਼ਿਆਦਾ ਨਾਜ਼ੁਕ ਹੈ ਅਤੇ ਟਾਇਰ ਵੀ ਖਸਤਾ ਹਾਲ ਵਿਚ ਦੇਖੇ ਜਾ ਸਕਦੇ ਹਨ। ਬੱਚਿਆਂ ਨੂੰ ਸਕੂਲ ਲਿਜਾਣ ਵਿਚ ਕਈ ਵਾਹਨ ਚਾਲਕ ਆਪਣੀ ਪੂਰੀ ਜ਼ਿੰਮੇਵਾਰੀ ਸਮਝਦੇ ਹੋਏ ਜਿੱਥੇ ਵਾਹਨਾਂ ਦੇ ਕਾਗਜ਼ਾਤ, ਟੈਕਸ, ਮੈਡੀਕਲ ਕਿੱਟ ਅਤੇ ਹੋਰ ਨਿਯਮਾਂ ਦੀ ਸਖਤੀ ਨਾਲ ਪਾਲਣਾ ਕਰਦੇ ਵੇਖੇ ਜਾ ਸਕਦੇ ਹਨ, ਉਥੇ ਹੀ ਦੂਸਰੇ ਵਾਹਨ ਚਾਲਕਾਂ ਨੂੰ ਵੀ ਇਨ੍ਹਾਂ ਪਾਸੋਂ ਕੁਝ ਸਿੱਖਣ ਦੀ ਜ਼ਿਆਦਾ ਲੋੜ ਹੈ। ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਜ਼ਿਲ੍ਹੇ ਅੰਦਰ ਮੌਜੂਦ ਵੱਖ-ਵੱਖ ਪਿੰਡਾਂ ਅਤੇ ਸਰਹੱਦੀ ਇਲਾਕਿਆਂ ਵਿਚ ਅੱਜ ਵੀ ਜੁਗਾੜੂ ਵਾਹਨਾਂ ਉਪਰ ਨੰਨ੍ਹੇ-ਮੁੰਨ੍ਹੇ ਬੱਚਿਆਂ ਦੀ ਜ਼ਿੰਦਗੀ ਨਾਲ ਖੇਡਣ ਦਾ ਸਿਲਸਿਲਾ ਲਗਾਤਾਰ ਜਾਰੀ ਹੈ, ਜਿਸ ਨੂੰ ਰੋਕਣ ਵਿਚ ਪ੍ਰਸ਼ਾਸਨ ਵੱਲੋਂ ਠੋਸ ਕਦਮ ਨਹੀਂ ਚੁੱਕੇ ਜਾ ਰਹੇ ਹਨ। ਇਸ ਬਾਬਤ ਗੱਲਬਾਤ ਕਰਦੇ ਹੋਏ ਸ਼ਿਵ ਸੈਨਾ ਬਾਲ ਠਾਕਰੇ ਦੇ ਸੂਬਾ ਮੀਤ ਪ੍ਰਧਾਨ ਅਸ਼ਵਨੀ ਕੁਮਾਰ ਕੁੱਕੂ ਨੇ ਦੱਸਿਆ ਕਿ ਇਕ ਪਾਸੇ ਟਰਾਂਸਪੋਰਟ ਵਿਭਾਗ ਵੱਲੋਂ ਬੱਚਿਆਂ ਦੀ ਜ਼ਿੰਦਗੀ ਨਾਲ ਖਿਲਵਾੜ ਹੋਣ ਤੋਂ ਰੋਕਣ ਸਬੰਧੀ ਕਈ ਤਰ੍ਹਾਂ ਦੇ ਸਖਤ ਹੁਕਮ ਦਿੱਤੇ ਜਾ ਰਹੇ ਹਨ ਪ੍ਰੰਤੂ ਦੂਜੇ




ਪਾਸੇ ਜਾਰੀ ਕੀਤੇ ਗਏ ਹੁਕਮਾਂ ਦੀਆਂ ਧੱਜੀਆਂ ਉਡਾਉਣ ਵਾਲਿਆਂ ਖਿਲਾਫ ਸਖਤ ਕਾਰਵਾਈ ਅਮਲ ਵਿਚ ਨਹੀਂ ਲਿਆਂਦੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਜਦੋਂ ਕੋਈ ਸਕੂਲੀ ਵਾਹਨ ਨਾਲ ਵੱਡਾ ਹਾਦਸਾ ਹੋ ਜਾਂਦਾ ਹੈ ਤਾਂ ਉਸ ਵੇਲੇ ਪ੍ਰਸ਼ਾਸਨ ਆਨਨ-ਫਾਨਣ ਵਿਚ ਕਾਰਵਾਈ ਕਰਦਾ ਨਜ਼ਰ ਆਉਂਦਾ ਹੈ। ਸਥਾਨਕ ਸ਼ਹਿਰ ਵਿਚ ਸੇਫ ਸਕੂਲ ਵਾਹਨ ਪਾਲਿਸੀ ਦੀਆਂ ਉੱਡ ਰਹੀਆਂ ਧੱਜੀਆਂ ਉਪਰ ਸ਼ਿਕੰਜਾ ਕੱਸਣ ਲਈ ਜ਼ਿਲੇ ਦੇ ਡਿਪਟੀ ਕਮਿਸ਼ਨਰ ਅਤੇ ਐੱਸ.ਐੱਸ.ਪੀ ਨੂੰ ਸਖਤ ਆਦੇਸ਼ ਜਾਰੀ ਕਰਨੇ ਚਾਹੀਦੇ ਹਨ ਤਾਂ ਜੋ ਕਿਸੇ ਦਾ ਜਾਨੀ ਮਾਲੀ ਨੁਕਸਾਨ ਨਾ ਹੋ ਸਕੇ। ਇਸ ਸਬੰਧੀ ਐੱਸ.ਐੱਸ.ਪੀ ਮੈਡਮ ਰਵਜੋਤ ਗਰੇਵਾਲ ਨੇ ਦੱਸਿਆ ਕਿ ਸਕੂਲੀ ਬੱਚਿਆਂ ਲਈ ਸਕੂਲ ਵਾਹਨ ਪਾਲਿਸੀ ਦੀ ਪਾਲਣਾ ਨਾ ਕਰਨ ਵਾਲਿਆਂ ਖਿਲਾਫ ਸਖ਼ਤ ਕਾਨੂੰਨੀ ਕਾਰਵਾਈ ਕਰਨ ਸਬੰਧੀ ਟ?ਰੈਫਿਕ ਵਿਭਾਗ ਨੂੰ ਆਦੇਸ਼ ਜਾਰੀ ਕਰ ਦਿੱਤੇ ਗਏ ਹਨ। ਉਨ੍ਹਾਂ ਸਕੂਲੀ ਬੱਚਿਆਂ ਦੇ ਮਾਪਿਆਂ ਨੂੰ ਵੀ ਅਪੀਲ ਕੀਤੀ ਹੈ ਬੱਚਿਆਂ ਨੂੰ ਸਕੂਲ ਭੇਜਣ ਸਮੇਂ ਵਰਤੇ ਜਾਣ ਵਾਲੇ ਵਾਹਨ ਬਾਰੇ ਸਹੀ ਤਰ੍ਹਾਂ ਪੜਤਾਲ ਜ਼ਰੂਰ ਕਰਨ। ਇਸ ਦੇ ਨਾਲ ਹੀ ਉਨ੍ਹਾਂ ਵੱਲੋਂ ਸਕੂਲ ਪ੍ਰਬੰਧਕਾਂ ਨੂੰ ਵੀ ਅਪੀਲ ਕੀਤੀ ਗਈ ਹੈ ਕਿ ਸੇਫ ਸਕੂਲ ਵਾਹਨ ਪਾਲਿਸੀ ਤਹਿਤ ਵਾਹਨਾਂ ਦੀਆਂ ਸਾਰੀਆਂ ਸ਼ਰਤਾਂ ਨੂੰ ਜ਼ਰੂਰ ਪੂਰਾ ਕੀਤਾ ਜਾਵੇ ਨਹੀਂ ਤਾਂ ਉਨ੍ਹਾਂ ਦੇ ਖਿਲਾਫ ਵੀ ਬਣਦੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ। ਜ਼ਿਲੇ ਦੇ ਡਿਪਟੀ ਕਮਿਸ਼ਨਰ ਰਾਹੁਲ ਨੇ ਦੱਸਿਆ ਕਿ ਨਿਯਮਾਂ ਦੀਆਂ ਉਲੰਘਣਾ ਕਰਨ ਵਾਲੇ ਸਕੂਲੀ ਵਾਹਨ ਚਾਲਕਾਂ ਖ਼?ਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਵਿਸ਼ੇਸ਼ ਮੁਹਿੰਮ ਸ਼ੁਰੂ ਕਰਨ ਲਈ ਉਹ ਸਬੰਧਤ ਵਿਭਾਗਾਂ ਦੇ ਕਰਮਚਾਰੀਆਂ ਨੂੰ ਆਦੇਸ਼ ਜਾਰੀ ਕਰ ਰਹੇ ਹਨ।

**ਕੌਮੀ ਪਤ੍ਰਿਕਾ**

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814
Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਮੁਟਿਆਰਾਂ ਨੂੰ ਟਰੈਂਡੀ ਲੁਕ ਦੇ ਰਹੇ ਹਨ ਕ੍ਰਾਪ ਟਾਪ ਵਿਦ ਲਹਿੰਗਾ

ਕੌਮੀ ਪਤ੍ਰਿਕਾ

ਵੈੱਬ ਡੈਸਕ 16 ਸਤੰਬਰ। ਫੈਸ਼ਨ ਦੀ ਦੁਨੀਆ ਵਿਚ ਬਦਲਾਅ ਦੀ ਰਫ਼ਤਾਰ ਕਦੇ ਨਹੀਂ ਰੁਕਦੀ। ਅੱਜਕੱਲ ਮੁਟਿਆਰਾਂ ਰਵਾਇਤੀ ਡਰੈੱਸਾਂ ਨੂੰ ਮਾਡਰਨ ਟਵਿਸਟ ਦੇ ਕੇ ਆਪਣੇ ਸਟਾਈਲ ਨੂੰ ਨਵਾਂ ਰੂਪ ਦੇ ਰਹੀਆਂ ਹਨ। ਇਸੇ ਤਰ੍ਹਾਂ ਕ੍ਰਾਪ ਟਾਪ (ਕ੍ਰਾਪ ਚੋਲੀ) ਅਤੇ ਲਹਿੰਗੇ ਦਾ ਸੁਮੇਲ ਮੁਟਿਆਰਾਂ ਵਿਚਾਲੇ ਬਹੁਤ ਟਰੈਂਡ ਵਿਚ ਹੈ। ਇਹ ਨਾ ਸਿਰਫ ਉਨ੍ਹਾਂ ਨੂੰ ਟਰੈਂਡੀ ਅਤੇ ਫੈਸ਼ਨੇਬਲ ਲੁਕ ਦਿੰਦਾ ਹੈ ਸਗੋਂ ਮੁਟਿਆਰਾਂ ਦਾ ਆਤਮਵਿਸ਼ਵਾਸ ਵੀ ਵਧਾਉਂਦਾ ਹੈ। ਇਸ ਵਿਚ ਲਹਿੰਗੇ ਨਾਲ ਇਕ ਛੋਟੀ ਲੰਬਾਈ ਦਾ ਬਲਾਊਜ਼ ਹੁੰਦਾ ਹੈ ਜੋ ਕਮਰ ਦੇ ਉੱਪਰ ਤੱਕ ਆਉਂਦਾ ਹੈ ਜਿਸਨੂੰ ਕ੍ਰਾਪ ਚੋਲੀ ਜਾਂ ਕ੍ਰਾਪ ਟਾਪ ਕਹਿੰਦੇ ਹਨ। ਜਦੋਂ ਇਸਨੂੰ ਲਹਿੰਗੇ ਨਾਲ ਪੇਅਰ ਕੀਤਾ ਜਾਂਦਾ ਹੈ ਤਾਂ ਇਹ ਮੁਟਿਆਰਾਂ ਨੂੰ ਇਕ ਸਟਾਈਲਿਸ਼ ਲੁਕ ਦਿੰਦਾ ਹੈ। ਅੱਜਕੱਲ ਬਾਜ਼ਾਰ ਵਿਚ ਤਰ੍ਹਾਂ-ਤਰ੍ਹਾਂ ਦੇ ਡਿਜ਼ਾਈਨਰ ਕ੍ਰਾਪ ਟਾਪ ਅਤੇ ਲਹਿੰਗੇ ਮੁਹੱਈਆ ਹਨ। ਖਾਸ ਕਰ ਕੇ ਵਿਆਹਾਂ, ਮਹਿੰਦੀ, ਸੰਗੀਤ, ਮੰਗਣੀ ਅਤੇ ਰਿਸੈਪਸ਼ਨ ਵਰਗੇ ਮੌਕਿਆਂ 'ਤੇ ਮੁਟਿਆਰਾਂ ਹੈਵੀ ਐਂਬ੍ਰਾਇਡਰੀ ਵਾਲੇ ਕ੍ਰਾਪ ਚੋਲੀ ਅਤੇ ਲਹਿੰਗੇ ਨੂੰ



ਪਸੰਦ ਕਰ ਰਹੀਆਂ ਹਨ। ਇਹ ਪਹਿਰਾਵੇ ਜ਼ਿਆਦਾਤਰ ਮਿਰਰ ਵਰਕ, ਸਟੋਨ ਵਰਕ, ਜਰੀ ਵਰਕ, ਬੀਡਰ ਵਰਕ ਅਤੇ ਸੀਕਵੈਂਸ ਵਰਕ ਵਿਚ ਆਉਂਦੇ ਹਨ ਜੋ ਮੁਟਿਆਰਾਂ ਨੂੰ ਇਕ ਰਾਇਲ ਅਤੇ ਗਲੈਮਰਜ਼ ਲੁਕ ਪ੍ਰਦਾਨ ਕਰਦੇ ਹਨ। ਰਵਾਇਤੀ ਲਹਿੰਗਾ ਚੋਲੀ ਵਿਚ ਚੋਲੀ ਲੰਬੀ ਹੁੰਦੀ ਹੈ। ਇਹ ਕਲਾਸਿਕ ਅਤੇ ਐਲੀਗੇਂਟ ਲੁਕ ਦਿੰਦਾ ਹੈ ਜੋ ਜ਼ਿਆਦਾਤਰ ਰਵਾਇਤੀ ਮੌਕਿਆਂ ਲਈ ਉਪਯੁਕਤ ਹੁੰਦਾ ਹੈ। ਦੂਜੇ ਪਾਸੇ ਕ੍ਰਾਪ ਟਾਪ ਅਤੇ ਲਹਿੰਗਾ ਇਸ ਤੋਂ ਵੱਖ ਹਨ ਕਿਉਂਕਿ ਕ੍ਰਾਪ ਟਾਪ ਵਿਚ ਚੋਲੀ ਛੋਟੀ ਹੁੰਦੀ ਹੈ। ਤਰ੍ਹਾਂ-ਤਰ੍ਹਾਂ ਦੀ ਕ੍ਰਾਪਿੰਗ ਇਸਨੂੰ ਆਧੁਨਿਕ ਟੱਚ ਦਿੰਦੀ ਹੈ। ਮੁਟਿਆਰਾਂ ਇਸਨੂੰ ਜ਼ਿਆਦਾਤਰ ਪਸੰਦ ਇਸ ਲਈ ਕਰਦੀਆਂ ਹਨ ਕਿਉਂਕਿ ਇਹ ਉਨ੍ਹਾਂ ਨੂੰ ਟਰੈਡੀਸ਼ਨਲ ਦੇ ਨਾਲ-ਨਾਲ ਮਾਡਰਨ ਅਤੇ ਫੈਸ਼ਨੇਬਲ ਲੁਕ ਦਿੰਦੀ ਹੈ। ਅੱਜ ਦੀ ਨੌਜਵਾਨ ਪੀੜ੍ਹੀ ਨੂੰ ਕ੍ਰਾਪ ਟਾਪ ਕਾਂਫੀਡੈਂਸ ਅਤੇ ਫੈਸ਼ਨ-ਫਾਰਵਰਡ ਫੀਲ ਕਰਾਉਂਦੀ ਹੈ। ਇਸ ਤੋਂ ਇਲਾਵਾ ਬਾਲੀਵੁੱਡ ਅਤੇ ਸੋਸ਼ਲ ਮੀਡੀਆ ਇਨਫਲੂਐਂਸਰਜ਼ ਵੱਲੋਂ ਇਸਨੂੰ ਪ੍ਰਮੋਟ ਕੀਤੇ ਜਾਣ ਨਾਲ ਇਹ ਟਰੈਂਡ ਵਿਚ ਵੀ ਪਾਪੂਲਰ ਹੋ ਗਿਆ ਹੈ। ਇਨ੍ਹਾਂ ਨਾਲ ਮੁਟਿਆਰਾਂ ਨੂੰ ਜਿਊਲਰੀ ਵਿਚ ਵੱਡੇ ਈਅਰਰਿੰਗਸ, ਨੈਕਨੈੱਸ ਅਤੇ ਚੂੜੀਆਂ ਪਹਿਨੇ ਦੇਖਿਆ ਜਾ ਸਕਦਾ ਹੈ। ਮਿਰਰ ਵਰਕ ਵਾਲੇ ਕ੍ਰਾਪ ਟਾਪ ਅਤੇ ਲਹਿੰਗਾ ਨਾਲ ਸਿਲਵਰ ਜਿਊਲਰੀ ਪਰਫੈਕਟ ਮੈਚ ਕਰਦੀ ਹੈ। ਫੁੱਟਵੀਅਰ ਵਿਚ ਮੁਟਿਆਰਾਂ ਇਨ੍ਹਾਂ ਨਾਲ ਜੋਧਪੁਰੀ ਜੁੱਤੀ, ਹੀਲਸ ਅਤੇ ਬੈਲੀ ਪਹਿਨਣਾ ਪਸੰਦ ਕਰਦੀਆਂ ਹਨ। ਹੇਅਰ ਸਟਾਈਲ ਅਤੇ ਮੇਕਅਪ ਵਿਚ ਓਪਨ ਹੇਅਰ ਜਾਂ ਬਨ ਨਾਲ ਸਮੋਕੀ ਆਈਜ਼ ਅਤੇ ਬੋਲਡ ਲਿਪਸਟਿਕ ਮੁਟਿਆਰਾਂ ਨੂੰ ਅਟ੍ਰੈਕਟਿਵ ਲੁਕ ਦਿੰਦੀ ਹੈ। ਹੋਰ ਅਸੈੱਸਰੀਜ਼ ਵਿਚ ਮੁਟਿਆਰਾਂ ਨੂੰ ਗੋਲਡਨ, ਸਿਲਵਰ ਜਾਂ ਮੈਚਿੰਗ ਬੈਗ, ਕਲਚ ਅਤੇ ਪੋਟਲੀ ਬੈਗ ਕੈਰੀ ਕੀਤੇ ਦੇਖਿਆ ਜਾ ਸਕਦਾ ਹੈ ਜੋ ਉਨ੍ਹਾਂ ਦੀ ਲੁਕ ਨੂੰ ਕੰਪਲੀਟ ਕਰਨ ਦੇ ਨਾਲ-ਨਾਲ ਹੋਰ ਜ਼ਿਆਦਾ ਸਟਾਈਲਿਸ਼ ਬਣਾਉਂਦਾ ਹੈ।

## ਮੁੱਖ ਮੰਤਰੀ ਅਤੇ ਸ਼੍ਰਮ ਮੰਤਰੀ ਨੇ ਸ਼੍ਰਮਿਕਾਂ ਦੇ ਭਲਾਈ ਨਾਲ ਜੁੜੀਆਂ ਕਈ ਨਵੀਆਂ ਯੋਜਨਾਵਾਂ ਦਾ ਕੀਤਾ ਐਲਾਨ

Contd...........Front page

ਮੁੱਖ ਮੰਤਰੀ ਨੇ ਆਪਣੇ ਸੰਬੋਧਨ ਵਿੱਚ ਅੱਗੇ ਕਿਹਾ ਕਿ ਪਿਛਲੇ 27 ਸਾਲਾਂ ਵਿੱਚ ਭਾਵੇਂ ਕਾਂਗਰਸ ਦੀ ਸਰਕਾਰ ਰਹੀ ਹੋਵੇ ਜਾਂ ਆਮ ਆਦਮੀ ਪਾਰਟੀ ਦੀ, ਮਜ਼ਦੂਰ ਅਤੇ ਗਰੀਬ ਦੇ ਕਲਿਆਣ ਦੀਆਂ ਠੋਸ ਯੋਜਨਾਵਾਂ ਲਾਗੂ ਨਹੀਂ ਹੋਈਆਂ। ਪਰ ਮੋਦੀ ਜੀ ਦੀ ਅਗਵਾਈ ਵਾਲੀ ਦਿੱਲੀ ਸਰਕਾਰ ਨੇ ਆਉਂਦੇ ਹੀ ਇਹ ਯਕੀਨੀ ਬਣਾਇਆ ਕਿ ਘੱਟ-ਘੱਟ ਉਜਰਤ ਪੂਰੇ ਸ਼ਹਿਰ ਵਿੱਚ ਇਕਸਾਰ ਰੂਪ ਵਿੱਚ ਲਾਗੂ ਹੋਵੇ, ਭਾਵੇਂ ਸ਼੍ਰਮਿਕ ਸਰਕਾਰੀ ਕੰਮ ਕਰੇ ਜਾਂ ਨਿੱਜੀ ਸੰਸਥਾਨ ਵਿੱਚ। ਹੁਣ ਕੋਈ ਵੀ ਮਜ਼ਦੂਰ ਘੱਟ ਤਨਖਾਹ ਦਾ ਸ਼ਿਕਾਰ ਨਹੀਂ ਹੋਵੇਗਾ। ਮੁੱਖ ਮੰਤਰੀ ਨੇ ਸਾਰਿਆਂ ਨੂੰ ਭਰੋਸਾ ਦਿਵਾਇਆ ਕਿ ਦਿੱਲੀ ਸ਼ਹਿਰ ਤੁਹਾਡਾ ਆਪਣਾ ਸ਼ਹਿਰ ਹੈ। ਮੈਂ 24x7 ਉਪਲਬਧ ਹਾਂ। ਜਦੋਂ ਵੀ ਕੋਈ ਸਮੱਸਿਆ ਜਾਂ ਜ਼ਰੂਰਤ ਹੋਵੇ, ਤੁਸੀਂ ਸਿੱਧੇ ਮੇਰੇ ਨਾਲ ਸੰਪਰਕ ਕਰ ਸਕਦੇ ਹੋ। ਤੁਹਾਡੇ ਜੀਵਨ ਨੂੰ ਸੁਰੱਖਿਅਤ ਅਤੇ ਖੁਸ਼ਹਾਲ ਬਣਾਉਣ ਲਈ ਦਿੱਲੀ ਸਰਕਾਰ ਹਰ ਸੰਭਵ ਕੋਸ਼ਿਸ਼ ਕਰੇਗੀ। ਕਪਿਲ ਮਿਸ਼ਰਾ ਨੇ ਕਿਹਾ ਕਿ ਵਿਸ਼ਵਕਰਮਾ ਜਯੰਤੀ ਦੇ ਇਸ ਪਵਿੱਤਰ ਮੌਕੇ 'ਤੇ ਮੈਂ ਸਾਰੇ ਸ਼੍ਰਮਿਕ ਭਰਾਵਾਂ ਅਤੇ ਭੈਣਾਂ ਨੂੰ ਦਿਲੋਂ ਸ਼ੁਭਕਾਮਨਾਵਾਂ ਦਿੰਦਾ ਹਾਂ। ਤੁਸੀਂ ਹੀ ਸਾਡੇ ਸਮਾਜ ਅਤੇ ਦੇਸ਼ ਦੀ ਅਸਲੀ ਰੀੜ੍ਹ ਹੋ। 'ਵਿਕਸਿਤ ਭਾਰਤ, ਵਿਕਸਿਤ ਦਿੱਲੀ' ਦਾ ਸੁਪਨਾ ਤੁਹਾਡੇ ਵਰਗੇ ਮਿਹਨਤਕਸ਼ ਭਰਾਵਾਂ ਦੇ ਯਤਨਾਂ ਨਾਲ ਹੀ ਸੰਭਵ ਹੈ। ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਜੀ ਦੇ ਮਾਰਗਦਰਸ਼ਨ ਵਿੱਚ ਦਿੱਲੀ ਸਰਕਾਰ ਸ਼੍ਰਮਿਕਾਂ ਲਈ ਕਈ ਕਲਿਆਣਕਾਰੀ ਯੋਜਨਾਵਾਂ ਚਲਾ ਰਹੀ ਹੈ, ਜਿਨ੍ਹਾਂ ਦਾ ਸਿੱਧਾ ਲਾਭ ਤੁਹਾਡੇ ਪਰਿਵਾਰ ਤੱਕ ਪਹੁੰਚ ਰਿਹਾ ਹੈ। ਔਰਤਾਂ ਨੂੰ ਰਾਤ ਦੀ ਸ਼ਿਫਟ ਵਿੱਚ ਰੁਜ਼ਗਾਰ ਦੀ ਇਜਾਜ਼ਤ ਦਿੱਤੀ ਜਾ ਚੁੱਕੀ ਹੈ, ਜਿਸ ਨਾਲ ਉਨ੍ਹਾਂ ਨੂੰ ਆਪਣੀ ਪ੍ਰਤਿਭਾ ਅਤੇ ਹੁਨਰ ਦਿਖਾਉਣ ਦਾ ਵਧੇਰੇ ਮੌਕਾ ਮਿਲੇਗਾ। ਇਸ ਮੌਕੇ 'ਤੇ ਰੇਖਾ ਗੁਪਤਾ ਅਤੇ ਕਪਿਲ ਮਿਸ਼ਰਾ ਨੇ ਵਿਸ਼ਵਕਰਮਾ ਦਿਵਸ ਅਤੇ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਜੀ ਦੇ ਜਨਮ ਦਿਨ ਦੀ ਸਾਰਿਆਂ ਨੂੰ ਦਿਲੀ ਸ਼ੁਭਕਾਮਨਾਵਾਂ ਦਿੱਤੀਆਂ।

## ਗਰੀਬ ਕਿਸਾਨ ਦੇ 4 ਪਸ਼ੂਆਂ ਦੀ ਸ਼ੱਕੀ ਹਾਲਾਤ 'ਚ ਮੌਤ, ਜ਼ਹਿਰੀਲੀ ਵਸਤੂ ਖਾ ਜਾਣ ਦੀ ਸ਼ੰਕਾ

ਮਾਛੀਵਾੜਾ ਸਾਹਿਬ 16 ਸਤੰਬਰ। ਨੇੜਲੇ ਪਿੰਡ ਮਹੱਦੀਪੁਰ ਵਿਖੇ ਇੱਕ ਗਰੀਬ ਕਿਸਾਨ ਬਲਬੀਰ ਸਿੰਘ ਦੇ 4 ਪਸ਼ੂਆਂ ਦੀ ਸ਼ੱਕੀ ਹਾਲਾਤ 'ਚ ਮੌਤ ਹੋ ਗਈ, ਜਦਕਿ 2 ਗੰਭੀਰ ਹਾਲਤ 'ਚ ਬੀਮਾਰ ਹਨ। ਕਿਸਾਨ ਬਲਬੀਰ ਸਿੰਘ ਨੇ ਦੱਸਿਆ ਕਿ ਉਸ ਕੋਲ ਇਕ ਏਕੜ ਖੇਤੀਬਾੜੀ ਯੋਗ ਜ਼ਮੀਨ ਹੈ ਅਤੇ ਉਹ ਪਸ਼ੂਆਂ ਦਾ ਦੁੱਧ ਵੇਚ ਕੇ ਆਪਣੇ ਪਰਿਵਾਰ ਦਾ ਗੁਜ਼ਾਰਾ ਕਰਦਾ ਹੈ। 2 ਦਿਨ ਪਹਿਲਾਂ ਉਸਦੇ ਪਸ਼ੂ ਬੀਮਾਰ ਹੋਣਾ ਸ਼ੁਰੂ ਹੋ ਗਏ, ਜਿਨ੍ਹਾਂ 'ਚੋਂ 2 ਛੋਟੀ ਉਮਰ ਦੇ ਪਸ਼ੂਆਂ ਦੀ ਮੌਕੇ 'ਤੇ ਮੌਤ ਹੋ ਗਈ ਅਤੇ ਅੱਜ ਸਵੇਰੇ 2 ਹੋਰ ਦੁਧਾਰੂ ਪਸ਼ੂ ਵੀ ਮਰ ਗਏ। ਇਸ ਤੋਂ ਇਲਾਵਾ 2 ਹੋਰ ਦੁਧਾਰੂ ਪਸ਼ੂ ਜਿਨ੍ਹਾਂ ਦੀ ਹਾਲਤ ਗੰਭੀਰ ਹੈ, ਉਨ੍ਹਾਂ ਨੂੰ ਇਲਾਜ ਲਈ ਹਸਪਤਾਲ ਭੇਜ ਦਿੱਤਾ ਹੈ। ਕਿਸਾਨ ਬਲਬੀਰ ਸਿੰਘ ਨੇ ਦੱਸਿਆ ਕਿ 2 ਦੁਧਾਰੂ ਪਸ਼ੂ ਸੂਣ ਵਾਲੇ ਸਨ, ਜਿਨ੍ਹਾਂ ਦੀ ਕੀਮਤ 3 ਲੱਖ ਰੁਪਏ ਤੋਂ ਵੱਧ ਹੈ ਅਤੇ 2 ਛੋਟੇ ਪਸ਼ੂਆਂ ਦੀ ਕੀਮਤ ਵੀ ਇੱਕ ਲੱਖ ਰੁਪਏ ਦੇ ਕਰੀਬ ਸੀ, ਜਿਸ ਕਾਰਨ ਉਸਦਾ 4 ਲੱਖ ਰੁਪਏ ਦਾ ਨੁਕਸਾਨ ਹੋ ਗਿਆ। ਕਿਸਾਨ ਬਲਬੀਰ ਸਿੰਘ ਨੇ ਦੱਸਿਆ ਕਿ 2 ਹੋਰ ਦੁਧਾਰੂ ਪਸ਼ੂ ਹਸਪਤਾਲ 'ਚ ਇਲਾਜ ਅਧੀਨ ਹਨ, ਜੋ ਕਿ ਹਸਪਤਾਲ ਵਿਚ ਜ਼ਿੰਦਗੀ ਤੇ ਮੌਤ ਦੀ ਲੜਾਈ ਲੜ ਰਹੇ ਹਨ। ਕਿਸਾਨ ਨੇ ਦੱਸਿਆ ਕਿ ਇਲਾਜ ਕਰਨ ਵਾਲੇ ਡਾਕਟਰਾਂ ਅਨੁਸਾਰ ਪਸ਼ੂਆਂ ਨੇ ਕੋਈ ਜ਼ਹਿਰੀਲੀ ਵਸਤੂ ਖਾ ਲਈ ਹੈ। ਕਿਸਾਨ ਅਨੁਸਾਰ ਇਹ ਜ਼ਹਿਰੀਲੀ ਵਸਤੂ ਪਸ਼ੂਆਂ ਤੱਕ ਕਿਵੇਂ ਪਹੁੰਚੀ ਜਾਂ ਉਨ੍ਹਾਂ ਨੂੰ ਕੋਈ ਖਿਲਾ ਗਿਆ, ਇਸ ਬਾਰੇ ਕੋਈ ਜਾਣਕਾਰੀ ਨਹੀਂ। ਪਿੰਡ ਵਾਸੀਆਂ ਨੇ ਮੰਗ ਕੀਤੀ ਕਿ ਬਲਬੀਰ ਸਿੰਘ ਇੱਕ ਗਰੀਬ ਕਿਸਾਨ ਹੈ, ਜਿਸ ਦਾ 4 ਲੱਖ ਰੁਪਏ ਤੋਂ ਵੱਧ ਨੁਕਸਾਨ ਹੋਇਆ ਹੈ। ਇਸ ਲਈ ਪ੍ਰਸ਼ਾਸਨ ਉਸ ਨੂੰ ਵੱਧ ਤੋਂ ਵੱਧ ਮੁਆਵਜ਼ਾ ਦੇਵੇ।

### NAME CHANGE
I, PRITI DAS D/O DALIP KUMAR residing at D-293 J.J COLONY KHYALA, DELHI-110018 . have changed my name to PRITY DASS for all future purposes.

### NAME CHANGE
I, S BHASKARA VIJAY KUMAR residing at-H NO-6-225/6, PADMANABHANAGAR, VENKATAPURAM, NEAR RAMALAYAM, VISAKHAPATNAM, ANDHRA PRADESH-530029, have changed my mother s name from SENAPATHI VENKATA RATNAM to SENAPATHI APPALA RATNAM for all future purposes vide Affidavit dated 16/07/2025 before Notary Public, Delhi.

### NAME CHANGE
I, SWETA RAI BHUTIA Wife of No. 5458488P Rank-NK Name-TSHERING BHUTIA Presently residing at VILL-DURPIN GUMBA, PO-KALIMPONG, DISTT-KALIMPONG, WEST BENGAL-734301, have changed my name from SWETA RAI BHUTIA to SWETA RAI for all future purposes vide Affidavit dated 16/07/2025 before Notary Public, Delhi.

### NAME CHANGE
I, DEEPAK KUMAR VERMA S/O PARTAP SINGH resident of H.No.16, Tara Nagar Main Kakrola Road, Kakrola, South West Delhi, Delhi-110078 have changed the name of my minor daughter SHREYA ALIAS SHREYA VERMA aged 13 years, and she shall hereafter be known as SHREYA VERMA.

### NAME CHANGE
I hitherto known as SAMEERA SINGH D/O SUDHIR KUMAR SINGH residing at Flat No.E-1058, River Heights, Raj Nagar, Extension, Tower-15, Ghaziabad, U.P.-201001, have changed my name and shall hereafter be known as SAMEERA SINGH AMETHIA.

### NAME CHANGE
I, Sushma D/O Shambu Prasad Dharmana W/O Vinod Kumar R/O B-6 Police Colony Mandir Marg New Delhi 110001 Have changed my name to Sushma Badola for all future purposes.

### NAME CHANGE
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

### PUBLIC NOTICE
It is for general information that I, Rahul Vishwakarma S/o H.P. Vishvakarma R/o J-4, Ground Floor Gandhi Market, Mir Dard Road, Minto Road, Indraprastha, Central Delhi, Delhi-110002 declare that name of mine has been wrongly written as Rahul Kumar Vishvakarma in my minor daughter namely Anika Vishvakarma aged 5 years in his School Records. The actual name of mine is Rahul Vishwakarma.

### PUBLIC NOTICE
It is for general information that 1 INDU CHAUHAN W/O NARENDER SINGH CHAUHAN R/O N-129/1, T-HUTS, KHILONA BAGH DIST NORTH WEST DELHI-110009 declare that name of mine has been wrongly written as INDU KANWAR in my minor son namely HARSH VARDHAN SINGH CHAUHAN aged 13 years in his school record and birth certificate No. MCDOLIR - 2211-005020356. The actual name of mine is INDU CHAUHAN which may be amended accordingly

### PUBLIC NOTICE
It is for general information that CHANDER VEER S/O RAM JI LAL R/O Q-157 Vikas Vihar Uttam Nagar West Delhi Delhi-110059 declare that name of mine has been wrongly written as CHANDER PAL in my minor daughter namely KIRTI aged 15 years in her birth certificate No.MCDOLIR-0110-004425168. The actual name of mine is CHANDER VEER which may be amended accordingly

### NAME CHANGE
I, hitherto known as ASHISH KUMAR RATHOR S/O PURAN LAL R/O Q-48, RAJEEV NAGAR BEGUM PUR, NORTH WEST DELHI, DELHI-110086, have changed my name and shall hereafter be known as RAZA AHMED.

### NAME CHANGE
It is for general information that I ASHISH KUMAR SINHA S/o KHAGEN CHANDRA SINHA R/o House No. 67, Alipur Road, Near Kasturi Ram College, Kureni, North West Delhi, Delhi - 110040, declare that name of my wife and my minor Daughter has been wrongly written as PINKI SINHA and ANUGYA SINHA in my minor Daughter namely ANUGYA aged 16 year in her 10th Class Educational Documents. The actual name of my wife and my minor daughter are PINKI KUMARI and ANUGYA, which may be amended accordingly.

### PUBLIC NOTICE
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

### NAME CHANGE
I, MOGHAL FATHIMA BAIG Wife of JC-335017L Rank-NB/SUB Name-MOGHAL MOHAMMAD BAIG Presently residing at 9-5-5, ANDHRA RATNA NAGAR, PERALA HIGH SCHOOL, PERALA, CHIRALA PRAKASAM DISTRICT, ANDHRA PRADESH-523157, have changed my name from MOGHAL FATHIMA BAIG to FATHIMA SHAIK for all future purposes vide Affidavit dated 16/07/2025 before First Class Magistrate, Shillong, Meghalaya.

### NAME CHANGE
I Jugal Kishor S/o Lila Dhar R/o H.No-196 S/F, Kh.No-619/21, Chattar Pur, South Delhi, Delhi-110074 have changed the name of my minor daughter namely Krishna Devi aged 16 years and she shall hereafter be known as Priya.

### NAME CHANGE
ਇਸਨੂੰ ਬਣਾਉਣ ਵਿਚ ਕਲਾਕਾਰਾਂ ਦੀ ਇਕ ਟੀਮ ਨੂੰ ਕਰੀਬ ਇਕ ਮਹੀਨਾ ਲੱਗ ਗਿਆ। ਰੇਤ ਦੇ ਇਸ ਮਹਿਲ ਨੇ ਭਾਰਤੀ ਰੇਤ ਕਲਾਕਾਰ ਸੁਦਰਸ਼ਨ ਪਟਨਾਇਕ ਦਾ ਰਿਕਾਰਡ ਤੋੜ ਦਿੱਤਾ ਹੈ। ਇਸ ਸਾਲ 10 ਫਰਵਰੀ ਨੂੰ ਪਟਨਾਇਕ ਨੇ ਪੁਰੀ ਦੇ ਇਕ ਬੀਚ ਤੇ 14.84 ਮੀਟਰ ਲੰਮਾ ਰੇਤ ਦਾ ਕਿਲਾ ਬਣਾ ਕੇ ਵਿਸ਼ਵ ਸ਼ਾਂਤੀ ਦਾ ਸੰਦੇਸ਼ ਦਿੱਤਾ ਸੀ। ਗਿਨੀਜ਼ ਵਰਲਡ ਰਿਕਾਰਡ ਦੇ ਨਿਰਣਾਇਕ ਜੈਕ ਬ੍ਰੀਕਬੈਕ ਨੂੰ ਭੀੜ ਦੇ ਸਾਹਮਣੇ ਇਸ ਰਿਕਾਰਡ ਨੂੰ ਸਮਰਪਿਤ ਕਰਨਾ ਸੀ। ਇਸ ਵਿਸ਼ਾਲ ਰੇਤ ਦੇ ਕਿਲੇ ਨੂੰ ਅਥੇਂਸ ਦੇ ਦੁਰਗ ਅਤੇ ਪੀਸਾ ਦੀ ਮੀਨਾਰ ਸਮੇਤ ਦੁਨੀਆਂ ਭਰ ਦੇ ਸੈਲਾਨੀਆਂ ਨੂੰ ਆਕਰਸ਼ਤ ਕਰਨ ਵਾਲੀਆਂ ਪ੍ਰਾਕਿਰਤੀਆਂ ਨਾਲ ਵਿਆਪਕ ਤੌਰ ਤੇ ਸਜਾਇਆ ਗਿਆ ਹੈ। 168 ਟਰੱਕਾਂ ਨਾਲ ਇੰਨਾ ਰੇਤ ਇਕੱਠਾ ਕਰਨ ਵਿਚ ਇਕ ਹਫਤੇ ਦਾ ਵਕਤ ਲੱਗ ਗਿਆ ਸੀ।

# ਕਬਰਸਤਾਨ ਵਿਚ ਕਾਫੀ ਸ਼ਾਪ, ਨਾਂ ਰੱਖਿਆ ਹੈ ਲੱਕੀ ਰੈਸਟੋਰੈਂਟ

ਗੁਜਰਾਤ ਦੇ ਅਹਿਮਦਾਬਾਦ ਵਿਚ ਸਥਿਤ ਦਾ ਨਿਊ ਲੱਕੀ ਰੈਸਟੋਰੈਂਟ ਦੇ ਅੰਦਰ ਘੁੰਮਦੇ ਹੀ ਤੁਹਾਨੂੰ ਹੈਰਾਨੀ ਹੋਵੇਗੀ ਅਤੇ ਪ੍ਰੇਸ਼ਾਨੀ ਵੀ ਕਿਉਂਕਿ ਇਹ ਕਬਰਿਸਤਾਨ ਵਿਚਕਾਰ ਬਣਿਆ ਹੋਇਆ ਹੈ। ਇਸ ਰੈਸਟੋਰੈਂਟ ਵਿਚ ਕੁੱਲ 26 ਕਬਰਾਂ ਹਨ। ਇਹਨਾਂ ਕਬਰਾਂ ਵਿਚਕਾਰ ਬੈਠ ਕੇ ਲੋਕ ਚਾਹ ਦੇ ਨਾਲ ਬ੍ਰੈਡ ਮੱਖਣ ਖਾਣ ਦਾ ਮਜਾ ਲੈਂਦੇ ਹਨ। ਇਸ ਚਾਹ ਦੀ ਦੁਕਾਨ ਨੂੰ ਇਕ ਟਪਰੀ ਤੋਂ ਆਰੰਭ ਕੀਤਾ ਗਿਆ ਸੀ। ਲੋਕ ਸਵੇਰ ਤੋਂ ਸ਼ਾਮ ਤੱਕ ਇੱਥੇ ਕਬਰ ਦੇ ਕੋਲ ਬੈਠ ਕੇ ਚਾਹ ਦੀਆਂ ਚੁਸਕੀਆਂ ਲੈਂਦੇ ਸਨ। ਹੌਲੀ ਹੌਲੀ ਇਹ ਜਗ੍ਹਾ ਲੋਕਾਂ ਵਿਚਕਾਰ ਮਸ਼ਹੂਰ ਹੋਣ ਲੱਗੀ। ਇੱਥ ਚਾਹ ਦ ਲਈ ਲੋਕਾਂ ਦੀ ਭੀੜ ਲੱਗਣ ਲੱਗੀ। ਜਦੋਂ ਭੀੜ ਵਧੀ ਤਾਂ ਚਾਹ ਦੀ ਦੁਕਾਨ ਨੂੰ ਵੀ ਵਧਾਉਣ ਦਾ ਵਕਤ ਆਇਆ ਅਤੇ ਇਹ ਦੁਕਾਨ ਫੈਲਦੀ-ਫੈਲਦੀ ਕਬਰਾਂ ਦੇ ਆਸ ਪਾਸ ਹੋ ਗਈ। ਹੁਣ ਇੱਥੇ ਲੋਕ ਕਬਰਾਂ ਵਿਚਕਾਰ ਬੈਠ ਕੇ ਚਾਹ ਦਾ ਮਜ਼ਾ ਲੈਂਦੇ ਹਨ।



ਵੈਸੇ ਹੁਣ ਇਹ ਸਿਰਫ ਚਾਹ ਦੀ ਦੁਕਾਨ ਨਹੀਂ ਰਹਿ ਗਈ ਹੈ। ਇੱਥੇ ਤੁਹਾਨੂੰ ਪੇਟ ਪੂਜਾ ਦੇ ਲਈ ਹਰ ਲਜੀਜ਼ ਖਾਣਾ ਮਿਲੇਗਾ। ਬੱਚੇ, ਬੁੱਢੇ ਜਾਂ ਫਿਰ ਨੌਜਵਾਨ ਕੋਈ ਵੀ ਹੋਵੇ, ਇੱਥੇ ਆਉਣ ਤੋਂ ਨਹੀਂ ਕਤਰਾਉਂਦਾ। ਇੱਥੇ ਕਬਰਾਂ ਨੂੰ ਸਟੀਲ ਦੀ ਜਾਲੀ ਨਾਲ ਢਕ ਦਿੱਤਾ ਗਿਆ ਹੈ। ਹਰ ਰੋਜ਼ ਇੱਥੇ ਸਫਾਈ ਕੀਤੀ ਜਾਂਦੀ ਹੈ। ਕਬਰਾਂ ਨੂੰ ਪਾਕ ਚਾਦਰ ਨਾਲ ਢਕਣ ਤੋਂ ਬਾਅਦ ਉਹਨਾਂ ਤੇ ਗੁਲਾਬ ਦੇ ਫੁੱਲ ਚੜ੍ਹਾਏ ਜਾਂਦੇ ਹਨ। ਲੋਕ ਕਹਿੰਦੇ ਹਨ ਕਿ ਜੇਕਰ ਕੋਈ ਚੰਗਾ ਕੰਮ ਕਰਨ ਲਈ [illegible] ਜਾਂਦਾ ਹੈ।

# ਕਿਰਾਏ ਪੱਖੋਂ ਸਭ ਤੋਂ ਜ਼ਿਆਦਾ ਮਹਿੰਗੇ ਸ਼ਹਿਰ

ਦਿੱਲੀ ਦਾ ਕਨਾਟ ਪਲੇਸ ਅਤੇ ਮੁੰਬਈ ਦਾ ਬਾਂਦਰਾ ਕੁਰਲਾ ਕੰਪਲੈਕਸ ਆਫਿਸ ਦੇ ਲਈ ਕਿਰਾਏ ਦੇ ਲਿਹਾਜ ਨਾਲ ਔਸਤਨ ਦੁਨੀਆਂ ਦੀ ਦਸਵੀਂ ਅਤੇ 16ਵੀਂ ਸਭ ਤੋਂ ਮਹਿੰਗੀਆਂ ਥਾਵਾਂ ਵਿਚੋਂ ਇਕ ਹੈ। ਪ੍ਰਾਪਰਟੀ ਸਲਾਹ ਦੇਣ ਵਾਲੀ ਕੰਪਨੀ ਸੀ. ਬੀ. ਆਈ. ਦੇ ਮੁਤਾਬਕ ਮੁੰਬਈ ਦਾ ਨਰੀਮਨ ਪੁਆਇੰਟ 30ਵੇਂ ਸਥਾਨ ਤੇ ਹੈ।



ਦਿੱਲੀ ਦੇ ਕਨਾਟ ਪਲੇਸ ਦੀ ਗੱਲ ਕਰੀਏ ਤਾਂ ਇੱਥੇ ਤਕਰੀਬਨ 7 ਹਜ਼ਾਰ ਵਰਗ ਫੁੱਟ ਦਾ ਸਾਲਾਨਾ ਕਿਰਾਇਆ ਹੈ। ਪਿਛਲੇ ਸਾਲ ਦਿੱਲੀ ਮਹਿੰਗੇ ਆਫਿਸਾਂ ਦੀ ਲਿਸਟ ਵਿਚ 9ਵੇਂ ਨੰਬਰ ਤੇ ਸੀ।

ਮੁੰਬਈ ਦੇ ਬਾਂਦਰਾ ਕੁਰਲਾ ਕੰਪਲੈਕਸ ਇਲਾਕੇ ਵਿਚ ਬਣ ਆਫਿਸਾਂ ਦਾ ਕਿਰਾਇਆ 5400 ਰੁਪਏ ਪ੍ਰਤੀ ਵਰਗਫੁੱਟ ਸਾਲਾਨਾ ਹੈ। ਉਥੇ ਹੀ ਗੱਲ ਜੇਕਰ ਨਰੀਮਨ ਪੁਆਇੰਟ ਦੀ ਕਰੀਏ ਤਾਂ ਉਥੇ ਸਾਲਾਨਾ ਕਿਰਾਇਆ 4122 ਰੁਪਏ ਪ੍ਰਤੀ ਵਰਗ ਫੁੱਟ ਹੈ।

ਰਿਪੋਰਟ ਮੁਤਾਬਕ ਵਿਸ਼ਵ ਭਰ ਵਿਚ ਏਸ਼ੀਆਈ ਬਾਜ਼ਾਰਾਂ ਨੇ ਟੌਪ ਦਸ ਥਾਵਾਂ ਵਿਚ ਦਬਦਬਾ ਬਣਾਇਆ ਹੈ। ਹਾਂਗਕਾਂਗ ਮਹਿੰਗੇ ਆਫਿਸ ਦੇ ਮਾਮਲ ਵਿਚ ਟੌਪ ਤਿੰਨ ਥਾਵਾਂ ਵਿਚੋਂ ਦੋ ਤੇ ਕਬਜਾਂ ਰੱਖਦਾ ਹੈ। ਹਾਂਗਕਾਂਗ ਸੈਂਟਰਲ 269 ਡਾਲਰ ਪ੍ਰਤੀ ਵਰਗ ਫੁੱਟ ਦੇ ਸਾਲਾਨਾ ਕਿਰਾਏ ਦੇ ਨਾਲ ਟੌਪ 'ਤੇ ਹੈ। ਉਥੇ ਹੀ ਬੀਜਿੰਗ ਦੇ ਫਾਈਨੈਂਸ ਸਟ੍ਰੀਟ ਨੇ 174 ਡਾਲਰ ਵਰਗ ਫੁੱਟ ਸਾਲਾਨਾ ਕਿਰਾਏ ਦੇ ਨਾਲ ਦੂਜਾ ਅਤੇ ਹਾਂਗਕਾਂਗ ਦੇ ਵੈਸਟ ਕੋਰਲੂਨ ਨੇ 164 ਡਾਲਰ ਪ੍ਰਤੀ ਵਰਗ ਫੁੱਟ ਸਾਲਾਨਾ ਕਿਰਾਏ ਦੇ ਨਾਲ ਤੀਜੇ ਸਥਾਨ 'ਤੇ ਕਬਜਾ ਕੀਤਾ ਹੈ।

ਟੌਪ ਫਾਈਵ ਮਹਿੰਗੇ ਆਫਿਸਾਂ ਵਿਚ ਨਿਊਯਾਰਕ ਦਾ ਮਿਡਟਾਊਨ ਮੈਨਹਟਨ ਅਤੇ ਬੀਜਿੰਗ ਦਾ ਸੀ. ਬੀ. ਡੀ. ਵੀ ਸ਼ਾਮਲ ਹੈ। ਉਥੇ ਹੀ ਟੌਪ 20 ਵਿਚ ਦਿੱਲੀ ਦੇ ਕਨਾਟ ਪਲੇਸ ਸਮੇਤ ਟੋਕੀਓ ਦਾ ਮਾਰਾਨੋਉਚੀ ਅਤੇ ਓਤੇਮਾਚੀ ਅਤੇ ਸ਼ੰਘਾਈ ਦਾ ਪੁਰਦਾਂਗ ਵੀ ਸ਼ਾਮਲ ਹੈ।

# ਸਾਂਗਲਾ ਬੜਾ ਹੀ ਰਾਂਗਲਾ

ਅਸ਼ਵਨੀ ਕੁਮਾਰ ਪੰਡੋਰੀ

ਸਾਂਗਲਾ ਵਾਦੀ ਭਾਰਤ-ਤਿੱਬਤ ਸਰਹੱਦ ਰੋਡ 'ਤੇ ਸਥਿਤ ਖ਼ੂਬਸੂਰਤ ਖੇਤਰ ਹੈ। ਇਹ ਕੜਛਮ ਨਾਮਕ ਸਥਾਨ ਤੋਂ ਸ਼ੁਰੂ ਹੋ ਕੇ ਭਾਰਤੀ ਦੇ ਆਖ਼ਰੀ ਪਿੰਡ ਛਿਤਕੁਲ ਤਕ ਫੈਲੀ ਹੋਈ ਹੈ। ਇਸ ਨੂੰ ਬਸਪਾ ਵਾਦੀ ਵੀ ਕਿਹਾ ਜਾਂਦਾ ਹੈ। ਉੱਚੇ ਅਤੇ ਖ਼ੂਬਸੂਰਤ ਹਿਮਾਲਿਆ ਪਹਾੜਾਂ ਦੇ ਵਿਚਕਾਰ ਇਹ ਵਾਦੀ ਬਸਪਾ ਦਰਿਆ ਦੇ ਕੰਢੇ 'ਤੇ ਸਥਿਤ ਰਮਣੀਕ ਥਾਂ ਹੈ। ਕਿਨੌਰ ਜ਼ਿਲ੍ਹੇ ਦਾ ਇਹ ਖ਼ੂਬਸੂਰਤ ਕਸਬਾ ਸਾਂਗਲਾ ਅਸਲ ਕਿਨੌਰ ਦੀ ਤਸਵੀਰ ਪੇਸ਼ ਕਰਦਾ ਹੈ। ਜੰਗਲੀ ਜੜੀਆਂ ਬੂਟੀਆਂ ਅਤੇ ਉੱਚੇ-ਉੱਚੇ ਦੇਵਦਾਰ ਦੇ ਰੁੱਖਾਂ ਨਾਲ ਭਰਪੂਰ ਇਹ ਵਾਦੀ ਸੁਪਨਿਆਂ ਦੀ ਦੁਨੀਆਂ ਭਾਸਦੀ ਹੈ। ਲੱਕੜ ਅਤੇ ਸਲੇਟਾਂ ਨਾਲ ਬਣੇ ਘਰ ਕਿਨੌਰੀ ਸੱਭਿਆਚਾਰ ਦੇ ਨਮੂਨੇ ਹਨ। ਇਹ ਹਿਮਾਚਲ ਦਾ ਅਹਿਮ ਹਿੱਸਾ ਹੈ ਕਿਉਂਕਿ ਸਾਂਗਲਾ ਵਾਦੀ ਤੋਂ ਅਗਾਂਹ ਉੱਚੇ ਹਿਮਾਲਿਆ ਪਰਬਤਾਂ ਦੀ ਲੜੀ ਦੇ ਪਾਰ ਤਿੱਬਤ ਦਾ ਖੇਤਰ ਹੈ। ਸਾਂਗਲਾ ਵਾਦੀ ਕੁਦਰਤੀ ਖ਼ਜ਼ਾਨਿਆਂ ਨਾਲ ਭਰਪੂਰ ਹੈ। ਇਸ ਵਾਦੀ ਦੇ ਮਨ ਮੋਹ ਲੈਣ ਵਾਲੇ ਪਿੰਡ ਬਸਤੇਰੀ, ਥਮਗਰਾਂਗ, ਕਾਮਰੂ, ਚਾਨਸੂ ਅਤੇ ਸਪਨੀ ਦੇਖਣ ਯੋਗ ਹਨ। ਕੁਦਰਤ ਦੀ ਗੋਦ ਵਿੱਚ ਵਸੇ ਇਹ ਪਿੰਡ ਪਾਣੀ ਦੇ ਝਰਨਿਆਂ, ਛੋਟੇ ਛੋਟੇ ਪਹਾੜੀ ਖੇਤਾਂ, ਸੇਬਾਂ ਦੇ ਬਾਗ਼ਾਂ ਅਤੇ ਹੋਰ ਸਥਾਨਕ ਫਲਾਂ ਨਾਲ ਭਰਪੂਰ ਹਨ। ਨਿੱਕੀਆਂ ਨਿੱਕੀਆਂ ਪਗਡੰਡੀਆਂ 'ਤੇ ਚੱਲਦਿਆਂ ਤੁਸੀਂ ਆਪਣੇ ਆਪ ਨੂੰ ਅਦਭੁੱਤ ਥਾਂ 'ਤੇ ਪੁੱਜੇ ਮਹਿਸੂਸ ਕਰਦੇ ਹੋ। ਕੜਛਮ ਨਾਂ ਦੀ ਥਾਂ 'ਤੇ ਸਤਲੁਜ ਅਤੇ ਬਸਪਾ ਦਰਿਆ ਦਾ ਮੇਲ ਹੁੰਦਾ ਹੈ। ਇੱਥੋਂ ਸਾਂਗਲਾ 22 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਬਸਪਾ ਹਾਈਡਲ ਪ੍ਰੋਜੈਕਟ ਤਕ ਜਾਂਦੇ ਰਸਤੇ ਉੱਤੇ ਸਿਰਫ਼ ਮਾਹਿਰ ਵਿਅਕਤੀ ਹੀ ਗੱਡੀ ਚਲਾ ਸਕਦੇ ਹਨ।



ਇੱਥੋਂ ਹੀ ਸਾਂਗਲਾ ਕਸਬਾ ਸ਼ੁਰੂ ਹੋ ਜਾਂਦਾ ਹੈ। ਬਸਪਾ ਦਰਿਆ ਦਾ ਵਹਾਅ ਇੱਥੇ ਬਹੁਤ ਤੇਜ਼ ਹੈ। ਇਸ ਪ੍ਰੋਜੈਕਟ ਕਾਰਨ ਸਥਾਨਕ ਲੋਕ ਹੀ ਨਹੀਂ ਸਗੋਂ ਬਾਹਰੋਂ ਵੀ ਲੋਕ ਆ ਕੇ ਇੱਥੇ ਰਹਿਣ ਲੱਗ ਪਏ ਹਨ। ਸਾਂਗਲਾ ਵਿੱਚ ਹੁਣ ਪੈਟਰੋਲ ਪੰਪ, ਬੈਂਕ, ਏਟੀਐੱਮ, ਡਿਸਪੈਂਸਰੀ ਆਦਿ ਦੀ ਸਹੂਲਤ ਉਪਲੱਬਧ ਹੈ। ਸੈਲਾਨੀਆਂ ਦੇ ਰਹਿਣ ਲਈ ਇੱਥੇ ਗੈਸਟ ਹਾਊਸ, ਹੋਟਲ, ਹਿਮਾਚਲ ਸਰਕਾਰ ਦਾ ਰੈਸਟ ਹਾਊਸ ਆਦਿ ਹੈ। ਇਹ ਬਹੁਤ ਸ਼ਾਂਤ ਕਸਬਾ ਹੈ ਜਿੱਥੇ ਹਾਲੇ ਕੋਈ ਭੀੜ-ਭੜੱਕਾ ਨਹੀਂ ਹੈ। ਸਾਡਾ ਸਾਂਗਲਾ ਵਾਦੀ ਦੇਖਣ ਦਾ ਪ੍ਰੋਗਰਾਮ ਸਾਡੇ ਦੋਸਤ ਪਵਨ ਕੁਮਾਰ ਸਦਕਾ ਬਣਿਆ। ਇਹ ਵਾਦੀ ਦੇਖ ਕੇ ਰੂਹ ਆਨੰਦਿਤ ਹੋ ਗਈ। ਸਾਨੂੰ ਇੱਥੋਂ ਦੇ ਸੱਭਿਆਚਾਰ ਅਤੇ ਲੋਕਾਂ ਦੇ ਰਹਿਣ-ਸਹਿਣ ਆਦਿ ਬਾਰੇ ਕਾਫ਼ੀ ਜਾਣਕਾਰੀ ਪ੍ਰਾਪਤ ਹੋਈ। 1989 ਤੋਂ ਪਹਿਲਾਂ ਇਸ ਵਾਦੀ ਵਿੱਚ ਦੇਸ਼ ਦੇ ਹੋਰ ਸੂਬਿਆਂ ਤੋਂ ਆਉਣ ਵਾਲੇ ਲੋਕਾਂ ਨੂੰ ਸਰਕਾਰ ਕੋਲੋਂ ਵਿਸ਼ੇਸ਼ ਪਰਮਿਟ ਲੈਣਾ ਪੈਂਦਾ ਸੀ ਕਿਉਂਕਿ ਭਾਰਤ-ਤਿੱਬਤ ਸਰਹੱਦ ਹੋਣ ਕਾਰਨ ਇਹ ਇਲਾਕਾ ਸੰਵਦੇਨਸ਼ੀਲ ਗਿਣਿਆ ਜਾਂਦਾ ਸੀ।



ਸਾਂਗਲਾ ਵਾਦੀ ਦੇ ਲੋਕਾਂ ਦੀ ਕਿਨੌਰੀ ਭਾਸ਼ਾ ਅਤੇ ਸਭਿਆਚਾਰ ਬਾਕੀ ਹਿਮਾਚਲ ਨਾਲੋਂ ਕਾਫ਼ੀ ਵੱਖਰਾ ਹੈ। ਸਾਡੇ ਕਿਨੌਰੀ ਡਰਾਈਵਰ ਨੇ ਸਾਨੂੰ ਕਿਨੌਰੀ ਗੀਤ ਸੁਣਾਏ ਜੋ ਕਾਫ਼ੀ ਵਧੀਆ ਲੱਗੇ। ਉੱਥੋਂ ਦੇ ਲੋਕ ਅਜੇ ਵੀ ਰਵਾਇਤੀ ਬਰਤਨਾਂ ਵਿੱਚ ਹੀ ਖਾਣਾ ਖਾਂਦੇ ਹਨ। ਗਰਮੀਆਂ ਵਿੱਚ ਵੀ ਸਰਦੀਆਂ ਦੇ ਕੱਪੜੇ ਹੀ ਵਰਤੋਂ ਵਿੱਚ ਲਿਆਉਂਦੇ ਹਨ ਕਿਉਂਕਿ ਉੱਥੇ ਇਹ ਪਤਾ ਨਹੀਂ ਚਲਦਾ ਕਿ ਕਦੋਂ ਮੌਸਮ ਵਿਗੜ ਜਾਵੇ। ਇੱਕ ਦਿਨ ਅਸੀਂ ਸਵੇਰੇ ਜਾਗੇ ਤਾਂ ਆਲੇ-ਦੁਆਲੇ ਦੇ ਪਹਾੜਾਂ 'ਤੇ ਬਰਫ਼ ਦੀ ਚਾਦਰ ਵਿਛੀ ਹੋਈ ਸੀ। ਗਰਮੀਆਂ ਦੇ ਮੌਸਮ ਵਿੱਚ ਬਰਫ਼ ਦੇਖ ਕੇ ਹੈਰਾਨੀ ਦੇ ਨਾਲ ਨਾਲ ਖ਼ੁਸ਼ੀ ਵੀ ਹੁੰਦੀ ਹੈ।

ਉਂਜ ਤਾਂ ਸਾਂਗਲਾ ਵਾਦੀ ਵਿੱਚ ਦੇਖਣ ਵਾਲੀਆਂ ਬਹੁਤ ਸਾਰੀਆਂ ਖ਼ੂਬਸੂਰਤ ਥਾਵਾਂ ਹਨ, ਪਰ ਕਾਮਰੂ ਕਿਲਾ, ਕਾਮਾਕਸ਼ੀ ਦੇਵੀ ਮੰਦਿਰ ਅਤੇ ਬੈਰੰਗ ਨਾਗ ਮੰਦਿਰ ਵਿਸ਼ੇਸ਼ ਖਿੱਚ ਰੱਖਦੇ ਹਨ। ਅੱਠ ਸੌ ਤੋਂ ਵੀ ਵਧੇਰੇ ਸਾਲ ਪੁਰਾਣੇ ਕਾਮਰੂ ਕਿਲੇ ਦੀ ਖ਼ੂਬਸੂਰਤੀ ਮਨ ਨੂੰ ਟੁੰਬਦੀ ਹੈ। ਇਸ ਅੰਦਰਲਾ ਕਮਾਕਸ਼ੀ ਦੇਵੀ ਦਾ ਮੰਦਿਰ ਕਿਨੌਰੀ ਲੱਕੜਤਰਾਸ਼ੀ ਦਾ ਨਮੂਨਾ ਪੇਸ਼ ਕਰਦਾ ਹੈ। ਤਿੱਬਤੀ ਸ਼ੈਲੀ ਦਾ ਬਣਿਆ ਇਹ ਮੰਦਿਰ ਲੋਕਾਂ ਵਿੱਚ ਕਾਫ਼ੀ ਮਾਨਤਾ ਰੱਖਦਾ ਹੈ। ਬਸਪਾ ਨਦੀ ਦੇ ਕੰਢੇ 'ਤੇ ਕੈਂਪਾਂ ਵਿੱਚ ਰਹਿਣ ਦਾ ਅਲੱਗ ਹੀ ਨਜ਼ਾਰਾ ਹੈ। ਪਾਣੀ ਦਾ ਸੰਗੀਤ ਅਜੀਬ ਖ਼ੁਸ਼ੀ ਪ੍ਰਦਾਨ ਕਰਦਾ ਹੈ। ਨਿੱਕੇ ਨਿੱਕੇ ਖੇਤਾਂ ਵਿੱਚ ਸ਼ਾਂਤ ਮਨ ਨਾਲ ਕੰਮ ਕਰਦੇ ਕਿਨੌਰੀ ਲੋਕ ਬਹੁਤ ਚੰਗੇ ਲੱਗਦੇ ਹਨ। ਇਹ ਲੋਕ ਹੱਡ-ਭੰਨਵੀਂ ਮਿਹਨਤ ਕਰਦੇ ਹਨ। ਤੁਸੀਂ ਆਪਣਾ ਪੂਰਾ ਪ੍ਰਬੰਧ ਕਰਕੇ ਜੰਗਲ ਵਿੱਚ ਟਰੈਕਿੰਗ 'ਤੇ ਜਾ ਸਕਦੇ ਹੋ, ਪਰ ਬਗੈਰ ਗਾਈਡ ਤੋਂ ਨਾ ਹੀ ਜਾਇਆ ਜਾਵੇ ਤਾਂ ਬਿਹਤਰ ਹੈ। ਨਹੀਂ ਤਾਂ ਕਿਸੇ ਵੀ ਸਮੇਂ ਮੁਸੀਬਤ ਵਿੱਚ ਫਸ ਸਕਦੇ ਹੋ। ਸਾਂਗਲਾ ਵਾਦੀ ਦਾ ਬਸਤੇਰੀ ਪਿੰਡ ਨਿਹਾਇਤ ਹੀ ਖ਼ੂਬਸੂਰਤ ਹੈ। ਇੱਥੇ ਸੇਬ ਦੇ ਰੁੱਖਾਂ ਦੀ ਭਰਮਾਰ ਹੈ।

# ਰਾਮੇਸ਼ਵਰਮ ਤੇ ਧਨੁਸ਼ਕੋਡੀ ਦੇ ਦਰਸ਼ਨ-ਦੀਦਾਰੇ

ਤਰਸੇਮ ਸਿੰਘ

ਰਾਮੇਸ਼ਵਰਮ, ਤਾਮਿਲਨਾਡੂ ਦੇ ਜ਼ਿਲ੍ਹਾ ਰਾਮਨਾਥਪੁਰਮ ਦਾ ਇੱਕ ਕਸਬਾ ਹੈ ਜੋ ਪਾਮਬਨ ਟਾਪੂ 'ਤੇ ਸਥਿਤ ਹੈ। ਭਾਰਤ ਦੀ ਮੁੱਖ ਜ਼ਮੀਨ ਤੋਂ ਇਹ ਪਾਮਬਨ ਚੈਨਲ ਰਾਹੀਂ ਅਲੱਗ ਹੁੰਦਾ ਹੈ। ਇੱਥੋਂ ਸ੍ਰੀਲੰਕਾ ਦੇ ਸ਼ਹਿਰ ਜਾਫਨਾ ਦੀ ਹਵਾਈ ਦੂਰੀ ਲਗਭਗ 17 ਮੀਲ ਹੈ। ਸਥਾਨਕ ਲੋਕਾਂ ਮੁਤਾਬਿਕ ਜਾਫਨਾ ਦੀਆਂ ਰੌਸ਼ਨੀਆਂ ਰਾਤ ਸਮੇਂ ਇੱਥੋਂ ਦਿਖਾਈ ਦਿੰਦੀਆਂ ਹਨ। ਇਹ ਸਥਾਨ ਭਾਰਤ ਦੇ ਸਾਬਕਾ ਰਾਸ਼ਟਰਪਤੀ ਅਤੇ ਮਿਜ਼ਾਈਲ ਮੈਨ ਵਜੋਂ ਜਾਣੇ ਜਾਂਦੇ ਮਰਹੂਮ ਡਾ. ਅਬਦੁਲ ਕਲਾਮ ਦਾ ਜਨਮ ਸਥਾਨ ਵੀ ਹੈ। ਉਂਜ ਤਾਂ ਇਹ ਪੂਰਾ ਕਸਬਾ ਹੀ ਬਹੁਤ ਸੁੰਦਰ ਹੈ, ਪਰ ਰਾਮੇਸ਼ਵਰਮ ਮੰਦਿਰ ਅਤੇ ਧਨੁਸ਼ਕੋਡੀ ਇੱਥੋਂ ਦੇ ਮੁੱਖ ਸਥਾਨ ਹਨ।

ਰਾਮੇਸ਼ਵਰਮ ਮੰਦਿਰ: ਕਹਿੰਦੇ ਹਨ ਕਿ ਰਾਮੇਸ਼ਵਰਮ ਜਾ ਕੇ ਪੂਜਾ ਅਤੇ ਇਸ਼ਨਾਨ ਕਰਨ ਮਗਰੋਂ ਹੀ ਕਾਸ਼ੀ ਪੂਜਾ ਪੂਰੀ ਹੋਈ ਮੰਨੀ ਜਾਂਦੀ ਹੈ। ਇਸ ਤੋਂ ਇਹ ਗੱਲ ਵੀ ਸਪੱਸ਼ਟ ਹੁੰਦੀ ਹੈ ਕਿ ਇਹ ਭਾਰਤ ਦੇ ਉੱਤਰੀ ਅਤੇ ਦੱਖਣੀ ਹਿੱਸੇ ਨੂੰ ਇੱਕ ਸੂਤਰ ਵਿੱਚ ਬੰਨ੍ਹ ਕੇ ਰੱਖਣ ਦੀ ਕੋਸ਼ਿਸ਼ ਵੀ ਹੈ। ਰਾਮੇਸ਼ਵਰਮ ਦਾ ਜ਼ਿਕਰ ਰਾਮਾਇਣ ਸਮੇਂ ਤੋਂ ਹੀ ਹੁੰਦਾ ਆ ਰਿਹਾ ਹੈ। ਇਹ



ਸਥਾਨ ਹਿੰਦੂਆਂ ਦੇ ਮੁੱਖ ਧਾਮਾਂ ਵਿੱਚੋਂ ਇੱਕ ਹੈ। ਮਿਥਿਹਾਸ ਮੁਤਾਬਿਕ ਭਗਵਾਨ ਵਿਸ਼ਨੂੰ ਦੇ ਅਵਤਾਰ, ਸ੍ਰੀ ਰਾਮ ਨੇ ਲੰਕਾ ਵਿੱਚ ਰਾਮਾਇਣ ਯੁੱਧ ਦੌਰਾਨ ਹੋਏ ਪਾਪਾਂ ਤੋਂ ਮੁਕਤੀ ਪਾਉਣ ਲਈ ਇੱਥੇ ਪੂਜਾ ਕੀਤੀ ਸੀ। ਕਹਿੰਦੇ ਹਨ ਕਿ ਰਾਵਣ ਨੂੰ ਮਾਰ ਕੇ ਵਾਪਸ ਆ ਰਹੇ ਸ੍ਰੀ ਰਾਮ ਪ੍ਰਤੀ ਕੁਝ ਤਪੱਸਵੀਆਂ ਨੇ ਹੱਤਿਆ ਦੇ ਪਾਪ ਕਾਰਨ ਘ੍ਰਿਣਾ ਪ੍ਰਗਟ ਕੀਤੀ। ਸੋ ਉਨ੍ਹਾਂ ਨੇ ਇਸ ਸਥਾਨ 'ਤੇ ਭਗਵਾਨ ਸ਼ਿਵ ਦੀ ਪੂਜਾ ਕਰਕੇ ਇਸ ਦਾ ਪਸ਼ਚਾਤਾਪ ਕਰਨ ਦਾ ਫ਼ੈਸਲਾ ਲਿਆ।

ਇਸ ਮੰਦਿਰ ਵਿੱਚ ਦੋ ਸ਼ਿਵਲਿੰਗ ਹਨ ਜਿਨ੍ਹਾਂ ਦੀ ਪੂਜਾ ਕੀਤੀ ਜਾਂਦੀ ਹੈ। ਇਸ ਮੰਦਿਰ ਅੰਦਰ 22 ਕੁੰਡ (ਤੀਰਥਮ) ਹਨ। ਇਨ੍ਹਾਂ ਕੁੰਡਾਂ 'ਤੇ ਨਹਾਉਣਾ ਪਵਿੱਤਰ ਸਮਝਿਆ ਜਾਂਦਾ ਹੈ। ਮੰਦਿਰ ਵਿੱਚ ਪੂਜਾ ਤੋਂ ਬਾਅਦ ਸਮੁੰਦਰ ਵਿੱਚ ਇਸ਼ਨਾਨ ਕੀਤਾ ਜਾਂਦਾ ਹੈ ਅਤੇ ਇਸ ਇਸ਼ਨਾਨ ਤੋਂ ਬਾਅਦ ਹੀ ਪੂਜਾ ਪੂਰੀ ਮੰਨੀ ਜਾਂਦੀ ਹੈ। ਇਹ ਵੀ ਜ਼ਿਕਰਯੋਗ ਹੈ ਕਿ ਬਾਕੀ ਬੀਚਜ਼ ਨੇੜਲੇ ਸਮੁੰਦਰੀ ਪਾਣੀ ਵਿੱਚ ਬਹੁਤ ਜ਼ਿਆਦਾ ਹਲਚਲ ਸੀ, ਪਰ ਰਾਮੇਸ਼ਵਰਮ ਵਿਖੇ ਸਮੁੰਦਰ ਬਿਲਕੁਲ ਸ਼ਾਂਤ ਸੀ।

ਡਾ. ਏ.ਪੀ.ਜੇ. ਅਬਦੁਲ ਕਲਾਮ ਦੀ ਸਮਾਧੀ: ਭਾਰਤ ਦੇ ਸਾਬਕਾ ਰਾਸ਼ਟਰਪਤੀ ਅਤੇ ਮਿਜ਼ਾਈਲ ਮੈਨ ਵਜੋਂ ਜਾਣੇ ਜਾਂਦੇ ਮਰਹੂਮ ਡਾ. ਏ.ਪੀ.ਜੇ. ਅਬਦੁਲ ਕਲਾਮ ਦੀ ਇੱਛਾ ਅਨੁਸਾਰ ਉਨ੍ਹਾਂ ਦੀ ਮ੍ਰਿਤਕ ਦੇਹ ਨੂੰ ਵੀ ਰਾਮੇਸ਼ਵਰਮ ਵਿੱਚ ਹੀ ਦਫ਼ਨਾਇਆ ਗਿਆ। ਉਨ੍ਹਾਂ ਦੀ ਸਮਾਧੀ ਪੇਈ ਕਾਰੁਮਬੂ ਸਥਾਨ 'ਤੇ ਹੈ ਜੋ ਰਾਮੇਸ਼ਵਰਮ ਤੋਂ ਕੁਝ ਕਿਲੋਮੀਟਰ ਪਹਿਲਾਂ ਆਉਂਦਾ ਹੈ। ਸਾਡੇ ਦੌਰੇ ਸਮੇਂ ਡਾ. ਕਲਾਮ ਦੀ ਸਮਾਧੀ ਉੱਤੇ ਇੱਕ ਕਾਫ਼ੀ ਉੱਚੀ ਲਾਈਟ ਲਗਾਈ ਗਈ ਸੀ, ਪਰ ਉਸ ਲਾਈਟ ਦੇ ਹੇਠਾਂ ਬਣੇ ਥੜ੍ਹੇ 'ਤੇ ਡਾ. ਅਬਦੁਲ ਕਲਾਮ ਬਾਰੇ ਦਿੱਤੀ ਗਈ ਜਾਣਕਾਰੀ ਤਾਮਿਲ ਭਾਸ਼ਾ ਵਿੱਚ ਹੋਣ ਕਰਕੇ ਅਸੀਂ ਪੜ੍ਹ ਨਹੀਂ ਸਕੇ।

ਧਨੁਸ਼ਕੋਡੀ: ਇਹ ਭਾਰਤ ਦਾ ਦੱਖਣ-ਪੂਰਬ ਦਾ ਆਖ਼ਰੀ ਜ਼ਮੀਨੀ ਸਿਰਾ ਹੈ ਅਤੇ ਰਾਮੇਸ਼ਵਰਮ ਤੋਂ 20 ਕਿਲੋਮੀਟਰ ਦੂਰ ਹੈ। ਇੱਕ ਕਥਾ ਮੁਤਾਬਿਕ ਜਦੋਂ ਸ੍ਰੀ ਰਾਮ ਨੇ ਲੰਕਾ 'ਤੇ ਚੜ੍ਹਾਈ ਕਰਨ ਲਈ ਰਾਮਸੇਤੂ ਬਣਾਇਆ ਤਾਂ ਉਨ੍ਹਾਂ ਨੇ ਆਪਣੇ ਧਨੁਸ਼ ਨਾਲ ਇਸ ਸਥਾਨ 'ਤੇ ਇਸ਼ਾਰਾ ਕਰਕੇ ਰਾਮਸੇਤੂ ਬਣਾਉਣ ਲਈ ਕਿਹਾ ਸੀ ਜਿਸ ਕਰਕੇ ਇਸ ਦਾ ਨਾਮ ਧਨੁਸ਼ਕੋਡੀ ਪਿਆ। ਇੱਕ ਹੋਰ ਕਥਾ ਮੁਤਾਬਿਕ ਸ੍ਰੀ ਰਾਮ, ਰਾਵਣ ਨੂੰ ਮਾਰ ਕੇ ਲੰਕਾ ਦਾ ਰਾਜ ਭਿਵੀਸ਼ਣ ਹਵਾਲੇ ਕਰ ਕੇ ਵਾਪਸ ਆਉਣ ਲੱਗੇ ਤਾਂ ਉਸ ਨੇ ਡਰ ਜ਼ਾਹਿਰ ਕੀਤਾ ਕਿ ਜੇ ਕੋਈ ਦੁਸ਼ਮਣ ਰਾਮਸੇਤੂ ਦੀ ਮਦਦ ਨਾਲ ਲੰਕਾ 'ਤੇ ਹਮਲਾ ਕਰ ਦੇਵੇ ਤਾਂ ਫਿਰ ਉਹ ਕੀ ਕਰੇ? ਕਹਿੰਦੇ ਹਨ ਕਿ ਸ੍ਰੀ ਰਾਮ ਨੇ ਲੰਕਾ ਤੋਂ ਫ਼ੌਜ ਵਾਪਸ ਇਸ ਸਥਾਨ 'ਤੇ ਲਿਆ ਕੇ ਆਪਣੇ ਧਨੁਸ਼ ਨਾਲ ਰਾਮਸੇਤੂ ਨੂੰ ਤੋੜ ਦਿੱਤਾ ਜਿਸ ਕਰਕੇ ਇਸ ਸਥਾਨ ਦਾ ਨਾਂ ਧਨੁਸ਼ਕੋਡੀ ਪਿਆ। ਸ਼ਰਧਾਲੂ ਰਾਮੇਸ਼ਵਰਮ ਪੂਜਾ ਤੋਂ ਬਾਅਦ ਇੱਥੇ ਵੀ ਜਾਂਦੇ ਹਨ। 22-23 ਦਸੰਬਰ 1964 ਦੀ ਰਾਤ ਤੋਂ ਪਹਿਲਾਂ ਇਹ ਇੱਕ ਚਹਿਲ-ਪਹਿਲ ਵਾਲਾ ਸਥਾਨ ਸੀ ਅਤੇ ਇੱਥੇ ਸ੍ਰੀਲੰਕਾ ਲਈ ਯਾਤਰੀਆਂ ਅਤੇ ਸਾਮਾਨ ਦੀ ਢੋਆ-ਢੁਆਈ ਹੁੰਦੀ ਸੀ, ਪਰ ਉਸ ਰਾਤ ਸਮੁੰਦਰ ਵਿੱਚ ਆਈ ਸੁਨਾਮੀ ਨੇ ਇਸ ਸ਼ਹਿਰ ਨੂੰ ਤਹਿਸ-ਨਹਿਸ



ਕਰ ਦਿੱਤਾ। ਉਸ ਵੇਲੇ ਪਾਮਬਨ ਤੋਂ ਆ ਰਹੀ ਰੇਲ ਗੱਡੀ, ਜਿਸ ਵਿੱਚ 110 ਯਾਤਰੀ ਅਤੇ ਰੇਲਵੇ ਸਟਾਫ ਦੇ ਪੰਜ ਮੈਂਬਰ ਸਨ, ਧਨੁਸ਼ਕੋਡੀ ਤੋਂ ਕੁਝ ਗਜ਼ ਹੀ ਦੂਰ ਸੀ। ਉਸ ਰੇਲ ਗੱਡੀ ਨੂੰ ਸੁਨਾਮੀ ਵਹਾ ਕੇ ਲੈ ਗਈ ਅਤੇ ਮਿੰਟਾਂ ਵਿੱਚ ਹੀ 115 ਜਾਨਾਂ ਸਮੁੰਦਰ ਵਿੱਚ ਸਮਾ ਗਈਆਂ। ਇੱਕ ਰਿਪੋਰਟ ਮੁਤਾਬਿਕ ਇਸ ਸੁਨਾਮੀ ਨਾਲ 1800 ਦੇ ਕਰੀਬ ਜਾਨਾਂ ਗਈਆਂ। ਇਸ ਤਬਾਹੀ ਦੇ ਮੱਦੇਨਜ਼ਰ ਸਰਕਾਰ ਨੇ ਇਸ ਸਥਾਨ ਨੂੰ ਰਹਿਣ ਲਈ ਅਯੋਗ ਐਲਾਨ ਦਿੱਤਾ। ਹੁਣ ਇਹ ਸ਼ਹਿਰ 'ਗੋਸਟ ਸਿਟੀ' ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਸ ਸਥਾਨ 'ਤੇ ਉਸ ਵੇਲੇ ਦੇ ਗਿਰਜਾਘਰ, ਡਾਕਘਰ ਅਤੇ ਕੁਝ ਹੋਰ ਇਮਾਰਤਾਂ ਦੀ ਰਹਿੰਦ-ਖੂੰਹਦ ਵੇਖੀ ਜਾ ਸਕਦੀ ਹੈ। ਅੱਜਕੱਲ੍ਹ ਕੁਝ ਮਛੇਰੇ ਆਪਣੀ ਰੋਜ਼ੀ-ਰੋਟੀ ਲਈ ਇਸ ਸਥਾਨ 'ਤੇ ਝੁੱਗੀਆਂ ਬਣਾ ਕੇ ਰਹਿ ਰਹੇ ਹਨ। ਮਰਦ ਵੱਡੀਆਂ ਮੱਛੀਆਂ ਫੜ ਕੇ ਮੰਡੀ ਵਿੱਚ ਵੇਚਣ ਜਾਂਦੇ ਹਨ ਜਦੋਂਕਿ ਔਰਤਾਂ ਨੂੰ ਛੋਟੀਆਂ ਮੱਛੀਆਂ ਨੂੰ ਧੁੱਪ ਵਿੱਚ ਸੁਕਾਉਂਦਿਆਂ ਵੇਖਿਆ ਜਾ ਸਕਦਾ ਹੈ। ਧਨੁਸ਼ਕੋਡੀ ਦੇ ਇੱਕ ਪਾਸੇ ਬੰਗਾਲ ਦੀ ਖਾੜੀ ਹੈ ਅਤੇ ਦੂਜੇ ਪਾਸੇ ਹਿੰਦ ਮਹਾਂਸਾਗਰ। ਧਨੁਸ਼ਕੋਡੀ ਦੇ ਇੱਕ ਸਥਾਨ 'ਤੇ ਪਹੁੰਚ ਕੇ ਅੱਗੇ ਆਖ਼ਰੀ ਬਿੰਦੂ ਤਕ ਆਪਣੀ ਗੱਡੀ ਵਿੱਚ ਜਾਣਾ ਸੰਭਵ ਨਹੀਂ ਹੈ। ਉਸ ਤੋਂ ਅੱਗੇ ਕੋਈ 2-3 ਕਿਲੋਮੀਟਰ ਦਾ ਸਫ਼ਰ ਸਥਾਨਕ ਗੱਡੀ ਵਿੱਚ ਕਰਨਾ ਪੈਂਦਾ ਹੈ। ਇਹ ਗੱਡੀਆਂ ਸਵਾਰੀਆਂ ਪੂਰੀਆਂ ਹੋਣ 'ਤੇ ਸਮੁੰਦਰ ਕਿਨਾਰੇ ਰੇਤ ਅਤੇ ਪਾਣੀ ਵਿੱਚੋਂ ਲੰਘਦੀਆਂ ਹੋਈਆਂ ਆਖ਼ਿਰ ਤਕ ਜਾਂਦੀਆਂ ਹਨ। ਇਨ੍ਹਾਂ ਗੱਡੀਆਂ ਵਿੱਚ ਸਫ਼ਰ ਕਰਨ ਦਾ ਵੱਖਰਾ ਹੀ ਆਨੰਦ ਹੈ। ਕੁਝ ਸਮਾਂ ਇੱਥੇ ਰੁਕਣ ਤੋਂ ਬਾਅਦ ਇਹ ਸਵਾਰੀਆਂ ਨੂੰ ਲੈ ਕੇ ਵਾਪਸ ਚੱਲ ਪੈਂਦੀਆਂ ਹਨ। ਗ਼ੌਰਤਲਬ ਹੈ ਕਿ ਧਨੁਸ਼ਕੋਡੀ ਦਾ ਆਖ਼ਰੀ ਜ਼ਮੀਨੀ ਬਿੰਦੂ ਅਰੀਸ਼ਲ ਮੁਨਾਈ ਹੈ, ਪਰ ਇਹ ਸਿਰਫ਼ ਅਪਰੈਲ ਅਤੇ ਮਈ ਵਿੱਚ ਹੀ ਵਿਖਾਈ ਦਿੰਦਾ ਹੈ ਜਦੋਂਕਿ ਬਾਕੀ ਸਮਾਂ ਸਮੁੰਦਰ ਵਿੱਚ ਡੁੱਬਿਆ ਰਹਿੰਦਾ ਹੈ।

## ਸੰਪਾਦਕੀ

# ਵਿਕਾਸ ਦੇ ਨਾਮ 'ਤੇ ਪਹਾੜਾਂ ਵਿਚ ਖੁਦ ਲਿਆਉਂਦੀਆਂ ਕੁਦਰਤੀ ਆਫ਼ਤਾਂ

ਹਿਮਾਚਲ ਪ੍ਰਦੇਸ਼ ਵਿੱਚ ਹੋਈ ਅਤੇ ਹੋ ਰਹੀ ਤਬਾਹੀ ਭਾਵੇਂ ਭਾਰੀ ਮੀਂਹ ਪੈਣ, ਬੱਦਲ ਫੱਟਣ, ਫਲੈਸ਼ ਫਲੱਡ ਆਦਿ ਵਰਗੀਆਂ ਕੁਦਰਤੀ ਆਫ਼ਤਾਂ ਕਰ ਕੇ ਹੋ ਰਹੀ ਹੈ ਪਰ ਇਹ ਸਭ ਕੁਝ ਕੁਦਰਤੀ ਨਹੀਂ। ਇਹ ਤਬਾਹੀ ਮੌਸਮੀ ਤਬਦੀਲੀਆਂ ਅਤੇ ਸੂਬੇ ਦੇ ਸੰਵੇਦਨਸ਼ੀਲ ਵਾਤਾਵਰਨ ਨਾਲ ਮਨੁੱਖ ਦੀ ਲੋੜੋਂ ਵੱਧ ਛੇੜਛਾੜ ਦਾ ਨਤੀਜਾ ਹੈ। ਇਸ ਗੱਲ ਤੋਂ ਇਨਕਾਰੀ ਨਹੀਂ ਹੋਇਆ ਜਾ ਸਕਦਾ ਕਿ ਇਸ ਸਾਲ ਹਿਮਾਚਲ ਪ੍ਰਦੇਸ਼ ਵਿੱਚ ਔਸਤ ਤੋਂ ਜ਼ਿਆਦਾ ਮੀਂਹ ਪਏ। ਇਹ ਵਰਤਾਰਾ ਮੌਸਮੀ ਤਬਦੀਲੀਆਂ ਨਾਲ ਸਬੰਧਿਤ ਹੈ। ਵਿਗਿਆਨੀਆਂ ਨੇ ਆਪਣੀਆਂ ਖੋਜਾਂ ਦੇ ਆਧਾਰ 'ਤੇ ਸਮੇਂ-ਸਮੇਂ ਸਰਕਾਰਾਂ ਨੂੰ ਖ਼ਬਰਦਾਰ ਕਰਦਿਆਂ ਦੱਸਿਆ ਸੀ ਕਿ ਧਰਤੀ ਦਾ ਔਸਤ ਤਾਪਮਾਨ ਤੇਜ਼ੀ ਨਾਲ ਵਧ ਰਿਹਾ ਹੈ ਜਿਸ ਕਾਰਨ ਕੁਦਰਤੀ ਆਫ਼ਤਾਂ ਦੀ ਆਮਦ ਵਿੱਚ ਤੇਜ਼ੀ ਨਾਲ ਵਾਧਾ ਹੋ ਸਕਦਾ ਹੈ। ਤਾਪਮਾਨ ਦਾ ਵਾਧਾ ਰੋਕਣ ਲਈ ਗਰੀਨ ਹਾਊਸ ਗੈਸਾਂ ਦੀ ਨਿਕਾਸੀ ਵਿੱਚ ਤੇਜ਼ੀ ਨਾਲ ਕਟੌਤੀ ਕਰਨ ਦੀ ਲੋੜ ਹੈ, ਕਿਉਂਕਿ ਤਾਪਮਾਨ ਵਿੱਚ ਵਾਧੇ ਦੀ ਇੱਕ ਡਿਗਰੀ ਦਾ ਹਰ ਇੱਕ ਹਿੱਸਾ ਬਹੁਤ ਮਹੱਤਵਪੂਰਨ ਹੁੰਦਾ ਹੈ। ਤਾਪਮਾਨ ਵਿੱਚ ਇੱਕ ਡਿਗਰੀ ਸੈਲਸੀਅਸ ਦੇ ਵਾਧੇ ਨਾਲ ਬਹੁਤ ਜ਼ਿਆਦਾ ਮੀਂਹ ਪੈਣ ਦੀਆਂ ਘਟਨਾਵਾਂ ਵਿੱਚ 7 ਫ਼ੀਸਦ ਵਾਧਾ, ਗਰਮ ਲਹਿਰਾਂ ਦੀ ਆਮਦ ਵਿੱਚ 5 ਗੁਣਾ ਵਾਧਾ, ਚੱਕਰਵਾਤਾਂ ਵਿਚਲੀ ਹਵਾ ਦੀ ਗਤੀ ਵਿੱਚ 5 ਫ਼ੀਸਦ ਵਾਧਾ, ਜੰਗਲੀ ਅੱਗਾਂ ਲੱਗਣ ਵਿੱਚ ਕਈ ਗੁਣਾ ਵਾਧਾ ਹੋ ਸਕਦਾ ਹੈ। ਆਰਥਿਕ ਵਿਕਾਸ ਦੀ ਦੌੜ ਵਿੱਚ ਸਰਕਾਰਾਂ ਨੇ ਵਿਗਿਆਨੀਆਂ ਦੀਆਂ ਚਿਤਾਵਨੀਆਂ ਵੱਲ ਕੋਈ ਧਿਆਨ ਨਹੀਂ ਦਿੱਤਾ; ਨਤੀਜੇ ਵਜੋਂ ਰਿਕਾਰਡ ਅਨੁਸਾਰ, 2014 ਤੋਂ 2024 ਵਾਲਾ ਦਹਾਕਾ ਹੁਣ ਤੱਕ ਦਾ ਸਭ ਤੋਂ ਗਰਮ ਦਹਾਕਾ ਬਣ ਗਿਆ ਹੈ। ਪਿਛਲੇ ਦੋ ਸਾਲ (2023 ਤੇ 2024) ਉਪਰੋਥਲੀ ਹੁਣ ਤੱਕ ਦੇ ਸਭ ਤੋਂ ਗਰਮ ਸਾਲ ਰਹੇ। ਇਨ੍ਹਾਂ 24 ਮਹੀਨਿਆਂ ਵਿੱਚੋਂ 17 ਮਹੀਨਿਆਂ 'ਚ ਧਰਤੀ ਦਾ ਔਸਤ ਤਾਪਮਾਨ ਉਦਯੋਗਿਕ ਇਨਕਲਾਬ ਦੇ ਸਮੇਂ ਤੋਂ ਪਹਿਲਾਂ ਦੇ ਤਾਪਮਾਨ ਨਾਲੋਂ 1.5 ਡਿਗਰੀ ਸੈਲਸੀਅਸ ਤੋਂ ਵੱਧ ਰਿਕਾਰਡ ਕੀਤਾ ਗਿਆ। ਮੌਸਮੀ ਤਬਦੀਲੀ ਤੋਂ ਇਲਾਵਾ ਹਿਮਾਚਲ ਪ੍ਰਦੇਸ਼ ਦੀ ਮੌਜੂਦਾ ਤਬਾਹੀ ਦੇ ਮੁੱਖ ਕਾਰਨ ਆਰਥਿਕ ਵਿਕਾਸ ਦੇ ਨਾਮ ਉੱਤੇ ਬਣ ਰਹੀਆਂ ਚਾਰ ਮਾਰਗੀ ਸੜਕਾਂ, ਪਣ-ਬਿਜਲੀ ਪ੍ਰਾਜੈਕਟ, ਬਹੁ-ਮੰਜ਼ਲੀ ਇਮਾਰਤਾਂ, ਜੰਗਲਾਂ ਦੀ ਅੰਧਾਧੁੰਦ ਕਟਾਈ, ਕੇਬਲ ਕਾਰਾਂ, ਹੈਲੀਪੈਡ ਪ੍ਰਾਜੈਕਟ ਆਦਿ ਹਨ। ਹਿਮਾਚਲ ਨੂੰ ਕੁਦਰਤ ਨੇ ਭਰਪੂਰ ਖ਼ੂਬਸੂਰਤੀ ਅਤੇ ਕੁਦਰਤੀ ਸਰੋਤ ਦਿੱਤੇ ਹਨ। ਇੱਥੋਂ ਦੇ ਨਵੇਂ ਉਭਰਦੇ ਅਤੇ ਉੱਚੇ-ਉੱਚੇ ਪਹਾੜ, ਵੰਨ-ਸਵੰਨੀ ਬਨਸਪਤੀ ਅਤੇ ਠੰਢਾ ਮੌਸਮ ਸੈਲਾਨੀਆਂ ਨੂੰ ਆਪਣੇ ਵੱਲ ਖਿੱਚਦੇ ਹਨ। ਹਿਮਾਚਲ ਸਰਕਾਰ ਨੇ ਇਸ ਦੀ ਕੁਦਰਤੀ ਸੁੰਦਰਤਾ ਦਾ ਫ਼ਾਇਦਾ ਉਠਾਉਂਦੇ ਹੋਏ ਇਸ ਨੂੰ ਸੈਰਗਾਹ ਦੇ ਤੌਰ 'ਤੇ ਉਭਾਰਨ ਲਈ ਚਾਰ ਮਾਰਗੀ ਸੜਕਾਂ ਅਤੇ ਸੁਰੰਗਾਂ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ। ਸੜਕਾਂ ਅਤੇ ਸੁਰੰਗਾਂ ਬਣਾਉਣ ਲਈ ਭਾਰੀ ਮਸ਼ੀਨਾਂ ਅਤੇ ਵਿਸਫੋਟਕ ਸਮੱਗਰੀ ਨਾਲ ਪਹਾੜ ਤੋੜੇ ਗਏ ਜਿਸ ਕਾਰਨ ਪਹਾੜਾਂ ਦਾ ਸੰਤੁਲਨ ਵਿਗੜਨਾ ਸ਼ੁਰੂ ਹੋ ਗਿਆ। ਨਤੀਜੇ ਵਜੋਂ ਪਹਾੜ ਥਾਂ-ਥਾਂ ਤੋਂ ਥੱਲੇ ਖਿਸਕਣੇ ਸ਼ੁਰੂ ਹੋ ਗਏ। ਪਹਾੜੀ ਖੇਤਰਾਂ ਵਿੱਚ ਕਿਸੇ ਵੀ ਤਰ੍ਹਾਂ ਦੇ ਵਿਕਾਸ ਕਾਰਜ ਸ਼ੁਰੂ ਕਰਨ ਲਈ ਪਹਾੜ ਤੋੜਨ ਤੋਂ ਪਹਿਲਾਂ ਜੰਗਲ ਕੱਟਣੇ ਪੈਂਦੇ ਹਨ। ਦਰੱਖ਼ਤਾਂ ਦੀ ਅਣਹੋਂਦ ਕਾਰਨ ਮਿੱਟੀ ਖੁਰਦੀ ਹੈ। ਪਹਾੜਾਂ ਦੀ ਲੋੜੋਂ ਵੱਧ ਕਟਾਈ ਤੇ ਮਿੱਟੀ ਖੁਰਨ ਕਾਰਨ ਪਹਾੜ ਖਿਸਕ ਕੇ ਸੜਕਾਂ 'ਤੇ ਆਵਾਜਾਈ ਠੱਪ ਕਰਦੇ ਹਨ। ਕਈ ਵਾਰੀ ਭਾਰੀ ਮੀਂਹ ਪੈਣ ਨਾਲ ਇਮਾਰਤਾਂ ਅਤੇ ਘਰ ਵੀ ਖਿਸਕ ਕੇ ਤਬਾਹ ਹੋ ਜਾਂਦੇ ਹਨ। 2023 ਵਿੱਚ ਅਤੇ ਇਸ ਸਾਲ (2025) ਵਿੱਚ ਵੀ ਕੁੱਲੂ ਤੇ ਮੰਡੀ ਦੇ ਕਈ ਘਰ ਪਹਾੜ ਖਿਸਕਣ ਨਾਲ ਤਬਾਹ ਹੋ ਗਏ। ਭਾਰਤੀ ਭੂ-ਵਿਗਿਆਨਕ ਸਰਵੇਖਣ ਦੀ 2021 ਦੀ ਰਿਪੋਰਟ ਅਨੁਸਾਰ ਸੂਬੇ ਵਿੱਚ 17,120 ਖੇਤਰ ਅਜਿਹੇ ਹਨ ਜਿੱਥੇ ਪਹਾੜ ਖਿਸਕਣ ਦੀਆਂ ਘਟਨਾਵਾਂ ਵਾਪਰ ਸਕਦੀਆਂ ਹਨ। ਹਿਮਾਚਲ ਵਿੱਚ ਚਾਰ ਮਾਰਗੀ ਸੜਕਾਂ ਦੇ ਕੰਮ ਸ਼ੁਰੂ ਹੋਣ ਤੋਂ ਬਾਅਦ ਹਰ ਸਾਲ ਪਹਾੜ ਖਿਸਕਣ ਦੀਆਂ ਘਟਨਾਵਾਂ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। 2020 ਵਿੱਚ ਪਹਾੜ ਖਿਸਕਣ ਦੀਆਂ ਸਿਰਫ਼ 16 ਘਟਨਾਵਾਂ ਹੋਈਆਂ, 2021 ਵਿੱਚ ਇਨ੍ਹਾਂ ਦੀ ਗਿਣਤੀ 100 ਅਤੇ 2022 ਵਿੱਚ 117 ਹੋ ਗਈ। ਇਸ ਸਾਲ (2025) 7 ਅਗਸਤ ਤੱਕ ਪਹਾੜ ਖਿਸਕਣ ਦੀਆਂ 63 ਘਟਨਾਵਾਂ ਵਾਪਰ ਚੁੱਕੀਆਂ ਸਨ ਜਦੋਂਕਿ ਮੌਨਸੂਨ ਰੁੱਤ ਸਤੰਬਰ ਦੇ ਅਖ਼ੀਰ ਤੱਕ ਰਹਿੰਦੀ ਹੈ। ਚਾਰ ਮਾਰਗੀ ਸੜਕਾਂ ਤੋਂ ਇਲਾਵਾ ਹਿਮਾਚਲ ਪ੍ਰਦੇਸ਼ ਵਿੱਚ ਲੱਗ ਰਹੇ ਪਣ-ਬਿਜਲੀ ਪ੍ਰਾਜੈਕਟ ਵੀ ਕੁਦਰਤੀ ਆਫ਼ਤਾਂ ਦੀ ਮਾਰ ਦੀ ਗਹਿਰਾਈ ਵਿੱਚ ਵਾਧਾ ਕਰ ਰਹੇ ਹਨ। ਹਿਮਧਾਰਾ ਐਨਵਾਇਰਨਮੈਂਟ ਰਿਸਰਚ ਅਤੇ ਐਕਸ਼ਨ ਕਲੈਕਟਿਵ ਦੇ 2019 ਦੇ ਅਧਿਐਨ ਅਨੁਸਾਰ ਭਾਰਤ ਦੇ ਸਾਰੇ ਹਿਮਾਲਿਆਈ ਸੂਬਿਆਂ ਵਿੱਚੋਂ ਹਿਮਾਚਲ ਵਿੱਚ ਪਣ-ਬਿਜਲੀ ਵਿਕਾਸ ਕਾਰਜਾਂ ਦੀ ਗਤੀ ਸਭ ਤੋਂ ਤੇਜ਼ ਹੈ। ਕਿਨੌਰ ਜ਼ਿਲ੍ਹੇ ਵਿੱਚ 53 ਪ੍ਰਾਜੈਕਟ ਲਗਾਉਣ ਦੀ ਵਿਉਂਤਬੰਦੀ ਹੈ ਜਿਨ੍ਹਾਂ ਵਿੱਚੋਂ 17 ਵੱਡੇ ਪ੍ਰਾਜੈਕਟ ਹਨ ਅਤੇ ਵੱਖ-ਵੱਖ ਸਮਰੱਥਾ ਵਾਲੇ 15 ਪ੍ਰਾਜੈਕਟ ਪਹਿਲਾਂ ਹੀ ਕਾਰਜਸ਼ੀਲ ਹਨ। ਪਣ-ਬਿਜਲੀ ਪ੍ਰਾਜੈਕਟ ਦੇ ਮਾੜੇ ਪ੍ਰਭਾਵਾਂ ਕਾਰਨ 2021 ਵਿੱਚ ਕਿਨੌਰ ਦੇ ਲੋਕਾਂ ਨੇ ਝਾਂਗੀ ਤਪੋਵਨ ਪੋਵਾਰੀ ਪਣ-ਬਿਜਲੀ ਪ੍ਰਾਜੈਕਟ ਲਗਾਉਣ ਦਾ ਤਿੱਖਾ ਵਿਰੋਧ ਕੀਤਾ ਸੀ। ਹਿਮਾਲਿਆਈ ਪਹਾੜਾਂ ਵਾਲੇ ਸੂਬਿਆਂ ਵਿੱਚ ਅੱਜ ਕੱਲ੍ਹ ਆਰਥਿਕ ਵਿਕਾਸ ਦੇ ਰੂਪ ਵਿੱਚ ਬਹੁਤ ਦੁੱਖਦਾਈ ਰੁਝਾਨ ਦੇਖਣ ਨੂੰ ਮਿਲ ਰਿਹਾ ਹੈ। ਇਹ ਸੂਬੇ ਪਹਾੜਾਂ ਨੂੰ ਕੁਦਰਤ ਦੀ ਦਾਤ ਸਮਝਣ ਦੀ ਥਾਂ ਵਸਤੂ ਸਮਝ ਕੇ ਉਨ੍ਹਾਂ ਦੇ ਜ਼ੱਰੇ-ਜ਼ੱਰੇ ਤੋਂ ਫ਼ਾਇਦਾ ਉਠਾਉਣ ਵਿੱਚ ਲੱਗੇ ਹੋਏ ਹਨ। ਇਹ ਰੁਝਾਨ ਵੀ ਪਹਾੜੀ ਸੂਬਿਆਂ ਦੀ ਬਰਬਾਦੀ ਦਾ ਕਾਰਨ ਬਣ ਰਿਹਾ ਹੈ। ਹਰ ਸਾਲ ਪਹਾੜਾਂ ਵਿੱਚ ਹੋ ਰਹੀ ਤਬਾਹੀ ਨੂੰ ਦੇਖਦਿਆਂ 28 ਜੁਲਾਈ 2025 ਨੂੰ ਮੈਸਰਜ਼ ਪ੍ਰਿਸਟੀਨ ਹੋਟਲਜ ਅਤੇ ਰਿਜ਼ੌਰਟਜ਼ ਪ੍ਰਾਈਵੇਟ ਲਿਮਟਿਡ ਦੁਆਰਾ ਕੀਤੀ ਅਪੀਲ ਨੂੰ ਸੁਪਰੀਮ ਕੋਰਟ ਨੇ ਖਾਰਜ ਕਰ ਦਿੱਤਾ। ਇਹ ਅਪੀਲ ਸ੍ਰੀ ਤਾਰਾ ਮਾਤਾ ਹਿਲ (ਜੋ ਗਰੀਨ ਬੈਲਟ ਖੇਤਰ ਵਿੱਚ ਹੈ) ਉੱਤੇ ਹੋਟਲ ਬਣਾਉਣ ਬਾਰੇ ਸੀ। ਅਪੀਲ ਖਾਰਜ ਕਰ ਕੇ ਸੁਪਰੀਮ ਕੋਰਟ ਨੇ ਫੈਸਲਾ ਸੁਣਾਇਆ ਕਿ ਅਜਿਹੀਆਂ ਉਸਾਰੀਆਂ ਨਾਲ ਸਮੁੱਚਾ ਹਿਮਾਚਲ ਪ੍ਰਦੇਸ਼ ਭਾਰਤ ਦੇ ਨਕਸ਼ੇ ਤੋਂ ਗਾਇਬ ਹੋ ਸਕਦਾ ਹੈ। ਸੁਪਰੀਮ ਕੋਰਟ ਨੇ ਇਹ ਵੀ ਕਿਹਾ ਕਿ ਮੌਸਮੀ ਤਬਦੀਲੀਆਂ ਦਾ ਅਸਰ ਹੁਣ ਹਿਮਾਚਲ ਪ੍ਰਦੇਸ਼ ਵਿੱਚ ਸਾਫ਼ ਦਿਖਾਈ ਦੇਣ ਲੱਗ ਪਿਆ ਹੈ। ਸੂਬੇ ਦਾ ਔਸਤ ਤਾਪਮਾਨ ਵਧ ਰਿਹਾ ਹੈ, ਬਰਫ਼ ਪੈਣ ਦਾ ਵਰਤਾਰਾ ਬਦਲ ਰਿਹਾ ਹੈ ਅਤੇ ਹਰ ਤਰ੍ਹਾਂ ਦੀਆਂ ਕੁਦਰਤੀ ਆਫ਼ਤਾਂ ਦੀ ਗਿਣਤੀ ਅਤੇ ਮਾਰ ਦੀ ਗਹਿਰਾਈ ਵਧ ਰਹੀ ਹੈ। ਤਾਪਮਾਨ ਦੇ ਵਾਧੇ ਨਾਲ ਗਲੇਸ਼ੀਅਰ ਤੇਜ਼ੀ ਨਾਲ ਪਿਘਲ ਰਹੇ ਹਨ ਜਿਸ ਨਾਲ ਗਲੇਸ਼ੀਅਲ ਝੀਲਾਂ ਦੇ ਫਟਣ ਦਾ ਖ਼ਤਰਾ ਵਧ ਰਿਹਾ ਹੈ। 2023 ਵਿੱਚ ਭਾਰੀ ਮੀਂਹ ਪੈਣ ਕਾਰਨ ਹਿਮਾਚਲ ਵਿੱਚ ਬਹੁਤ ਤਬਾਹੀ ਹੋਈ ਸੀ ਕਿਉਂਕਿ ਚਾਰ ਮਾਰਗੀ ਸੜਕਾਂ ਬਣਨ ਤੋਂ ਬਾਅਦ ਸੈਲਾਨੀਆਂ ਦੀ ਗਿਣਤੀ ਵਧ ਰਹੀ ਸੀ। ਸੈਲਾਨੀਆਂ ਨੂੰ ਠਹਿਰਾਉਣ ਅਤੇ ਉਨ੍ਹਾਂ ਲਈ ਖਾਣ-ਪੀਣ ਅਤੇ ਹੋਰ ਸਹੂਲਤਾਂ ਜੁਟਾਉਣ ਲਈ ਉਨ੍ਹਾਂ ਥਾਵਾਂ ਉੱਤੇ ਵੀ ਕਈ ਬਹੁ-ਮੰਜ਼ਲੀ ਹੋਟਲ, ਕਾਰ ਪਾਰਕਿੰਗ ਬਣਾਏ ਗਏ ਜਿਹੜੀਆਂ ਸੰਵੇਦਨਸ਼ੀਲ ਖੇਤਰ ਵਿੱਚ ਸਨ। ਹਿਮਾਚਲ ਦੇ ਮੁੱਖ ਮੰਤਰੀ ਨੇ ਮੰਨਿਆ ਸੀ ਕਿ ਤਬਾਹੀ ਤੋਂ ਉਭਰਨ ਲਈ 10,000 ਕਰੋੜ ਰੁਪਏ ਲੱਗਣਗੇ। ਤਬਾਹੀ ਤੋਂ ਦੋ ਮਹੀਨੇ ਬਾਅਦ ਹੀ ਸਰਕਾਰ ਨੇ ਹੈਲੀਪੋਰਟ ਬਣਾਉਣ ਦੀ ਯੋਜਨਾਬੰਦੀ ਕਰ ਲਈ ਸੀ। ਹਿਮਾਚਲ ਸਰਕਾਰ ਭਲੀ-ਭਾਂਤ ਜਾਣਦੀ ਹੈ ਕਿ ਸੂਬਾ ਭੂਚਾਲ ਸੰਵੇਦਨਸ਼ੀਲ ਵੀ ਹੈ। ਭੂ-ਵਿਗਿਆਨੀ ਵਾਰ-ਵਾਰ ਸੁਚੇਤ ਕਰ ਰਹੇ ਹਨ ਕਿ ਹਿਮਾਲਿਆਈ ਖੇਤਰ ਵਿੱਚ ਕਦੇ ਵੀ ਕੋਈ ਵੱਡਾ ਭੂਚਾਲ ਆ ਸਕਦਾ ਹੈ। ਇਸ ਲਈ ਸਰਕਾਰ ਨੂੰ ਸੂਬੇ ਨੂੰ ਕੁਦਰਤੀ ਆਫ਼ਤਾਂ ਤੋਂ ਬਚਾਉਣ ਲਈ ਕਿਸੇ ਵੀ ਤਰ੍ਹਾਂ ਦਾ ਵਿਕਾਸ ਕਰਨ ਤੋਂ ਪਹਿਲਾਂ ਵਾਤਾਵਰਨ ਮਾਹਿਰਾਂ, ਭੂ-ਵਿਗਿਆਨੀਆਂ ਅਤੇ ਸਥਾਨਕ ਲੋਕਾਂ ਦੀ ਰਾਇ ਲੈਣੀ ਚਾਹੀਦੀ ਹੈ। ਨਦੀਆਂ ਦੇ ਵਹਾਅ ਖੇਤਰਾਂ, ਪਹਾੜ ਖਿਸਕਣ, ਭੂਚਾਲ ਸੰਵੇਦਨਸ਼ੀਲ ਆਦਿ ਖੇਤਰਾਂ ਦੀ ਨਿਸ਼ਾਨਦੇਹੀ ਕਰ ਕੇ ਉਨ੍ਹਾਂ ਖੇਤਰਾਂ ਨੂੰ ਕਾਨੂੰਨੀ ਉੱਤੇ ਉਸਾਰੀ ਨਾ-ਕਾਬਿਲ ਖੇਤਰ ਐਲਾਨਣਾ ਚਾਹੀਦਾ ਹੈ। ਸੂਬੇ ਦੇ ਕੁਦਰਤੀ ਵਾਤਾਵਰਨ ਨੂੰ ਬਚਾਉਣ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਚਾਰ ਮਾਰਗੀ ਸੜਕਾਂ ਬਣਾਉਣ ਦੀ ਥਾਂ ਪੁਰਾਣੀਆਂ ਸੜਕਾਂ ਦੀ ਮੁਰੰਮਤ ਕਰਵਾ ਕੇ ਉਨ੍ਹਾਂ ਨੂੰ ਆਵਾਜਾਈ ਦੇ ਯੋਗ ਬਣਾਵੇ। ਪਹਾੜੀ ਖੇਤਰਾਂ ਦੀ ਸਮਰੱਥਾ ਅਨੁਸਾਰ ਹੀ ਹੋਟਲ ਬਣਾਏ ਜਾਣ। ਇਸ ਦੇ ਨਾਲ-ਨਾਲ ਸੈਲਾਨੀਆਂ ਦੀ ਗਿਣਤੀ ਵੀ ਤੈਅ ਹੋਣੀ ਚਾਹੀਦੀ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਪ੍ਰਾਈਵੇਟ ਗੱਡੀਆਂ, ਹੈਲੀਕਾਪਟਰਾਂ ਦੀ ਥਾਂ ਸੈਲਾਨੀਆਂ ਨੂੰ ਜਨਤਕ ਆਵਾਜਾਈ ਦੇ ਸਾਧਨ ਮੁਹੱਈਆ ਕਰਵਾਏ। ਜਨਤਕ ਆਵਾਜਾਈ ਦੇ ਸਾਧਨ ਮੁਹੱਈਆ ਕਰਵਾਉਣ ਅਤੇ ਸੈਲਾਨੀਆਂ ਦੀ ਗਿਣਤੀ ਤੈਅ ਕਰਨ ਨਾਲ ਹੋਟਲਾਂ ਤੇ ਕਾਰ ਪਾਰਕਿੰਗ ਇਮਾਰਤਾਂ ਦੀ ਜ਼ਿਆਦਾ ਲੋੜ ਨਹੀਂ ਰਹੇਗੀ।

# ਬਿਜਲੀ ਦੇ ਸ਼ਾਰਟ ਸਰਕਟ ਕਾਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਿੰਨ ਪਾਵਨ ਸਰੂਪ ਹੋਇ ਅਗਨ ਭੇਂਟ, ਸੰਗਤਾਂ ਵਿੱਚ ਸੋਗ ਦੀ ਲਹਿਰ



**ਮਾਛੀਵਾੜਾ ਸਾਹਿਬ, 16 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਮਰਾਲਾ ਦੇ ਨਜ਼ਦੀਕੀ ਪਿੰਡ ਸ੍ਰੀ ਝਾੜ ਸਾਹਿਬ ਵਿਖੇ ਨਹਿਰ ਤੇ ਸੁਸ਼ੋਭਿਤ ਕਾਰ ਸੇਵਾ ਗੁਰਦੁਆਰਾ ਸਾਹਿਬ ਵਿੱਚ ਬਿਜਲੀ ਦੇ ਸ਼ਾਰਟ ਸਰਕਟ ਕਾਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਿੰਨ ਪਾਵਨ ਸਰੂਪ ਅਗਨ ਭੇਟ ਹੋ ਗਏ ।ਮੌਕੇ ਤੇ ਪਹੁੰਚੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹਰਜਤਿੰਦਰ ਸਿੰਘ ਬਾਜਵਾ ਨੇ ਦੱਸਿਆ ਕਿ ਕੱਲ੍ਹ ਦੇਰ ਸ਼ਾਮ ਗੁਰਦੁਆਰਾ ਸਾਹਿਬ ਕਾਰ ਸੇਵਾ ਦੇ ਸੱਚਖੰਡ ਸਾਹਿਬ ਵਿੱਚ ਬਿਜਲੀ ਦੀ ਤਾਰਾਂ ਦੇ ਸ਼ਾਰਟ ਸਰਕਟ ਕਾਰਨ ਅੱਗ ਲੱਗਣ ਨਾਲ ਏ.ਸੀ.ਦਾ ਕੰਪਰੈਸ਼ਰ ਫੱਟ ਗਿਆ ਜਿਸ ਕਾਰਨ ਅੱਗ ਲੱਗ ਗਈ ।ਅੱਗ ਵਧਣ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਿੰਨ ਪਾਵਨ ਸਰੂਪ ਅਗਨ ਭੇਟ ਹੋ ਗਏ ਜਿਸ ਦੀ ਸੂਚਨਾ ਮਿਲਦੇ ਸਾਰ ਹੀ ਗੁਰਦੁਆਰਾ ਝਾੜ ਸਾਹਿਬ ਤੋਂ ਸ਼੍ਰੋਮਣੀ ਪ੍ਰਬੰਧਕ ਕਮੇਟੀ ਦੇ ਮੈਂਬਰ ਸਾਹਿਬਾਨ ਪਹੁੰਚੇ ,ਜਿਨਾਂ ਨਾਲ ਪੱਤਰਕਾਰ ਵੀ ਮੌਕੇ ਤੇ ਪਹੁੰਚੇ ।ਸਭ ਤੋਂ ਪਹਿਲਾਂ ਪਾਵਨ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੰਭਾਲਿਆ, ਅਤੇ ਗੁਰਦੁਆਰਾ ਸਾਹਿਬ ਵਿੱਚ ਸੰਗਤ ਨੇ ਸਾਰੀ ਰਾਤ ਬੈਠ ਕੇ ਜਾਪ ਕੀਤਾ ।

ਇਸ ਸਾਰੀ ਘਟਨਾ ਦੀ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹਰਜਿੰਦਰ ਸਿੰਘ ਧਾਮੀ ਜੀ ਨੂੰ ਸੂਚਨਾ ਦੇ ਦਿੱਤੀ ਗਈ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੈਨੇਜਰ ਸਾਹਿਬ ਨੂੰ ਵੀ ਇਸ ਦੀ ਸੂਚਨਾ ਦਿੱਤੀ ਗਈ ਅਤੇ ਉਹਨਾਂ ਨੇ ਪੰਜ ਸਿੰਘ ਸਾਹਿਬਾਨਾਂ ਦੀ ਡਿਊਟੀ ਲਗਾਈ ਜਿਨ੍ਹਾਂ ਨੇ ਗੁਰਦੁਆਰਾ ਕਾਰ ਸੇਵਾ ਝਾੜ ਸਾਹਿਬ ਵਿਖੇ ਪੂਰੀ ਗੁਰੂ ਮਰਿਆਦਾ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਨੂੰ ਸੰਭਾਲਿਆ ਅਤੇ ਇਹਨਾਂ ਸਰੂਪਾਂ ਨੂੰ ਅੱਜ ਸਵੇਰੇ ਗੋਇੰਦਵਾਲ ਸਾਹਿਬ ਨੂੰ ਰਵਾਨਾ ਕੀਤਾ ਉਹਨਾਂ ਕਿਹਾ ਕਿ ਅੱਜ ਮਨ ਬੜਾ ਉਦਾਸ ਹੈ ਪਰ ਅਸੀਂ ਕੁਝ ਕਰ ਨਹੀਂ ਸਕਦੇ ਕਿਉਂਕਿ ਹਾਦਸਾ ਹੋਇਆ ਹੈ, ਜਿਸ ਨੂੰ ਲੈ ਕੇ ਸੰਗਤ ਵੀ ਬਹੁਤ ਦੁਖੀ ਹੈ ਅਤੇ ਮੈਂ ਅਪੀਲ ਕਰਦਾ ਹਾਂ ਕਿ ਕਿਰਪਾ ਕਰਕੇ ਆਪਸ ਵਿੱਚ ਸ਼ਾਂਤੀ ਬਣਾ ਕੇ ਰੱਖੋ ਕੋਈ ਵੀ ਗਲਤ ਅਫਵਾਹ ਨਾ ਫੈਲਾਓ।

# ਆਲ ਇੰਡੀਆ ਰਾਮਗੜ੍ਹੀਆ ਬੋਰਡ ਵੱਲੋਂ ਸਾਬਕਾ ਜਥੇਦਾਰ ਹਰਪ੍ਰੀਤ ਸਿੰਘ ਦੇ ਗੁਰਬਾਣੀ ਬਾਰੇ ਬਿਆਨ ਦਾ ਸਖ਼ਤ ਵਿਰੋਧ ਹੋਇਆ ਸ਼ੁਰੂ

**ਲੁਧਿਆਣਾ, 16 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**




ਆਲ ਇੰਡੀਆ ਰਾਮਗੜ੍ਹੀਆ ਬੋਰਡ ਦੇ ਪ੍ਰਧਾਨ ਇੰਜੀਨੀਅਰ ਪਰਮਜੀਤ ਸਿੰਘ ਭਾਰਜ, ਚੇਅਰਮੈਨ ਸੁਖਵਿੰਦਰ ਸਿੰਘ ਸੋਹਲ ਅਤੇ ਹੋਰ ਮੈਂਬਰਾਂ ਵੱਲੋਂ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਗੁਰਬਾਣੀ ਬਾਰੇ ਦਿੱਤੇ ਗਏ ਬਿਆਨ ਨੂੰ ਲੈ ਕੇ ਗੰਭੀਰ ਚਿੰਤਾ ਅਤੇ ਸਖ਼ਤ ਵਿਰੋਧ ਜ਼ਾਹਰ ਕੀਤਾ ਗਿਆ।

ਪ੍ਰਧਾਨ ਇੰਜੀਨੀਅਰ ਪਰਮਜੀਤ ਸਿੰਘ ਭਾਰਜ ਨੇ ਕਿਹਾ ਕਿ ਹਰਪ੍ਰੀਤ ਸਿੰਘ ਵੱਲੋਂ ਰਾਜਨੀਤਕ ਰੰਜਿਸ਼ ਰੱਖਦੇ ਹੋਏ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਬਾਰੇ ਟਿੱਪਣੀ ਕਰਦਿਆਂ ਇਹ ਕਹਿਣਾ ਕਿ ਉਹ ਗੁਰਬਾਣੀ ਵੇਚ ਕੇ ਦੌਲਤ ਕਮਾ ਰਿਹਾ ਹੈ ਸਿਰਫ਼ ਇੱਕ ਆਪਸੀ ਲੜਾਈ ਹੈ, ਜਿਸਦਾ ਸਿੱਧਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿਤਰਤਾ ਤੇ ਹਮਲਾ ਹੈ।

ਉਹਨਾਂ ਕਿਹਾ ਕਿ ਸਿਆਸੀ ਵਿਰੋਧ ਹੋ ਸਕਦਾ ਹੈ, ਪਰ ਗੁਰਬਾਣੀ ਨੂੰ ਰਾਜਨੀਤਕ ਹਥਿਆਰ ਬਣਾਉਣਾ, ਕਿਸੇ ਵੀ ਸਿੱਖ ਖ਼ਾਸ ਕਰਕੇ ਸਾਬਕਾ ਜਥੇਦਾਰ ਲਈ ਕਦੇ ਵੀ ਉਚਿਤ ਨਹੀਂ ਹੈ। ਗੁਰਬਾਣੀ ਰੱਬ ਦੀ ਬਾਣੀ ਹੈ ਜਿਸ ਨੂੰ ਨਾਂਹ ਕੋਈ ਵੇਚ ਸਕਦਾ, ਨਾਂਹ ਹੀ ਖ ?ਰੀਦ ਸਕਦਾ, ਗੁਰਬਾਣੀ ਮਨੁੱਖਤਾ ਲਈ ਰਾਹ ਹੈ, ਨਾ ਕਿ ਰਾਜਨੀਤਿਕ ਰੰਜਿਸ਼ ਨਿਪਟਾਉਣ ਦਾ ਸਾਧਨ।

ਪ੍ਰਧਾਨ ਭਾਰਜ ਨੇ ਕਿਹਾ ਹਰਪ੍ਰੀਤ ਸਿੰਘ ਦਾ ਇਹ ਬਿਆਨ ਸਿੱਖ ਮਰਿਆਦਾ, ਪੰਥਕ ਇਤਿਹਾਸ ਅਤੇ ਸਿੱਖੀ ਦੀ ਆਤਮਕ ਆਸਥਾ 'ਤੇ ਹਮਲਾ ਹੈ। ਜਿਸ ਵਿਅਕਤੀ ਨੇ ਕਦੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵਾਂਗੋ ਉੱਚ ਪਦ ਸੰਭਾਲਿਆ ਹੋਵੇ, ਉਸ ਵੱਲੋਂ ਅਜਿਹੀ ਟਿੱਪਣੀ ਕਰਨਾ ਬਹੁਤ ਹੀ ਅਫ਼ਸੋਸਜਨਕ ਅਤੇ ਨਿੰਦਣਯੋਗ ਹੈ ਹੁਣ ਸਭ ਸੰਗਤਾਂ ਸਿੱਖ ਕੌਮ ਅਤੇ ਪੰਥ ਨੂੰ ਪ੍ਰਤੀਤ ਹੋ ਰਿਹਾ ਹੈ ਅਜਿਹੀਆਂ ਹਰਕਤਾਂ ਕਾਰਨ ਹੀ ਜਥੇਦਾਰ ਦੇ ਅਹੁਦੇਦਾਰੀ ਤੋਂ ਕਮੇਟੀ ਵੱਲੋਂ ਹਟਾਇਆ ਗਿਆ ਹੋਵੇਗਾ।

ਆਲ ਇੰਡੀਆ ਰਾਮਗੜ੍ਹੀਆ ਬੋਰਡ ਸੰਗਤਾਂ ਵੱਲੋਂ ਸਾਫ ਮੰਗ ਕਰਦਾ ਹੈ ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਤੁਰੰਤ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਹਜ਼ੂਰੀ ਵਿੱਚ ਮਾਫੀ ਮੰਗਣ,ਸੰਪੂਰਨ ਸਿੱਖ ਕੌਮ ਤੋਂ ਖੁੱਲ੍ਹੀ ਤੌਰ 'ਤੇ ਮਾਫੀ ਮੰਗਣ,ਅਗਲੇ ਸਮੇਂ ਲਈ ਇਹ ਵਾਅਦਾ ਕਰਨ ਕਿ ਉਹ ਧਾਰਮਿਕ ਮਰਿਆਦਾਵਾਂ ਦੀ ਪੂਰੀ ਇੱਜ਼ਤ ਕਰਣਗੇ ਅਤੇ ਗੁਰਬਾਣੀ ਨੂੰ ਰਾਜਨੀਤਕ ਮਾਮਲਿਆਂ ਵਿੱਚ ਨਹੀਂ ਲੈ ਕੇ ਆਉਣਗੇ।

ਇੰਜੀਨੀਅਰ ਪਰਮਜੀਤ ਸਿੰਘ ਭਾਰਜ ਨੇ ਆਖ਼ਰ 'ਚ ਸਿੱਖ ਸੰਗਤਾਂ ਨੂੰ ਸੰਦੇਸ਼ ਦਿੱਤਾ ਕਿ ਸਾਡੀ ਧਾਰਮਿਕ ਪਵਿਤਰਤਾ ਤੇ ਕੋਈ ਵੀ ਹਮਲਾ ਕਦੇ ਵੀ ਸਵੀਕਾਰ ਨਹੀਂ ਕੀਤਾ ਜਾ ਸਕਦਾ।

ਅਸੀਂ ਸਿੱਖ ਕੌਮ ਨੂੰ ਅਪੀਲ ਕਰਦੇ ਹਾਂ ਕਿ ਰਾਜਨੀਤਕ ਰੰਗਾਂ ਤੋਂ ਉੱਪਰ ਉੱਠ ਕੇ, ਸਿਆਣਪ ਅਤੇ ਇਕਤਾ ਨਾਲ ਸੱਚ ਦੇ ਪੱਖ 'ਚ ਆਵਾਜ਼ ਉਠਾਈ ਜਾਵੇ।

# ਨਰਿੰਦਰ ਮੋਦੀ ਦਾ ਪੰਜਾਬ ਫੇਰੀ ਦੌਰਾਨ ਖਾਨਾ ਪੂਰਤੀ ਐਲਾਨ, ਹੜ ਪੀੜਤਾਂ ਨਾਲ ਮਜਾਕ : ਹਡਾਨਾ, ਜੋਸ਼ਨ

**ਪਟਿਆਲਾ, 16 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਕੇਂਦਰ ਸਰਕਾਰ ਦੇ ਐਲਾਨ ਨੂੰ ਲੈ ਕੇ ਜਿੱਥੇ ਸੱਤਾ ਧਾਰੀ ਪਾਰਟੀਆਂ ਅਤੇ ਵਿਰੋਧੀ ਪਾਰਟੀਆਂ ਵਿੱਚ ਗੁੱਸਾ ਵੇਖਣ ਨੂੰ ਮਿਲ ਰਿਹਾ ਹੈ ਉੱਥੇ ਹੀ ਹੜ ਪੀੜਤਾਂ ਲੋਕਾਂ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਘਰਾਂ ਦੀ ਮੁੜ ਤਾਮੀਰ, ਫ਼ਸਲਾਂ ਦੇ ਮੁਆਵਜ਼ੇ ਅਤੇ ਰੋਜ਼ਾਨਾ ਜੀਵਨ ਦੀਆਂ ਲੋੜਾਂ ਪੂਰੀਆਂ ਕਰਨ ਲਈ ਇਹ ਰਕਮ ਕੁਝ ਵੀ ਨਹੀਂ। ਦੱਸ ਦੇਈਏ ਕਿ ਬੀਤੇ ਦਿਨੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੇਪੰਜਾਬ ਫੇਰੀ ਦੌਰਾਨ 1600 ਕਰੋੜ ਰੁਪਏ ਦੀ ਵਿੱਤੀ ਸਹਾਇਤਾ ਦਾ ਐਲਾਨ ਕੀਤਾ। ਪਰ ਇਸ ਐਲਾਨ ਨੂੰ ਲੈ ਕੇ ਕਈ ਆਗੂਆਂ ਨੇ ਸਵਾਲ ਖੜੇ ਕੀਤੇ ਹਨ। ਸ਼੍ਰੋਮਣੀ ਅਕਾਲੀ ਦਲ, ਕਾਂਗਰਸ ਅਤੇ ਹੋਰ ਸੰਗਠਨਾਂ ਵੱਲੋਂ ਪ੍ਰਧਾਨ ਮੰਤਰੀ ਦੇ ਐਲਾਨ ਨੂੰ ਹੜ ਪੀੜਤਾਂ ਦੇ ਜਜ਼ਬਾਤਾਂ ਨਾਲ ਖਿਲਵਾੜ ਦੱਸਿਆ ਗਿਆ।

ਰਣਜੋਧ ਸਿੰਘ ਹਡਾਨਾ ਚੇਅਰਮੈਨ ਪੀ ਆਰ ਟੀ ਤੇ ਸਟੇਟ ਸੈਕਟਰੀ ਪੰਜਾਬ ਅਤੇ ਪ੍ਰਦੀਪ ਜੋਸਨ ਨਗਰ ਕੌਂਸਲ ਸਨੌਰ ਨੇ ਵੀ ਇੱਕ ਵਿਸ਼ੇਸ਼ ਮੀਟਿੰਗ ਉਪਰੰਤ ਸਾਂਝੇ ਤੌਰ ਤੇ ਤਿੱਖੇ ਸ਼ਬਦਾਂ ਵਿੱਚ ਨਰਿੰਦਰ ਮੋਦੀ ਵਲੋਂ ਕੀਤੇ ਐਲਾਨ ਨੂੰ ਹੜ ਪੀੜਤਾਂ ਨਾਲ ਕੀਤਾ ਕੋਝਾ ਮਜ਼ਾਕ ਦੱਸਦਿਆਂ ਕਿਹਾ ਕਿ ਪ੍ਰਧਾਨ ਮੰਤਰੀ ਦਾ ਇਹ ਐਲਾਨ ਸਿਰਫ਼ ਲੋਕਾਂ ਨੂੰ ਭਰਮਾਉਣ ਵਾਲਾ ਹੈ। ਉਨ੍ਹਾਂ ਨੇ ਦੋਸ਼ ਲਗਾਇਆ ਕਿ ਹੜਾਂ ਕਾਰਨ ਪੰਜਾਬ ਦੇ ਕਿਸਾਨਾਂ, ਮਜ਼ਦੂਰਾਂ ਅਤੇ ਆਮ ਲੋਕਾਂ ਦਾ ਭਾਰੀ ਨੁਕਸਾਨ ਹੋਇਆ ਹੈ। ਲੋਕਾਂ ਦੇ ਘਰ, ਫ਼ਸਲਾਂ, ਪਸ਼ੂ-ਧਨ ਤਬਾਹ ਹੋ ਗਏ ਪਰ ਕੇਂਦਰ ਵੱਲੋਂ ਦਿੱਤਾ ਗਿਆ 1600 ਕਰੋੜ ਦਾ ਪੈਕੇਜ ਬਿਲਕੁਲ ਨਾ ਕਾਫੀ ਹੈ। ਹਡਾਨਾ ਨੇ ਸਖ਼ਤ ਸ਼ਬਦਾਂ ਵਿੱਚ ਕਿਹਾ ਕਿ ਇਹ ਰਕਮ ਪੰਜਾਬ ਦੀ ਜਨਤਾ ਨਾਲ ਮਜਾਕ ਦੇ ਬਰਾਬਰ ਹੈ, ਜੋ ਕਦੇ ਵੀ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ।

ਉਪਰੋਕਤ ਨੇ ਕਿਹਾ ਕਿ ਸੂਬੇ ਨੂੰ ਘੱਟੋ-ਘੱਟ 20 ਹਜ਼ਾਰ ਕਰੋੜ ਰੁਪਏ ਦੀ ਵਿੱਤੀ ਸਹਾਇਤਾ ਚਾਹੀਦੀ ਸੀ ਤਾਂ ਜੋ ਖੇਤੀਬਾੜੀ, ਸੜਕਾਂ, ਘਰਾਂ ਅਤੇ ਹੋਰ ਢਾਂਚੇ ਨੂੰ ਮੁੜ ਬਣਾਇਆ ਜਾ ਸਕੇ। ਉਨ੍ਹਾਂ ਦਾ ਕਹਿਣਾ ਸੀ ਕਿ ਮੋਦੀ ਦਾ ਐਲਾਨ ਹੜ ਪੀੜਤਾਂ ਦੇ ਜ਼ਖਮਾਂ 'ਤੇ ਨਮਕ ਛਿੜਕਣ ਦੇ ਬਰਾਬਰ ਹੈ।

ਉਨ੍ਹਾਂ ਕਿਹਾ ਕਿ ਜਦੋਂ ਵੀ ਪੰਜਾਬ ਮੁਸੀਬਤ ਵਿੱਚ ਆਉਂਦਾ ਹੈ, ਕੇਂਦਰ ਹਮੇਸ਼ਾ ਉਸਦੀ ਅਣਦੇਖੀ ਕਰਦਾ ਹੈ। ਇਸ ਦੇ ਨਾਲ ਹੀ ਕਿਸਾਨ ਆਗੂਆਂ ਨੇ ਵੀ ਤਿੱਖੇ ਸ਼ਬਦਾਂ ਵਿੱਚ ਕਿਹਾ ਕਿ ਜੇ ਕੇਂਦਰ ਸਰਕਾਰ ਤੁਰੰਤ ਵੱਡਾ ਪੈਕੇਜ ਜਾਰੀ ਨਹੀਂ ਕਰਦੀ, ਤਾਂ ਵੱਡੇ ਪੱਧਰ @ਤੇ ਅੰਦੋਲਨ ਕੀਤਾ ਜਾਵੇਗਾ।

ਰਣਜੋਧ ਸਿੰਘ ਹਡਾਨਾ ਨੇ ਅੰਤ ਵਿੱਚ ਕਿਹਾ ਕਿ ਹੜਾਂ ਕਾਰਨ ਸੂਬੇ ਦੇ ਹਰ ਜ਼ਿਲ੍ਹੇ ਵਿੱਚ ਲੋਕ ਤਬਾਹ ਹੋਏ ਹਨ, ਪਰ ਕੇਂਦਰ ਸਰਕਾਰ ਦਾ ਰਵੱਈਆ ਬੇਹੱਦ ਨਿਰਾਸ਼ਾਜਨਕ ਹੈ। ਇਹ ਸਹਾਇਤਾ ਨਹੀਂ, ਸਗੋਂ ਪੰਜਾਬ ਦੇ ਲੋਕਾਂ ਨਾਲ ਤਿਰਸਕਾਰ ਹੈ ਅਤੇ ਇਸਦਾ ਡਟ ਕੇ ਵਿਰੋਧ ਕੀਤਾ ਜਾਵੇਗਾ। ਇਸ ਮੌਕੇ ਆਮ ਆਦਮੀ ਪਾਰਟੀ ਦੇ ਹੋਰ ਵਰਕਰ ਵੀ ਮੌਜੂਦ ਸਨ.

# ਬਲਜਿੰਦਰ ਸਿੰਘ ਢਿੱਲੋਂ ਨੇ ਸੰਧਵਾ ਅਤੇ ਲੋਕ ਨਿਰਮਾਣ ਮੰਤਰੀ ਨੂੰ ਮਿਲ ਕੇ ਘਨੌਰ ਅਤੇ ਸਨੋਰ ਬਾਰੇ ਹੜਾਂ ਸੰਬੰਧੀ ਜਾਣਕਾਰੀ ਦਿੱਤੀ

**ਪਟਿਆਲਾ, 16 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਐਗਰੋ ਦੇ ਚੈਅਰਮੈਨ ਅਤੇ ਲੋਕ ਸਭਾ ਇੰਚਾਰਜ ਪਟਿਆਲਾ ਬਲਜਿੰਦਰ ਢਿੱਲੋਂ ਨੇ ਬੀਤੇ ਦਿਨੀ ਹਲਕਾ ਸਨੋਰ ਅਤੇ ਘਨੋਰ ਹੜ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕੀਤਾ ਸੀ। ਇਸ ਸੰਬੰਧੀ ਉਹ ਚੰਡੀਗੜ ਵਿਖੇ ਵਿਧਾਨ ਸਭਾ ਸਪੀਕਰ ਕੁਲਤਾਰ ਸਿੰਘ ਸੰਧਵਾ, ਲੋਕ ਨਿਰਮਾਣ ਮੰਤਰੀ ਤੇ (ਈ ਟੀ ਓ) ਸ੍ਰ ਹਰਭਜਨ ਸਿੰਘ ਅਤੇ ਵਿਧਾਇਕ ਮਹਿਲ ਕਲਾ ਸ੍ਰ ਕੁਲਵੰਤ ਸਿੰਘ ਪੰਡੋਰੀ ਨਾਲ ਮੁਲਾਕਾਤ ਕਰਕੇ ਹੜ ਪ੍ਰਭਾਵਿਤ ਇਲਾਕਿਆਂ ਬਾਰੇ ਹਾਲਾਤਾਂ ਤੋ ਜਾਣੂ ਕਰਵਾਇਆ ਅਤੇ ਉਹਨਾ ਨੇ ਦਸਿਆ ਕਿ ਇਲਾਕੇ ਵਿੱਚ ਕਿਸਾਨਾ ਅਤੇ ਆਮ ਲੋਕਾਂ ਦਾ ਇਲਾਕੇ ਵਿੱਚ ਵੱਡਾ ਨੁਕਸਾਨ ਹੋਇਆ ਹੈ ਫਸਲਾਂ ਤਬਾਹ ਹੋ ਗਈਆਂ ਹਨ ਅਤੇ ਪਸ਼ੂਧਨ ਦਾ ਵੀ ਨੁਕਸਾਨ ਹੋਇਆ ਹੈ ਅਤੇ ਇਲਾਕੇ ਵਿੱਚ ਇਕ ਬਚੇ ਦੀ ਹੜ੍ਹ ਵਿੱਚ ਰੁੜਣ ਨਾਲ ਮੌਤ ਵੀ ਹੋਈ ਹੈ ਮੇਰੇ ਅਤੇ ਕੁਝ ਸਮਾਜਿਕ ਸੰਸਥਾਵਾਂ ਨਾਲ ਜੁੜ ਕੇ ਹੜ ਪੀੜਿਤਾਂ ਵਿੱਚ ਰਾਸਨ ਅਤੇ ਰੋਜਮਰਾ ਦਾ ਲੋੜੀਂਦਾ ਸਾਮਾਨ ਵੀ ਉਹਨਾ ਨੂੰ ਮੁਹਇਆ ਕਰਵਾਇਆ ਗਿਆ ਹੈ ਤਾਂ ਕਿ ਉਹਨਾ ਨੂੰ ਤੁਰੰਤ ਰਾਹਤ ਮਿਲ ਸਕੇ। ਇਸ ਸਮੇ ਵਿਧਾਨ ਸਭਾ ਸਪੀਕਰ ਕੁਲਤਾਰ ਸਿੰਘ ਸੰਧਵਾਅਤੇ ਈ ਟੀ ਓ ਹਰਭਜਨ ਸਿੰਘ ਨੇ ਵਿਸਵਾਸ ਦਿਵਾਇਆ ਕਿ ਲੋੜਵੰਦ ਪਰਿਵਾਰਾਂ ਨੂੰ ਪੰਜਾਬ ਸਰਕਾਰ ਵੱਲੋ ਹਰ ਤਰਾ ਦੀ ਵੱਧ ਤੋ ਵੱਧ ਲੋੜੀਂਦੀ ਸਹਾਇਤਾ ਮੁਹਈਆ ਕਰਵਾਈ ਜਾਵੇਗੀ ਅਤੇ ਸਰਕਾਰ ਵੱਲੋ ਕੋਈ ਵੀ ਕਮੀ ਨਹੀ ਆਉਣ ਦਿੱਤੀ ਜਾਵੇਗੀ। ਇਸ ਮੋਕੇ ਲਖਵਿੰਦਰ ਸਿੰਘ ਢਿੱਲੋਂ, ਜਸਵੰਤ ਰਾਏ ਸੂਬਾ ਜੋਆਇੰਟ ਸਕੱਤਰ ਐਸ ਸੀ ਵਿੰਗ ਪੰਜਾਬ, ਜ਼ਿਲ੍ਹਾ ਮੀਡੀਆ ਸਕੱਤਰ ਗੱਜਣ ਸਿੰਘ ਮਨਦੀਪ ਜੌਲਾ, ਰਜਿੰਦਰ ਮੋਹਲ ਜਿਲਾ ਜੋਆਇੰਟ ਸੇਕਟਰੀ ਬੀ ਸੀ ਵਿੰਗ, ਜਤਿੰਦਰ ਕੁਮਾਰ ਗੁਰਪਿੰਦਰ ਸਿੰਘ ਛੀਨਾ, ਹਰਜੀਤ ਸਿੰਘ ਆਦਿ ਹਾਜ਼ਰ ਸਨ।

# ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਦਾ ਲਾਭ ਲੈਣ ਲਈ 30 ਸਤੰਬਰ ਤੱਕ ਕੀਤਾ ਜਾ ਸਕਦੇ ਅਪਲਾਈ

**ਮਲੇਰਕੋਟਲਾ, 16 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਜ਼ਿਲ੍ਹਾ ਸਮਾਜਿਕ ਨਿਆਂ ਅਤੇ ਅਧਿਕਾਰਤਾ ਅਫ਼ਸਰ ਮੁਕਲ ਬਾਵਾ ਨੇ ਜਾਣਕਾਰੀ ਦਿੰਦਿਆ ਦੱਸਿਆ ਕਿ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਅਧੀਨ ਵਜ਼ੀਫਾ ਲੈਣ ਦੇ ਚਾਹਵਾਨ ਵਿਦਿਆਰਥੀ 30 ਸਤੰਬਰ 2025 ਤੱਕ ਆਨਲਾਈਨ ਅਪਲਾਈ ਕਰ ਸਕਦੇ ਹਨ ਉਨ੍ਹਾਂ ਇਸ ਸਬੰਧੀ ਵਿਸਥਾਰ 'ਚ ਜਾਣਕਾਰੀ ਦਿੰਦਿਆ ਦੱਸਿਆ ਕਿ ਜੋ ਵਿਦਿਆਰਥੀ ਅਨੁਸੂਚਿਤ ਜਾਤੀ ਨਾਲ ਸਬੰਧਤ ਹਨ ਅਤੇ ਜਿਨ੍ਹਾਂ ਦੇ ਮਾਤਾ-ਪਿਤਾ/ਸਰਪ੍ਰਸਤਾਂ ਦੀ ਸਲਾਨਾ ਆਮਦਨ 2.50 ਲੱਖ ਤੋਂ ਘੱਟ ਹੈ, ਦਸਵੀਂ ਤੋਂ ਬਾਅਦ ਵੱਖ-ਵੱਖ ਕੋਰਸਾਂ ਲਈ ਪੰਜਾਬ ਅਤੇ ਪੰਜਾਬ ਤੋਂ ਬਾਹਰ ਦੀਆਂ ਸੰਸਥਾਵਾਂ ਵਿੱਚ ਉਚੇਰੀ ਵਿੱਦਿਆ ਲੈਣ ਲਈ ਵਜ਼ੀਫ਼ੇ ਦੇ ਯੋਗ ਹਨ, ਵਿਦਿਆਰਥੀ ਪੰਜਾਬ ਦਾ ਵਸਨੀਕ ਹੋਣਾ ਚਾਹੀਦਾ ਹੈ, ਉਹ ਵਿਦਿਆਰਥੀ ਮਾਰਚ 2021 ਰਾਹੀਂ ਜਾਰੀ ਕੀਤੀਆਂ ਗਈਆਂ ਹਦਾਇਤਾਂ ਅਨੁਸਾਰ ਡਾ. ਅੰਬੇਦਕਰ ਪੋਰਟਲ 'ਤੇ ਫਰੀਸ਼ਿਪ ਕਾਰਡ ਆਨਲਾਈਨ ਅਪਲਾਈ ਕਰਨਗੇ।

ਮੁਕਲ ਬਾਵਾ ਨੇ ਦੱਸਿਆ ਕਿ ਫ਼ਰੀਸ਼ਿਪ ਅਪਲਾਈ ਕਰਨ ਲਈ 2.50 ਲੱਖ ਰੁਪਏ ਤੋਂ ਘੱਟ ਸਲਾਨਾ ਆਮਦਨ ਵਾਲੇ ਅਨੁਸੂਚਿਤ ਜਾਤੀ ਨਾਲ ਸਬੰਧਤ (ਨਵੇਂ ਤੇ ਨਵਿਆਉਣਯੋਗ) ਵਿਦਿਆਰਥੀਆਂ ਲਈ ਭਲਾਈ ਵਿਭਾਗ ਦੀ ਵੈਬਸਾਈਟ www.scholarships.gov.in 'ਤੇ ਡਾ. ਅੰਬੇਦਕਰ ਪੋਰਟਲ 30 ਸਤੰਬਰ 2025 ਤੱਕ ਖੋਲਿਆ ਗਿਆ ਹੈ। ਵਿਦਿਆਰਥੀਆਂ ਵੱਲੋਂ ਫ਼ਰੀਸ਼ਿਪ ਕਾਰਡ ਅਪਲਾਈ ਕਰਨ ਤੋਂ ਪਹਿਲਾਂ ਪੋਰਟਲ 'ਤੇ ਰਜਿਸਟਰ ਕਰਨ ਲਈ ਆਧਾਰ ਨੰਬਰ ਹੋਣਾ ਜ਼ਰੂਰੀ ਹੈ। ਇਸ ਤੋਂ ਇਲਾਵਾ ਆਨਲਾਈਨ ਅਪਲਾਈ ਕਰਨ ਸਮੇਂ ਫ਼ੋਟੋ, ਜਾਤੀ ਸਰਟੀਫਿਕੇਟ, ਤਹਿਸੀਲਦਾਰ ਵੱਲੋਂ ਜਾਰੀ ਆਮਦਨ ਸਰਟੀਫਿਕੇਟ (ਕੇਵਲ ਨਵੇਂ ਵਿਦਿਆਰਥੀਆਂ ਲਈ) ਅਤੇ ਪਿਛਲੀ ਕਲਾਸ ਦੇ ਡੀ.ਐਮ.ਸੀ ਜਾਂ ਡਿਗਰੀ ਸਰਟੀਫਿਕੇਟ ਵੀ ਅੱਪਲੋਡ ਕੀਤੇ ਜਾਣਗੇ। ਅਪਲਾਈ ਹੋਣ ਤੋਂ ਬਾਅਦ ਯੋਗ ਵਿਦਿਆਰਥੀ ਆਪਣਾ ਫ਼ਰੀਸ਼ਿਪ ਕਾਰਡ ਪੋਰਟਲ ਤੋਂ ਡਾਊਨਲੋਡ ਕਰਕੇ ਜਿਸ ਸੰਸਥਾ ਵਿੱਚ ਪੜ੍ਹ ਰਹੇ ਹਨ ਜਾਂ ਦਾਖਲਾ ਲੈਣਾ ਹੈ, ਵਿਖੇ ਜਮ ?ਹਾਂ ਕਰਵਾਉਣਗੇ।

ਜੇਕਰ ਕਿਸੇ ਵਿਦਿਆਰਥੀ ਨੂੰ ਆਨਲਾਈਨ ਅਪਲਾਈ ਕਰਨ ਵਿੱਚ ਮੁਸ਼ਕਿਲ ਪੇਸ਼ ਆਉਂਦੀ ਹੈ ਤਾਂ ਉਹ ਆਪਣੀ ਤਹਿਸੀਲ ਦੇ ਤਹਿਸੀਲ ਸਮਾਜਿਕ ਨਿਆਂ ਅਤੇ ਅਧਿਕਾਰਤਾ ਅਫ਼ਸਰ ਦੇ ਦਫ਼ਤਰ ਵਿਖੇ ਸੰਪਰਕ ਕਰ ਸਕਦੇ ਹਨ।

# ਦੂਸ਼ਿਤ ਪਾਣੀ ਤੋਂ ਪੈਦਾ ਹੋਣ ਵਾਲੀਆਂ ਬਿਮਾਰੀਆਂ ਤੋਂ ਬਚਾਅ ਲਈ ਸਿਹਤ ਵਿਭਾਗ ਦੀ ਟੀਮ ਵੱਲੋਂ ਮੈਗਾ ਸਰਵੇਖਣ

**ਮਲੇਰਕੋਟਲਾ, 16 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਡਿਪਟੀ ਕਮਿਸ਼ਨਰ ਵਿਰਾਜ ਐਸ. ਤਿੜਕੇ ਦੀਆਂ ਹਦਾਇਤਾਂ ਅਨੁਸਾਰ ਜਿਲ੍ਹਾ ਸਿਹਤ ਵਿਭਾਗ ਵੱਲੋਂ ਸਿਵਲ ਸਰਜਨ ਡਾ. ਸੰਜੇ ਗੋਇਲ ਦੀ ਅਗਵਾਈ ਹੇਠ ਜ਼ਿਲ੍ਹੇ ਵਿੱਚ ਦੂਸ਼ਿਤ ਪਾਣੀ, ਮੱਖੀ ਤੇ ਮੱਛਰ ਨਾਲ ਪੈਦਾ ਹੋਣ ਵਾਲੀਆਂ ਬਿਮਾਰੀਆਂ ਤੋਂ ਬਚਾਅ ਲਈ ਸਿਹਤ ਵਿਭਾਗ ਵੱਲੋਂ ਸ਼ਹਿਰ ਅੰਦਰ 10 ਵੱਖ- ਵੱਖ ਖੇਤਰਾਂ ਵਿੱਚ ਮੈਗਾ ਸਰਵੇਖਣ ਕਰਵਾਇਆ ਗਿਆ। ਇਸ ਬਾਰੇ ਜਾਣਕਾਰੀ ਦਿੰਦਿਆਂ ਜਿਲ੍ਹਾ ਐਪੀਡੀਮਾਲੋਜਿਸਟ ਡਾ. ਮੁਨੀਰ ਮੁਹੰਮਦ ਨੇ ਦੱਸਿਆ ਕਿ ਸਿਹਤ ਵਿਭਾਗ ਵੱਲੋਂ ਲੋਕਾਂ ਨੂੰ ਖੜ੍ਹੇ ਪਾਣੀ ਤੋਂ ਪੈਦਾ ਹੋਣ ਵਾਲੀਆਂ ਬਿਮਾਰੀਆਂ ਤੋਂ ਬਚਾਅ ਲਈ ਮਲਟੀਪਰਪਜ ਹੈਲਥ ਸੁਪਰਵਾਈਜਰਾਂ ਦੀ ਅਗਵਾਈ ਹੇਠ ਦਸ ਟੀਮਾਂ ਵੱਲੋਂ ਸ਼ਹਿਰ ਦੇ ਵੱਖ- ਵੱਖ ਖੇਤਰਾਂ ਵਿੱਚ ਮੈਗਾ ਸਰਵੇ ਕੀਤਾ ਗਿਆ। ਇਸ ਚੈਕਿੰਗ ਦੌਰਾਨ ਟੀਮਾਂ ਵੱਲੋਂ ਜਿੱਥੇ ਲਾਰਵੇ ਦਾ ਨਿਰੀਖਣ ਕੀਤਾ ਗਿਆ ਉੱਥੇ ਹੀ ਮੱਛਰ ਦੇ ਖਾਤਮੇ ਲਈ ਸਪਰੇਅ ਵੀ ਕੀਤੀ ਗਈ। ਉਹਨਾਂ ਦੱਸਿਆ ਕਿ ਮਲਟੀਪਰਪਜ ਹੈਲਥ ਵਰਕਰਾਂ ਦੀਆਂ ਟੀਮਾਂ ਵੱਲੋਂ 1244 ਘਰਾਂ ਵਿੱਚ ਪਹੁੰਚ ਕਰ ਕੇ ਲਾਰਵੇ ਦੀ ਜਾਂਚ ਕੀਤੀ ਗਈ ਅਤੇ ਇਸਨੂੰ ਤੁਰੰਤ ਨਸ਼ਟ ਕੀਤਾ ਗਿਆ। ਇਸ ਤੋਂ ਇਲਾਵਾ 2765 ਕੰਨਟੇਨਰਾਂ ਵਿੱਚੋਂ 33 ਥਾਵਾਂ ਤੋਂ ਲਾਰਵਾ ਮਿਲਿਆ, ਇਸ ਉਪਰੰਤ ਸਬੰਧਤ ਲੋਕਾਂ ਨੂੰ ਚਿਤਾਵਨੀ ਨੋਟਿਸ ਜਾਰੀ ਕੀਤੇ ਗਏ ।

ਇਸ ਮੌਕੇ ਜਾਣਕਾਰੀ ਦਿੰਦਿਆਂ ਸਿਵਲ ਸਰਜਨ ਡਾ. ਸੰਜੇ ਗੋਇਲ ਨੇ ਕਿਹਾ ਕਿ ਸਿਹਤ ਵਿਭਾਗ ਵਾਟਰ ਬੌਰਨ ਬਿਮਾਰੀਆਂ ਦੀ ਰੋਕਥਾਮ ਲਈ ਪੂਰੀ ਗੰਭੀਰਤਾ ਦੇ ਨਾਲ ਕੰਮ ਕਰ ਰਿਹਾ ਹੈ।ਉਹਨਾਂ ਲੋਕਾਂ ਨੂੰ ਅਪੀਲ ਕੀਤੀ ਕਿ ਸਿਹਤ ਵਿਭਾਗ ਵੱਲੋਂ ਦਿੱਤੇ ਗਏ ਜਰੂਰੀ ਸੁਝਾਵਾਂ ਉੱਤੇ ਅਮਲ ਕਰਨਾ ਯਕੀਨੀ ਬਣਾਇਆ ਜਾਵੇ ਅਤੇ ਕਿਤੇ ਵੀ ਵਾਧੂ ਪਾਣੀ ਨਾ ਖੜਨ ਦਿੱਤਾ ਜਾਵੇ। ਜ਼ੇਕਰ ਕਿਤੇ ਪਾਣੀ ਖੜਾ ਪਾਇਆ ਜਾਂਦਾ ਹੈ ਤਾਂ ਉਸਨੂੰ ਤੁਰੰਤ ਖਾਲੀ ਕੀਤਾ ਜਾਵੇ । ਉਹਨਾਂ ਹੋਰ ਕਿਹਾ ਕਿ ਬਰਤਨਾਂ ਵਿੱਚ ਵਾਧੂ ਪਾਣੀ ਖੜਾ ਨਾ ਹੋਣ ਦਿੱਤਾ ਜਾਵੇ। ਮੱਛਰ ਦੇ ਕੱਟਣ ਤੋਂ ਆਪਣੇ ਆਪ ਨੂੰ ਬਚਾਇਆ ਜਾਵੇ ਅਤੇ ਮੱਛਰ ਮਾਰੂ ਦਵਾਈਆਂ ਦੀ ਵਰਤੋਂ ਕੀਤੀ ਜਾਵੇ। ਇਸ ਤੋਂ ਇਲਾਵਾ ਪੂਰੇ ਸਰੀਰ ਨੂੰ ਢੱਕ ਕੇ ਰੱਖਣ ਵਾਲੇ ਕੱਪੜੇ ਪਾਏ ਜਾਣ।

# ਸੜਕ ਹਾਦਸੇ ਵਿੱਚ ਮੋਟਰਸਾਈਕਲ ਚਾਲਕ ਦੀ ਮੌਤ

**ਪਾਤੜਾਂ, 16 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਬੀਤੀ ਰਾਤ ਨੇੜਲੇ ਪਿੰਡ ਢਾਬੀ ਗੁੱਜਰਾਂ ਨਜ਼ਦੀਕ ਇੱਕ ਮੋਟਰਸਾਈਕਲ ਚਾਲਕ ਨੂੰ ਤੇਜ਼ ਰਫ਼ਤਾਰ ਨਾ ਮਾਲੂਮ ਵ ?ਹੀਕਲ ਨੇ ਜ਼ਬਰਦਸਤ ਫੇਟ ਮਾਰ ਦਿੱਤੀ । ਇਸ ਹਾਦਸੇ ਵਿੱਚ ਮੋਟਰਸਾਈਕਲ ਚਾਲਕ ਦੀ ਮੌਤ ਹੋ ਗਈ ।ਸ਼ਿਕਾਇਤ ਦਰਜ ਕਰਵਾਉਂਦਿਆਂ ਮਹਿੰਦਰ ਸਿੰਘ ਪੁੱਤਰ ਸਾਧੂ ਰਾਮ ਵਾਸੀ ਪਿੰਡ ਉਜਾਣਾ ਥਾਣਾ ਗੜ੍ਹੀ ਜ਼ਿਲ੍ਹਾ ਜੀਂਦ ਹਰਿਆਣਾ ਨੇ ਦੱਸਿਆ ਕਿ ਮਿਤੀ 9-9-2025 ਨੂੰ ਰਾਤੀਂ ਲਗਭਗ ਪੌਣੇ 9 ਵਜੇ ਦੇ ਕਰੀਬ ਉਸ ਦਾ ਲੜਕਾ ਵਿਕਾਸ ਆਪਣੇ ਮੋਟਰਸਾਈਕਲ ਨੰਬਰ ਐਚ ਆਰ 32 ਐਨ -2376 'ਤੇ ਸਵਾਰ ਹੋ ਕੇ ਪਿੰਡ ਢਾਬੀ ਗੁੱਜਰਾਂ ਨਜ਼ਦੀਕ ਜਾ ਰਿਹਾ ਸੀ, ਜਿਸ ਨੂੰ ਕਿਸੇ ਨਾ -ਮਾਲੂਮ ਵ ?ਹੀਕਲ -ਡਰਾਈਵਰ ਨੇ ਤੇਜ਼ ਰਫ਼ਤਾਰ ਅਤੇ ਲਾਪਰਵਾਹੀ ਨਾਲ ਲਿਆ ਕੇ ਵਿਕਾਸ ਨੂੰ ਜ਼ਬਰਦਸਤ ਫੇਟ ਮਾਰ ਦਿੱਤੀ, ਜਿਸ ਕਾਰਨ ਉਸ ਦੀ ਮੌਤ ਹੋ ਗਈ ਹੈ ।

ਪੁਲਸ ਨੇ ਪੀੜਤ ਦੇ ਬਿਆਨਾਂ 'ਤੇ ਨਾ ਮਾਲੂਮ ਵ ?ਹੀਕਲ -ਡਰਾਈਵਰ ਖਿਲਾਫ ਮੁਕੱਦਮਾਸ ਤਹਿਤ ਥਾਣਾ ਪਾਤੜਾਂ ਵਿਖੇ ਕੇਸ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਗੌਰਵ ਮਈ ਪਲ:ਵਿਜੈ ਕੁਮਾਰ ਕੂਕਾ



**ਪਟਿਆਲਾ, 16 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਦੇ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਨਾਲ ਵਿਸ਼ੇਸ਼ ਮੁਲਾਕਾਤ ਕਰਨਾ ਭਾਜਪਾ ਜ਼ਿਲ੍ਹਾ ਪਟਿਆਲਾ ਦੇ ਪ੍ਰਧਾਨ ਸ੍ਰੀ ਵਿਜੈ ਕੁਮਾਰ ਕੂਕਾ ਲਈ ਗਹਿਰੇ ਮਾਣ ਅਤੇ ਖੁਸ਼ੀ ਦਾ ਮੌਕਾ ਸਾਬਤ ਹੋਇਆ। ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਦੇ ਪੰਜਾਬ ਦੌਰੇ ਦੌਰਾਨ ਉਨ੍ਹਾਂ ਨੂੰ ਪਠਾਨਕੋਟ ਏਅਰਬੇਸ 'ਤੇ ਸ਼੍ਰੀ ਨਰਿੰਦਰ ਮੋਦੀ ਨਾਲ ਮਿਲਣ ਦਾ ਮੌਕਾ ਪ੍ਰਾਪਤ ਹੋਇਆ।

ਸ੍ਰੀ ਕੂਕਾ ਨੇ ਕਿਹਾ ਕਿ ਇਹ ਮੁਲਾਕਾਤ ਨਾ ਸਿਰਫ਼ ਉਨ੍ਹਾਂ ਦੇ ਲਈ, ਬਲਕਿ ਪੂਰੇ ਜ਼ਿਲ੍ਹਾ ਪਟਿਆਲਾ ਭਾਜਪਾ ਪਰਿਵਾਰ ਲਈ ਵੀ ਇਕ ਇਤਿਹਾਸਕ ਪਲ ਹੈ। ਉਨ੍ਹਾਂ ਨੇਜਪਾ ਹਾਈਕਮਾਨ, ਮਹਾਰਾਣੀ ਪ੍ਰਨੀਤ ਕੌਰ ਜੀ ਅਤੇ ਬੀਬਾ ਜੈ ਇੰਦਰ ਕੌਰ ਦਾ ਵਿਸ਼ੇਸ਼ ਧੰਨਵਾਦ ਕੀਤਾ, ਜਿਨ੍ਹਾਂ ਦੇ ਸਹਿਯੋਗ ਨਾਲ ਇਹ ਮੌਕਾ ਸੰਭਵ ਹੋ ਸਕਿਆ।

ਸ੍ਰੀ ਵਿਜੈ ਕੁਮਾਰ ਕੂਕਾ ਨੇ ਵਿਸ਼ਵਾਸ ਜ਼ਾਹਿਰ ਕੀਤਾ ਕਿ ਪ੍ਰਧਾਨ ਮੰਤਰੀ ਦੇ ਅਗਵਾਈ ਹੇਠ ਪੰਜਾਬ ਵਿੱਚ ਵਿਕਾਸ ਅਤੇ ਲੋਕ-ਭਲਾਈ ਦੇ ਯਤਨ ਹੋਰ ਤੇਜ਼ੀ ਨਾਲ ਅੱਗੇ ਵਧਣਗੇ।

# ਵਿਧਾਇਕ ਛੀਨਾ ਵੱਲੋ 33 ਫੁੱਟਾ ਰੋਡ ਦੇ ਨਿਰਮਾਣ ਕਾਰਜਾਂ ਦਾ ਉਦਘਾਟਨ



**ਲੁਧਿਆਣਾ, 16 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਧਾਨ ਸਭਾ ਹਲਕਾ ਲੁਧਿਆਣਾ ਦੱਖਣੀ ਤੋਂ ਵਿਧਾਇਕ ਰਜਿੰਦਰਪਾਲ ਕੌਰ ਛੀਨਾ ਵੱਲੋਂ 33 ਫੁੱਟਾ ਰੋਡ ਦੇ ਨਿਰਮਾਣ ਕਾਰਜਾਂ ਦਾ ਉਦਘਾਟਨ ਕੀਤਾ। ਵਿਧਾਇਕ ਛੀਨਾ ਨੇ ਦੱਸਿਆ ਕਿ ਇਸ ਵਿਸ਼ਾਲ ਸੜਕ ਦੇ ਨਿਰਮਾਣ 'ਤੇ ਕਰੀਬ 1.72 ਕਰੋੜ ਰੁਪਏ ਖਰਚ ਕੀਤੇ ਜਾਣੇ ਹਨ।

ਵਿਧਾਇਕ ਛੀਨਾ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਵੱਲੋਂ ਇਸ ਇਲਾਕੇ ਦੀਆਂ ਸੜਕਾਂ ਵੱਲ ਧਿਆਨ ਨਹੀਂ ਦਿੱਤਾ ਗਿਆ ਅਤੇ ਹੁਣ ਲੋਕਾਂ ਦੀ ਚਿਰੋਕਣੀ ਮੰਗ ਪੂਰੀ ਹੋ ਗਈ ਹੈ।

ਵਿਧਾਇਕ ਛੀਨਾ ਨੇ ਕਿਹਾ ਕਿ ਇਸ ਸੜਕ ਦੀ ਪਿਛਲੇ ਦੋ ਦਹਾਕਿਆਂ ਤੋਂ ਕਿਸੇ ਨੇ ਸਾਰ ਨਹੀਂ ਲਈ ਅਤੇ ਇਸ ਮੁੱਖ ਸੜਕ ਦੇ ਨਿਰਮਾਣ ਨਾਲ ਆਵਾਜਾਈ ਸੁਖਾਲੀ ਹੋਵੇਗੀ ਅਤੇ ਬਰਸਾਤੀ ਮੌਸਮ ਦੌਰਾਨ ਆਉਣ ਵਾਲੀਆਂ ਮੁਸ਼ਕਿਲਾਂ ਤੋਂ ਛੁਟਕਾਰਾ ਮਿਲੇਗਾ। ਵਿਧਾਇਕਾ ਰਜਿੰਦਰਪਾਲ ਕੌਰ ਛੀਨਾ ਨੇ ਕਿਹਾ ਕਿ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ ਵਿਕਾਸ ਕਾਰਜਾਂ ਦੀ ਹਨੇਰੀ ਚਲਾਈ ਜਾ ਰਹੀ ਤਾਂ ਜੋ ਲੋਕ ਬੁਨਿਆਦੀ ਸਹੂਲਤਾਂ ਤੋਂ ਵਾਂਝੇ ਨਾ ਰਹਿਣ।

ਇਸ ਮੌਕੇ ਬਲਬੀਰ ਭੋਲਾ, ਖੜਕ ਸਿੰਘ, ਲੱਕੀ, ਅਜੇ ਸ਼ੁਕਲਾ, ਐਕਸੀਅਨ ਰਾਕੇਸ਼ ਸਿੰਗਲਾ ਅਤੇ ਸਮੂਹ ਮੁਹੱਲਾ ਨਿਵਾਸੀ ਵੀ ਮੌਜੂਦ

# ਪ੍ਰਤੀ ਬੇਨਤੀ ਦੇ ਆਧਾਰ 'ਤੇ ਇੰਮੀਗ੍ਰੇਸ਼ਨ ਲਾਇਸੰਸ ਰੱਦ : ਜ਼ਿਲ੍ਹਾ ਮੈਜਿਸਟਰੇਟ

**ਬਠਿੰਡਾ, 16 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਮੈਜਿਸਟ ?ਰੇਟ ਸ੍ਰੀ ਰਾਜੇਸ਼ ਧੀਮਾਨ ਨੇ ਪ੍ਰਤੀ ਬੇਨਤੀ ਦੇ ਆਧਾਰ 'ਤੇ ਐਮਐਸ ਇੰਟਰਨੈਸ਼ਨਲ ਇੰਗਲਿਸ਼ ਸੈਂਟਰ ਗਰਾਊਂਡ ਫਲੋਰ ਐਮ.ਸੀ.ਬੀ.ਜ਼ੈਡ.-2-08779 ਸਟਰੀਟ ਨੰਬਰ 9-ਬੀ ਕੌਰਨਰ ਪੱਤੀ ਮਹਿਣਾ ਮੇਨ ਅਜੀਤ ਰੋਡ ਦਾ ਪ੍ਰਤੀ ਬੇਨਤੀ ਦੇ ਆਧਾਰ 'ਤੇ ਇੰਮੀਗ੍ਰੇਸ਼ਨ ਦਾ ਲਾਇਸੰਸ ਰੱਦ ਕੀਤਾ ਗਿਆ ਹੈ। ਇਹ ਲਾਇਸੰਸ ਪੰਜਾਬ ਟਰੈਵਲ ਰੈਗੂਲੇਸ਼ਨ ਐਕਟ 2012 ਦੇ ਤਹਿਤ ਨਿਯਮ 2013 ਅਧੀਨ ਐਕਟ ਨਿਯਮ 8 (1) ਅਨੁਸਾਰ ਤਰੁੰਤ ਪ੍ਰਭਾਵ ਦੇ ਰੱਦ ਕੀਤਾ ਗਿਆ।

# ‘ਭੁੱਖਣ-ਭਾਣੇ ਲੜਨ ਲਈ ਮਜਬੂਰ ਕੀਤਾ ਜਾਂਦੈ’; ਰੂਸ-ਯੂਕਰੇਨ ਯੁੱਧ ’ਚ ਫਸੇ ਭਾਰਤੀਆਂ ਨੇ ਕੀਤਾ ਦਾਅਵਾ; ਵਿਦੇਸ਼ ਮੰਤਰਾਲੇ ਵੱਲੋਂ ਚਿਤਾਵਨੀ ਜਾਰੀ

**ਨਵੀਂ ਦਿੱਲੀ, 16 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਾਲ ਹੀ ਵਿੱਚ ਲਗਭਗ ਨੌਂ ਭਾਰਤੀ ਨਾਗਰਿਕਾਂ ਨੂੰ ਚੱਲ ਰਹੇ ਰੂਸ-ਯੂਕਰੇਨ ਯੁੱਧ ’ਚ ਲੜਨ ਲਈ ਰੂਸੀ ਫੌਜ ਵਿੱਚ ਭਰਤੀ ਕੀਤਾ ਗਿਆ ਹੈ। ਵਿਦੇਸ਼ ਮੰਤਰਾਲੇ (MEA) ਨੇ ਅੱਜ ਇੱਕ ਨਵੀਂ ਅਡਵਾਇਜ਼ਰੀ ਜਾਰੀ ਕੀਤੀ, ਜਿਸ ਵਿੱਚ ਨਾਗਰਿਕਾਂ ਨੂੰ ਅਜਿਹੀਆਂ ਪੇਸ਼ਕਸ਼ਾਂ ਤੋਂ ਸੁਚੇਤ ਰਹਿਣ ਦੀ ਤਾੜਨਾ ਕੀਤੀ ਅਤੇ ਇਸ ਰਸਤੇ ਨੂੰ ‘ਖ਼ਤਰੇ ਨਾਲ ਭਰਿਆ’ ਦੱਸਿਆ।

ਵਿਦੇਸ਼ ਮੰਤਰਾਲੇ ਦੇ ਤਰਜਮਾਨ ਰਣਧੀਰ ਜੈਸਵਾਲ ਨੇ ਦੱਸਿਆ, “ਅਸੀਂ ਹਾਲ ਹੀ ਵਿੱਚ ਰੂਸੀ ਫੌਜ ’ਚ ਭਾਰਤੀ ਨਾਗਰਿਕਾਂ ਨੂੰ ਭਰਤੀ ਕਰਨ ਬਾਰੇ ਰਿਪੋਰਟਾਂ ਦੇਖੀਆਂ ਹਨ। ਸਰਕਾਰ ਨੇ, ਪਿਛਲੇ ਸਾਲ ਕਈ ਮੌਕਿਆਂ ’ਤੇ, ਇਸ ਕਾਰਵਾਈ ਦੇ ਰਾਹ ਵਿੱਚ ਮੌਜੂਦ ਜੋਖਮਾਂ ਅਤੇ ਖ਼ਤਰਿਆਂ ਨੂੰ ਰੇਖਾਂਕਿਤ ਕੀਤਾ ਹੈ ਅਤੇ ਭਾਰਤੀ ਨਾਗਰਿਕਾਂ ਨੂੰ ਉਸ ਅਨੁਸਾਰ ਸਾਵਧਾਨ ਕੀਤਾ ਹੈ।”

ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਭਾਰਤ ਨੇ ਮਾਸਕੋ ਨਾਲ ਵਾਰ-ਵਾਰ ਇਹ ਮੁੱਦਾ ਉਠਾਇਆ ਹੈ ਅਤੇ ਪਰਿਵਾਰਾਂ ਨੂੰ ਅਧਿਕਾਰੀਆਂ ਨਾਲ ਨਜ਼ਦੀਕੀ ਸੰਪਰਕ ਬਣਾਈ ਰੱਖਣ ਦੀ ਅਪੀਲ ਕੀਤੀ ਹੈ।

ਜੈਸਵਾਲ ਨੇ ਕਿਹਾ, “ਅਸੀਂ ਇਸ ਪ੍ਰਥਾ ਨੂੰ ਖਤਮ ਕਰਨ ਅਤੇ ਸਾਡੇ ਨਾਗਰਿਕਾਂ ਦੀ ਰਿਹਾਈ ਦੀ ਮੰਗ ਕਰਦਿਆਂ ਦਿੱਲੀ ਅਤੇ ਮਾਸਕੋ ਦੋਵਾਂ ਵਿੱਚ ਰੂਸੀ ਅਧਿਕਾਰੀਆਂ ਕੋਲ ਵੀ ਮਾਮਲਾ ਉਠਾਇਆ ਹੈ, ਅਸੀਂ ਪ੍ਰਭਾਵਿਤ ਭਾਰਤੀ ਨਾਗਰਿਕਾਂ ਦੇ ਪਰਿਵਾਰਾਂ ਨਾਲ ਵੀ ਸੰਪਰਕ ਵਿੱਚ ਹਾਂ।”

**ਫਰੰਟਲਾਈਨ ਤੋਂ ਦੁਖਦਾਈ ਕਾਲਾਂ**

ਦੁਖੀ ਪਰਿਵਾਰਾਂ ਵੱਲੋਂ ਸਾਂਝੇ ਕੀਤੇ ਗਏ ਵੀਡੀਓ ਸੁਨੇਹਿਆਂ ਵਿੱਚ ਨੌਜਵਾਨ, ਬਹੁਤ ਸਾਰੇ ਪੰਜਾਬ, ਹਰਿਆਣਾ ਅਤੇ ਜੰਮੂ ਤੋਂ, ਰੂਸੀ ਫ਼ੌਜੀ ਵਰਦੀ ਪਹਿਨੇ ਹੋਏ ਅਤੇ ਤੁਰੰਤ ਦਖ਼ਲ ਦੀ ਅਪੀਲ ਕਰਦੇ ਦਿਖਾਈ ਦੇ ਰਹੇ ਹਨ।

ਲੁਧਿਆਣਾ ਤੋਂ ਸਮਰਜੀਤ ਸਿੰਘ ਨੇ ਪੰਜਾਬੀ ਵਿੱਚ ਬੋਲਦਿਆਂ ਕਿਹਾ, “ਅਸੀਂ ਰੂਸੀ ਫੌਜ ਵਿੱਚ ਫਸ ਗਏ ਹਾਂ। ਅਸੀਂ ਨੌਂ ਮੁੰਡੇ ਹਾਂ। ਅਸੀਂ ਇੱਥੇ ਵਿਦਿਆਰਥੀ ਵੀਜ਼ਾ ’ਤੇ ਆਏ ਸੀ। ਸਾਡੇ ਨਾਲ ਬਹੁਤ ਬੁਰਾ ਸਲੂਕ ਕੀਤਾ ਜਾ ਰਿਹਾ ਹੈ। ਸਾਨੂੰ ਖਾਣਾ ਨਹੀਂ ਮਿਲ ਰਿਹਾ ਹੈ ਅਤੇ ਸਾਨੂੰ ਰੋਜ਼ਾਨਾ ਫਰੰਟਲਾਈਨ ’ਤੇ ਭੇਜਿਆ ਜਾ ਰਿਹਾ ਹੈ।”



ਜੰਮੂ ਤੋਂ ਸੁਮੀਤ ਸ਼ਰਮਾ ਨੇ ਵੀ ਇਸੇ ਤਰ੍ਹਾਂ ਦੇ ਡਰ ਨੂੰ ਦੁਹਰਾਉਂਦਿਆਂ ਕਿਹਾ, ਸਾਨੂੰ ਏਜੰਟਾਂ ਨੇ ਧੋਖਾ ਦਿੱਤਾ ਹੈ। ਅਸੀਂ ਭਾਜਪਾ ਸਰਕਾਰ ਨੂੰ ਜਲਦੀ ਤੋਂ ਜਲਦੀ ਸਾਡੀ ਮਦਦ ਕਰਨ ਦੀ ਅਪੀਲ ਕਰਦੇ ਹਾਂ।

ਇੱਕ ਹੋਰ ਵਿਅਕਤੀ ਬੂਟਾ ਸਿੰਘ ਨੇ ਦਾਅਵਾ ਕੀਤਾ ਕਿ ਉਨ੍ਹਾਂ ਵਿੱਚੋਂ ਕੁਝ ਪਹਿਲਾਂ ਹੀ ਲੜਾਈ ਵਿੱਚ ਮਰ ਚੁੱਕੇ ਹਨ। ਉਸ ਨੇ ਕਿਹਾ, “ਸਾਨੂੰ ਮਾਸਕੋ ਵਿੱਚ ਕੰਮ ਦੇਣ ਦਾ ਵਾਅਦਾ ਕੀਤਾ ਗਿਆ ਸੀ। ਇਸ ਦੀ ਬਜਾਏ, ਅਸੀਂ ਇਸ ਜੰਗ ਵਿੱਚ ਫਸ ਗਏ ਹਾਂ। ਸਥਿਤੀ ਭਿਆਨਕ ਹੈ, ਸਾਨੂੰ ਤੁਰੰਤ ਬਾਹਰ ਕੱਢੋ।”

**ਸਰਕਾਰ ਤੋਂ ਜਵਾਬ ਮੰਗ ਰਹੇ ਨੇ ਪਰਿਵਾਰ**

ਪਿਛਲੇ ਸਾਲ ਦੌਰਾਨ ਟ੍ਰਿਬਿਊਨ ਨੇ ਉਨ੍ਹਾਂ ਦੇ ਪਰਿਵਾਰਾਂ ਵਿੱਚ ਵਧ ਰਹੀ ਪ੍ਰੇਸ਼ਾਨੀ ਬਾਰੇ ਵਿਆਪਕ ਤੌਰ ’ਤੇ ਰਿਪੋਰਟ ਇਕੱਠੀ ਕੀਤੀ ਹੈ ਜੋ 15 ਮਹੀਨਿਆਂ ਤੋਂ ਵੱਧ ਸਮੇਂ ਤੋਂ ਲਾਪਤਾ ਹਨ, ਜਿਨ੍ਹਾਂ ਨੂੰ ਕਥਿਤ ਤੌਰ ’ਤੇ ਯੂਕਰੇਨ ਨਾਲ ਰੂਸ ਦੀ ਜੰਗ ਵਿੱਚ ਸ਼ਾਮਲ ਹੋਣ ਲਈ ਮਜਬੂਰ ਕੀਤਾ ਗਿਆ ਸੀ। ਇਨ੍ਹਾਂ ਵਿੱਚੋਂ ਬਹੁਤ ਸਾਰੇ ਨੌਜਵਾਨ ਪੰਜਾਬ ਅਤੇ ਹਰਿਆਣਾ ਦੇ ਹਨ।

ਇਸ ਗਰਮੀਆਂ ਦੇ ਸ਼ੁਰੂ ਵਿੱਚ ਲਾਪਤਾ ਲੋਕਾਂ ਦੇ ਰਿਸ਼ਤੇਦਾਰਾਂ ਨੇ ਨਵੀਂ ਦਿੱਲੀ ਦੇ ਜੰਤਰ-ਮੰਤਰ ’ਤੇ ਇੱਕ ਵਿਰੋਧ ਪ੍ਰਦਰਸ਼ਨ ਕੀਤਾ ਅਤੇ ਸਰਕਾਰ ਤੋਂ ਜਵਾਬ ਮੰਗੇ। ਤਖ਼ਤੀਆਂ ਅਤੇ ਤਸਵੀਰਾਂ ਫੜ ਕੇ ਉਨ੍ਹਾਂ ਭਰਤੀ ਏਜੰਟਾਂ ’ਤੇ ਦੋਸ਼ ਲਗਾਇਆ ਕਿ ਉਹ ਆਪਣੇ ਅਜ਼ੀਜ਼ਾਂ ਨੂੰ ਯੂਰਪ ਵਿੱਚ ਨੌਕਰੀਆਂ ਦੇ ਵਾਅਦੇ ਨਾਲ ਭਰਮਾ ਰਹੇ ਹਨ, ਸਿਰਫ਼ ਉਨ੍ਹਾਂ ਨੂੰ ਸੰਘਰਸ਼ ਵਿੱਚ ਫਸਾਉਣ ਲਈ।

ਜਗਦੀਪ ਕੁਮਾਰ, ਜਿਸ ਦਾ ਛੋਟਾ ਭਰਾ ਮਨਦੀਪ ਮਾਰਚ 2024 ਤੋਂ ਲਾਪਤਾ ਹੈ, ਨੇ ਕਿਹਾ, “ਅਸੀਂ ਚੰਨ ਨਹੀਂ ਮੰਗ ਰਹੇ। ਅਸੀਂ ਸਿਰਫ਼ ਇਹ ਜਾਣਨਾ ਚਾਹੁੰਦੇ ਹਾਂ ਕਿ ਸਾਡੇ ਬੱਚੇ ਮਰ ਗਏ ਹਨ ਜਾਂ ਜ਼ਿੰਦਾ।”

ਕੁਮਾਰ ਨੇ ਦਾਅਵਾ ਕੀਤਾ ਕਿ ਉਸ ਦੇ ਭਰਾ ਨੂੰ ਇਟਲੀ ਵਿੱਚ ਨੌਕਰੀ ਦੇ ਵਾਅਦੇ ਨਾਲ ਧੋਖਾ ਦਿੱਤਾ ਗਿਆ ਸੀ ਪਰ ਇਸ ਦੀ ਬਜਾਏ ਯੂਕਰੇਨ ਦੀ ਸਰਹੱਦ ਨੇੜੇ ਸਿਖਲਾਈ ਲਈ ਮਜਬੂਰ ਕੀਤਾ ਗਿਆ ਸੀ।

ਕਈ ਪਰਿਵਾਰਾਂ ਨੇ ਦੋਸ਼ ਲਾਇਆ ਕਿ ਮਾਸਕੋ ਵਿੱਚ ਦੂਤਾਵਾਸ ਸਣੇ ਭਾਰਤੀ ਅਧਿਕਾਰੀਆਂ ਨਾਲ ਸੰਪਰਕ ਕਰਨ ਦੇ ਬਾਵਜੂਦ, ਬਹੁਤ ਘੱਟ ਪ੍ਰਗਤੀ ਹੋਈ ਹੈ। ਕੁਝ ਤਾਂ ਮਦਦ ਲੱਭਣ ਦੀ ਉਮੀਦ ਵਿੱਚ ਖ਼ੁਦ ਰੂਸ ਵੀ ਗਏ ਹਨ।

ਪਰਿਵਾਰਾਂ ਨੇ ਉਦੋਂ ਤੋਂ ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਨੂੰ ਪਟੀਸ਼ਨ ਦਾਇਰ ਕਰਕੇ ਰੂਸ ਵਾਪਸ ਜਾਣ ਅਤੇ ਆਪਣੇ ਲਾਪਤਾ ਰਿਸ਼ਤੇਦਾਰਾਂ ਦੀ ਭਾਲ ਕਰਨ ਲਈ ਅਧਿਕਾਰਤ ਸਹਾਇਤਾ ਦੀ ਅਪੀਲ ਕੀਤੀ ਹੈ। ਇੱਕ ਵਿਅਕਤੀ ਨੇ ਆਪਣੇ ਪੁੱਤਰ ਦੀ ਫੋਟੋ ਦਿਖਾਉਂਦਿਆਂ ਕਿਹਾ, “ਹਰ ਬੀਤਦਾ ਦਿਨ ਮੌਤ ਦੀ ਸਜ਼ਾ ਵਾਂਗ ਮਹਿਸੂਸ ਹੁੰਦਾ ਹੈ।”

# ਜਥੇਦਾਰ ਬੁੱਧ ਸਿੰਘ ਜੌਹਲ ਨੂੰ ਵੱਖ ਵੱਖ ਰਾਜਸੀ ਪਾਰਟੀਆਂ ਦੇ ਨੁਮਾਇੰਦਿਆਂ ਵੱਲੋਂ ਸ਼ਰਧਾਂਜਲੀ



**ਅੰਮ੍ਰਿਤਸਰ, 16 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪਿੰਡ ਬਾਣੀਆਂ ਦੇ ਜਥੇਦਾਰ ਬੁੱਧ ਸਿੰਘ ਜੌਹਲ ਜੋ ਕਿ ਉਘੇ ਸਮਾਜ ਸੇਵਕ ਅਤੇ ਮਿਲਾਪੜੇ ਸੁਭਾਅ ਵਾਲੇ ਸਨ। ਉਨ੍ਹਾਂ ਵੱਲੋਂ ਹਮੇਸ਼ਾਂ ਹੀ ਲੋਕਾਂ ਵਿੱਚ ਲੋਕ ਭਲਾਈ ਦੇ ਕੀਤੇ ਕੰਮਾਂ ਵਜੋਂ ਜਾਣੇ ਜਾਂਦੇ ਸਨ ਅਤੇ ਗੁਰੂ ਘਰ ਪ੍ਰਤੀ ਆਪਣੀ ਸੱਚੀ ਸ਼ਰਧਾ ਰੱਖਦੇ ਸਨ। ਉਨ੍ਹਾਂ ਦੀ ਉਮਰ 80 ਸਾਲ ਦੀ ਸੀ ਅਤੇ ਸੰਖੇਪ ਬਿਮਾਰੀ ਉਪਰੰਤ ਦਿਹਾਂਤ ਹੋ ਗਿਆ। ਜਥੇਦਾਰ ਬੁੱਧ ਸਿੰਘ ਜੌਹਲ ਜੋ ਕਿ ਸ੍ਰੋਮਣੀ ਅਕਾਲੀ ਦਲ ਅਤੇ ਕਾਂਗਰਸੀ ਆਗੂ ਨਾਲ ਕਾਫੀ ਸਾਂਝ ਰੱਖਦੇ ਸਨ।

ਜਥੇਦਾਰ ਜੌਹਲ ਦੀ ਅੰਤਿਮ ਅਰਦਾਸ ਗੁਰਦੁਆਰਾ ਚੁਬੱਚਾ ਸਾਹਿਬ ਮੰਡਾਲਾ ਵਿਖੇ ਹੋਈ। ਇਸ ਮੌਕੇ ਸ਼੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਉਣ ਉਪਰੰਤ ਕੀਰਤਨੀ ਜਥੇ ਵੱਲੋਂ ਕੀਰਤਨ ਕੀਤਾ ਗਿਆ। ਇਸ ਮੌਕੇ ਧਾਰਮਿਕ ਸਮਾਜਿਕ ਰਾਜਨੀਤਿਕ ਜਥੇਬੰਦੀਆਂ ਵੱਲੋਂ ਜਥੇਦਾਰ ਬੁੱਧ ਸਿੰਘ ਜੀ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ ਗਏ ਇਸ ਮੌਕੇ ਸਾਬਕਾ ਵਿਧਾਇਕ ਖਡੂਰ ਸਾਹਿਬ ਰਵਿੰਦਰ ਸਿੰਘ ਬ੍ਰਹਮਪੁਰਾ ਨੇ ਜਥੇਦਾਰ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਕਿਹਾ ਕਿ ਸਾਨੂੰ ਇਨ੍ਹਾਂ ਦੇ ਸਾਫ ਸੁਥਰੇ ਅਕਸ ਤੇ ਚੱਲਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਇਹੋ ਜਿਹੀਆਂ ਸਖਸ਼ੀਅਤਾਂ ਸਮਾਜ ਲਈ ਰਾਹ ਦਸੇਰਾ ਹੁੰਦੀਆਂ ਹਨ।

ਸ਼ਰਧਾਂਜਲੀ ਦਿੰਦੇ ਹੋਏ ਸਾਬਕਾ ਵਿਧਾਇਕ ਰਮਨਜੀਤ ਸਿੰਘ ਸਿੱਕੀ ਨੇ ਕਿਹਾ ਕਿ ਇਨ੍ਹਾਂ ਦੀ ਸਮਾਜ ਨੂੰ ਬਹੁਤ ਵੱਡੀ ਦੇਣ ਸੀ। ਇਨ੍ਹਾਂ ਨੇ ਸਮਾਜ ਵਿੱਚ ਕਈ ਕੁਰੀਤੀਆਂ ਨੂੰ ਖਤਮ ਕੀਤਾ ਅਤੇ ਲੋਕਾਂ ਨੂੰ ਗੁਰੂ ਘਰ ਨਾਲ ਜੋੜਿਆ ਸੀ।

ਜਥੇਦਾਰ ਬੁੱਧ ਸਿੰਘ ਜੌਹਲ ਦੇ ਨਮਿੱਤ ਅੰਤਿਮ ਅਰਦਾਸ ਤੇ ਸ਼ਰਧਾਂਜਲੀ ਸਮਾਗਮ ਸਾਹਿਬ ਪਿੰਡ ਬਾਣੀਆਂ ਜ਼ਿਲ੍ਹਾ ਤਰਨਤਾਰਨ ਵਿਖੇ ਇਸ ਮੌਕੇ ਸਾਬਕਾ ਵਿਧਾਇਕ ਬਾਬਾ ਬਕਾਲਾ ਸੰਤੋਖ ਸਿੰਘ ਭਲਈਪੁਰ ਇਕਬਾਲ ਸਿੰਘ ਸੰਧੂ ਸੀਨੀਅਰ ਮੀਤ ਪ੍ਰਧਾਨ ਅਲਵਿੰਦਰ ਸਿੰਘ ਪੱਖੋਕੇ ਸਾਬਕਾ ਪ੍ਰਧਾਨ ਐਸਜੀਪੀਸੀ ਗੁਰਬਚਨ ਸਿੰਘ ਕਰਮੋ ਵੱਲ ਮੈਂਬਰ ਐਸਜੀਪੀਸੀ ਬਲਵਿੰਦਰ ਸਿੰਘ ਵਹੀ ਪ੍ਰੀ ਮੈਂਬਰ ਐਸਜੀਪੀਸੀ ਗੁਰਸੇਵਕ ਸਿੰਘ ਪ੍ਰਧਾਨ ਗੁਰਦੀਪ ਸਿੰਘ ਜੌਹਲ ਬਾਣੀਆਂ ਕੋਮਲ ਸਿੰਘ ਯੂਥ ਪ੍ਰਧਾਨ ਹਰਮਿੰਦਰ ਪਾਲ ਸਿੰਘ ਮੱਲਾ ਕਾਂਗਰਸ ਸੈੱਲ ਮਨਜੀਤ ਸਿੰਘ ਮੰਨਾ ਸਾਬਕਾ ਵਿਧਾਇਕ ਹਰਜਿੰਦਰ ਸਿੰਘ ਢਾਂਡਾ ਆਜ਼ਾਦ ਸੰਘਰਸ਼ ਕਮੇਟੀ ਪੰਜਾਬ ਨਰਿੰਦਰ ਸਿੰਘ ਹਰਜਿੰਦਰ ਸਿੰਘ ਆਦਿ ਨੇ ਇਸ ਮੌਕੇ ਸ਼ਰਧਾਂਜਲੀ ਭੇਂਟ ਕਰਦੇ ਹੋਏ ਸ਼ਰਧਾ ਦੇ ਫੁੱਲ ਭੇਂਟ ਕੀਤੀ ਅਤੇ ਸਮੂਹ ਆਗੂਆਂ ਨੇ ਕਿਹਾ ਕਿ ਇਨ੍ਹਾਂ ਦਾ ਚਲੇ ਜਾਣਾ ਸਮਾਜ ਲਈ ਕਾਫੀ ਨੁਕਸਾਨਦੇਹ ਹੈ ਉਨ੍ਹਾਂ ਕਿਹਾ ਕਿ ਇਹੋ ਜਿਹੀਆਂ ਸਖਸ਼ੀਅਤਾਂ ਸਮਾਜ ਦੇ ਭਲੇ ਹਨ ਹੀ ਆਉਦੀਆਂ ਹਨ।

# ਸ਼੍ਰੋਮਣੀ ਕਮੇਟੀ ਨੇ ਘਨੌਰ, ਸਨੌਰ ਤੇ ਸ਼ਤਰਾਣਾ ਹੜ੍ਹ ਪ੍ਰਭਾਵਤ ਖੇਤਰਾਂ ’ਚ ਬਣਾਈ ਪਹੁੰਚ

## ➢ ਮਾਨਵਤਾ ਦੇ ਭਲੇ ਤਹਿਤ ਹੜ੍ਹਾਂ ’ਚ ਫਸੇ ਲੋੜਵੰਦਾਂ ਤੱਕ ਪਹੁੰਚਾਈ ਰਾਹਤ ਸਮੱਗਰੀ
## ➢ ਹੜ੍ਹ ਪ੍ਰਭਾਵਤ ਖੇਤਰਾਂ ’ਚ ਸ਼੍ਰੋਮਣੀ ਕਮੇਟੀ ਕਰ ਰਹੀ ਵੱਡੇ ਕਾਰਜ : ਜਥੇਦਾਰ ਗੜ੍ਹੀ

**ਪਟਿਆਲਾ, 16 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹੜ੍ਹ ਕਾਰਨ ਪਾਣੀ ਦੀ ਮਾਰਨ ਝੱਲ ਰਹੇ ਹੜ੍ਹ ਪ੍ਰਭਾਵਤ ਖੇਤਰ ਤੱਕ ਪਹੁੰਚ ਕਰਨ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਦਿਸ਼ਾ ਨਿਰਦੇਸ਼ਾਂ ਤੋਂ ਬਾਅਦ ਅੰਤ੍ਰਿੰਗ ਕਮੇਟੀ ਮੈਂਬਰ ਜਥੇਦਾਰ ਸੁਰਜੀਤ ਸਿੰਘ ਗੜ੍ਹੀ ਦੀ ਯੋਗ ਅਗਵਾਈ ਵਿਚ ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ ਦੇ ਪਾਵਨ ਅਸਥਾਨ ਤੋਂ ਹੜ੍ਹ ਪ੍ਰਭਾਵਤ ਖੇਤਰਾਂ ਜਿਨ੍ਹਾਂ ਵਿਚ ਜੰਡ ਮੰਗੋਲੀ, ਰਾਜਗੜ੍ਹ, ਚਮਾਰੂ, ਲਾਛੜੂ ਕਲਾਂ, ਲਾਛੜੂ ਖੁਰਦ, ਚਮਾਰੂ, ਸਰਾਲਾ ਖੁਰਦ, ਮਾੜੂ ਤੋਂ ਇਲਾਵਾ ਹਲਕਾ ਸ਼ਤਰਾਣਾ ਤੱਕ ਰਾਹਤ ਸਮੱਗਰੀ ਭੇਜੀ ਜਾ ਰਹੀ ਹੈ ਅਤੇ ਪਾਣੀ ਦੀ ਮਾਰ ਝੱਲ ਰਹੇ ਪਿੰਡਾਂ ਵਿਚ ਇਹ ਰਾਹਤ ਸਮੱਗਰੀ ਲੋੜਵੰਦਾਂ ਤੱਕ ਪਹੁੰਚਣ ਦਾ ਉਪਰਾਲਾ ਕੀਤਾ ਜਾ ਰਿਹਾ ਹੈ।


ਹੜ੍ਹ ਪ੍ਰਭਾਵਤ ਖੇਤਰਾਂ ਵਿਚ ਭੇਜੀ ਜਾ ਰਹੀ ਰਾਹਤ ਸਮੱਗਰੀ ਭੇਜਣ ਮੌਕੇ ਮੈਨੇਜਰ ਭਾਗ ਸਿੰਘ ਤੇ ਸਮੂਹ ਸਟਾਫ ਮੈਂਬਰ।

ਪ੍ਰਭਾਵਿਤ ਖੇਤਰਾਂ ਵਿਚ ਚੱਲ ਰਹੇ ਕਾਰਜਾਂ ਦੇ ਸਬੰਧ ਵਿਚ ਅੰਤ੍ਰਿੰਗ ਕਮੇਟੀ ਮੈਂਬਰ ਜਥੇਦਾਰ ਸੁਰਜੀਤ ਸਿੰਘ ਗੜ੍ਹੀ ਨੇ ਗੱਲਬਾਤ ਕਰਦਿਆਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਆਪਣੇ ਪੱਧਰ ’ਤੇ ਕਾਰਜਾਂ ਵਿਚ ਜੁਟੀ ਹੈ, ਉਥੇ ਹੀ ਗੁਰੂ ਘਰ ਪ੍ਰਤੀ ਸ਼ਰਧਾ ਰੱਖਣ ਵਾਲੀਆਂ ਸੰਗਤਾਂ, ਸੰਸਥਾਵਾਂ ਅਤੇ ਜਥੇਬੰਦੀਆਂ ਨੂੰ ਵੀ ਇਸ ਮੁਹਿੰਮ ਵਿਚ ਅੱਗੇ ਆਉਣਾ ਚਾਹੀਦਾ ਹੈ।

ਜਾਣਕਾਰੀ ਸਾਂਝੀ ਕਰਦਿਆਂ ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ ਦੇ ਮੈਨੇਜਰ ਭਾਗ ਸਿੰਘ ਨੇ ਦੱਸਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ ਵਿਖੇ ਹੜ੍ਹ ਪ੍ਰਭਾਵਤ ਖੇਤਰਾਂ ਤੱਕ ਪਹੁੰਚ ਕਰਨ ਲਈ ਕੰਟਰੋਲ ਰੂਮ ਸਥਾਪਿਤ ਕੀਤਾ ਗਿਆ, ਜਿਥੇ ਰੋਜ਼ਾਨਾ ਪਾਣੀ ਦੀ ਮਾਰ ਵਾਲੇ ਇਲਾਕਿਆਂ ਵਿਚ ਪਹੁੰਚ ਕਰਨ ਅਤੇ ਰਾਹਤ ਸਮੱਗਰੀ ਪਹੁੰਚਣ ਦਾ ਕਾਰਜ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਲਗਾਤਾਰ ਲੰਗਾਰ ਸੇਵਾਵਾਂ ਜਾਰੀ ਹੈ ਅਤੇ ਸਿਹਤ ਸਹੂਲਤਾਂ ਲਈ ਵੱਖ ਵੱਖ ਥਾਵਾਂ ’ਤੇ ਡਾਕਟਰੀ ਟੀਮਾਂ ਨੂੰ ਵੀ ਵੱਖ ਵੱਖ ਹਿੱਸਿਆਂ ਵਿਚ ਭੇਜਿਆ ਜਾ ਰਿਹਾ ਹੈ।

ਮੈਨੇਜਰ ਭਾਗ ਸਿੰਘ ਨੇ ਦੱਸਿਆ ਕਿ ਸਮਾਣਾ ਦੇ ਪਿੰਡਾਂ ਵਿਚ ਸ਼੍ਰੋਮਣੀ ਕਮੇਟੀ ਪਾਸ ਸਬੰਧਤ ਇਲਾਕਿਆਂ ਦੀਆਂ ਸੰਗਤਾਂ ਅਤੇ ਜਥੇਬੰਦੀਆਂ ਨੇ ਪਹੁੰਚ ਕੀਤੀ ਸੀ ਕਿ ਹੜ੍ਹਾਂ ਵਿਚ ਆਏ ਪਾਣੀ ਦੀ ਮਾਰ ਤੋਂ ਬਚਣ ਲਈ ਬੰਨ ਮਜਬੂਤ ਕਰਨ ਲਈ ਸਹਾਇਤਾ ਦੀ ਲੋੜ ਹੈ, ਜਿਨ੍ਹਾਂ ਲਈ ਹੁਣ ਤੱਕ 9000 ਦੇ ਕਰੀਬ ਡੀਜ਼ਲ ਤੇਲ ਭੇਜਿਆ ਜਾ ਚੁੱਕਿਆ ਹੈ। ਉਨ੍ਹਾਂ ਦੱਸਿਆ ਕਿ ਲੋੜਵੰਦਾਂ ਤੱਕ ਲੰਗਰ ਤੋਂ ਇਲਾਵਾ ਰਾਸ਼ਨ ਕਿੱਟਾਂ ਵਿਚ ਚੀਨੀ, ਸਰੋਂ ਦਾ ਤੇਲ, ਚਾਹ ਪੱਤੀ, ਸੁੱਕਾ ਦੁੱਧ, ਸਾਬਣ, ਟੂਥ ਪੇਸਟ, ਬੁਰਸ਼, ਦਵਾਈਆਂ, ਮੋਮਬੱਤੀਆਂ ਆਦਿ ਰਾਹਤ ਸਮੱਗਰੀ ਬਣਾ ਕੇ ਭੇਜੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਪਾਣੀ ਦੀ ਮਾਰ ਝੱਲ ਰਹੇ ਖੇਤਰਾਂ ਵਿਚ ਬਿਜਲੀ ਨਹੀਂ ਆ ਰਹੀ, ਪਾਣੀ ਦੀ ਘਾਟ ਵੱਡੇ ਪੱਧਰ ’ਤੇ ਮਹਿਸੂਸ ਕੀਤੀ ਜਾ ਰਹੀ ਹੈ ਇਸ ਕਰਕੇ ਲੋੜਵੰਦ ਲੋਕਾਂ ਤੱਕ ਸ਼੍ਰੋਮਣੀ ਕਮੇਟੀ ਪਹੁੰਚ ਕਰ ਰਹੀ ਹੈ ਅਤੇ ਜ਼ਰੂਰਤਮੰਦਾਂ ਤੱਕ ਹਰ ਚੀਜ਼ ਮੁਹੱਈਆ ਕੀਤੀ ਜਾ ਰਹੀ ਹੈ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਮੀਤ ਮੈਨੇਜਰ ਮਨਦੀਪ ਸਿੰਘ ਭਲਵਾਨ, ਸੁਪਰਵਾਈਜ਼ਰ ਵਰਿੰਦਰ ਸਿੰਘ ਗੋਲਡੀ, ਅਕਾਊਟੈਂਟ ਗੁਰਮੀਤ ਸਿੰਘ, ਸਰਬਜੀਤ ਸਿੰਘ, ਸੁਖਦੇਵ ਸਿੰਘ ਕਾਹਲਵਾਂ, ਮਨਜੀਤ ਸਿੰਘ ਪਵਾਰ ਆਦਿ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਅਧਿਕਾਰੀ ਤੇ ਸਟਾਫ ਮੈਂਬਰ ਆਦਿ ਸ਼ਾਮਲ ਸਨ।

# ਸਿਕੰਦਰ ਸਿੰਘ ਵੱਲੋਂ ਵੱਲੋਂ ਨਿਯਮਾਂ ਸਬੰਧੀ ਕੀਤਾ ਜਾਗਰੁਕ



**ਮਾਛੀਵਾੜਾ ਸਾਹਿਬ, 16 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਏ.ਐਸ. ਆਈ. ਸਿਕੰਦਰ ਸਿੰਘ ਇੰਚਾਰਜ ਟਰੈਫਿਕ ਪੁਲਿਸ ਮਾਛੀਵਾੜਾ ਸਾਹਿਬ ਵੱਲੋਂ ਬੀਤੇ ਦਿਨ ਆਪਣੀ ਡਿਊਟੀ ਮਾਛੀਵਾੜਾ ਸਾਹਿਬ ਵਿਖੇ ਸੰਭਾਲਣ ਉਪਰੰਤ ਵੱਖ-ਵੱਖ ਥਾਵਾਂ ਤੇ ਟ੍ਰੈਫਿਕ ਨਿਯਮਾਂ ਸੰਬੰਧੀ ਜਾਗਰੂਕਤਾ ਕੈਂਪ ਲਗਾਏ ਗਏ। ਜਿਸ ਵਿੱਚ ਉਹਨਾਂ ਵੱਲੋਂ ਲੋਕਾਂ ਨੂੰ ਟਰੈਫਿਕ ਨਿਯਮਾਂ ਦੀ ਪਾਲਣਾ ਕਰਨ ਲਈ ਪ੍ਰੇਰਿਤ ਕੀਤਾ ਗਿਆ। ਮਾਛੀਵਾੜਾ ਸਾਹਿਬ ਨਜ਼ਦੀਕ ਪਿੰਡ ਝੜੌਦੀ ਵਿਖੇ ਸਿਰਕੱਢ ਵਿੱਦਿਅਕ ਸੰਸਥਾ ਹਰਜਸ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਵਿਖੇ ਟਰੈਫਿਕ ਇੰਚਾਰਜ ਸਿਕੰਦਰ ਸਿੰਘ ਵੱਲੋਂ ਸਕੂਲ ਬੈਨ ਦੇ ਡਰਾਈਵਰ ਅਤੇ ਕੰਡਕਟਰਾਂ ਨਾਲ ਮੀਟਿੰਗ ਕਰ ਉਹਨਾਂ ਨੂੰ ਟਰੈਫਿਕ ਨਿਯਮਾਂ ਪ੍ਰਤੀ ਜਾਣੂ ਕਰਵਾਇਆ ਅਤੇ ਹਦਾਇਤਾਂ ਵੀ ਜਾਰੀ ਕੀਤੀਆਂ। ਉਹਨਾਂ ਹਿਦਾਇਤਾਂ ਜਾਰੀ ਕਰਦੇ ਕਿਹਾ ਇਹ ਡਰਾਈਵਰ ਕੋਲ ਬੱਸ ਦਾ ਪੂਰਾ ਵਾਇਓ ਡਾਟਾ, ਫਿਟਨਸ ਸਰਟੀਫਿਕੇਟ , ਡਰਾਈਵਰੀ ਲਾਈਸੈਂਸ, ਵਰਦੀ ਪੂਰੀ ਪਹਿਨੀ ਹੋਣੀ ਚਾਹੀਦੀ ਹੈ ,ਜਿਸ ਉੱਤੇ ਡਰਾਈਵਰ ਦੇ ਨਾਮ ਦੀ ਨੇਮ ਪਲੇਟ ਤੇ ਲਾਈਸੈਂਸ ਨੰਬਰ ਵੀ ਲਿਖਿਆ ਹੋਣਾ ਚਾਹੀਦਾ ਹੈ।

ਉਹਨਾਂ ਕਿਹਾ ਕਿ ਸਕੂਲ ਵੈਨ ਦੇ ਡਰਾਈਵਰ ਕੋਲ ਪਿਛਲੇ ਪੰਜ ਸਾਲ ਦਾ ਹੈਵੀ ਗੱਡੀ ਚਲਾਉਣ ਦਾ ਤਜ਼ਰਬਾ ਹੋਣਾ ਜਰੂਰੀ ਹੈ। ਮੁੱਖ ਪ੍ਰਬੰਧਕ ਪਰਮਜੀਤ ਸਿੰਘ ਨੇ ਟਰੈਫਿਕ ਇੰਚਾਰਜ ਏ.ਐਸ. ਆਈ. ਸਿਕੰਦਰ ਸਿੰਘ ਦਾ ਸਕੂਲ ਪੁੱਜਣ ਤੇ ਸਵਾਗਤ ਕੀਤਾ।

ਇਸ ਮੌਕੇ ਸਮਾਜ ਸੇਵੀ ਸ਼ਿਵ ਕੁਮਾਰ ਸ਼ਿਵਲੀ ,ਸਕੂਲ ਮੁੱਖ ਕੋਆਰਡੀਨੇਟਰ ਮਾਸਟਰ ਸਤੀਸ਼ ਕੁਮਾਰ ਵੀ ਮੌਜੂਦ ਸਨ।

# ਪੰਜਾਬੀ ਜ਼ਾਇਕੇ ਦੀ ਵਿਰਾਸਤ ਨੂੰ ਹੁਲਾਰਾ ? ਪੰਜਾਬ ਵੱਲੋਂ ਅੰਮ੍ਰਿਤਸਰੀ ਕੁਲਚੇ ਲਈ ਜੀ.ਆਈ. ਟੈਗ ਹਾਸਲ ਕਰਨ ਦੀਆਂ ਤਲਾਸ਼ੀਆਂ ਜਾ ਰਹੀਆਂ ਸੰਭਾਵਨਾਵਾਂ

# ਮੁੱਖ ਮੰਤਰੀ ਮਾਨ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਭੋਜਨ ਪਦਾਰਥਾਂ ਨੂੰ ਖੇਤ ਤੋਂ ਫੈਕਟਰੀ ਅਤੇ ਫੈਕਟਰੀ ਤੋਂ ਪਲੇਟ ਤੱਕ ਪਹੁੰਚਾਉਣ ਵਾਲੀ ਵੈਲਿਊ ਚੇਨ ਨੂੰ ਮਜ਼ਬੂਤ ਕੀਤਾ ਜਾ ਰਿਹੈ: ਰਾਖੀ ਗੁਪਤਾ ਭੰਡਾਰੀ

**ਚੰਡੀਗੜ੍ਹ,16 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਖਾਣੇ ਦੀ ਵਿਲੱਖਣ ਪਛਾਣ ਅਤੇ ਵਿਰਾਸਤ ਨੂੰ ਸੁਰੱਖਿਅਤ ਰੱਖਣ ਤੇ ਹੁਲਾਰਾ ਦੇਣ ਦੀ ਦਿਸ਼ਾ ਵਿੱਚ ਅਹਿਮ ਕਦਮ ਚੁੱਕਦਿਆਂ ਪੰਜਾਬ ਦੇ ਫੂਡ ਪ੍ਰੋਸੈਸਿੰਗ ਵਿਭਾਗ ਵੱਲੋਂ ਅੰਮ੍ਰਿਤਸਰ ਦੇ ਪ੍ਰਸਿੱਧ ਪਕਵਾਨ ਅੰਮ੍ਰਿਤਸਰੀ ਕੁਲਚਾ ਲਈ ਜਿਉਗ੍ਰਾਫੀਕਲ ਇੰਡੀਕੇਸ਼ਨ (ਜੀ.ਆਈ.) ਟੈਗ ਪ੍ਰਾਪਤ ਕਰਨ ਦੀਆਂ ਸੰਭਾਵਨਾਵਾਂ ਤਲਾਸ਼ੀਆਂ ਜਾ ਰਹੀਆਂ ਹਨ। ਜ਼ਿਕਰਯੋਗ ਹੈ ਕਿ ਜੀ.ਆਈ.ਟੈਗ ਖਾਸ ਭੂਗੋਲਿਕ ਖੇਤਰ, ਜਿਵੇਂ ਕਿ ਵਿਸ਼ੇਸ਼ ਇਲਾਕੇ, ਕਸਬੇ ਜਾਂ ਦੇਸ਼ ਦੇ ਸਬੰਧ ਵਿੱਚ ਵਿਲੱਖਣ ਗੁਣਵੱਤਾ, ਸ਼ਾਖ ਜਾਂ ਵਿਸ਼ੇਸ਼ਤਾ ਰੱਖਣ ਵਾਲੇ ਉਤਪਾਦਾਂ ਨੂੰ ਪ੍ਰਦਾਨ ਕੀਤਾ ਜਾਣ ਵਾਲਾ ਇੱਕ ਲੇਬਲ ਹੈ।



ਇਹ ਪ੍ਰਗਟਾਵਾ ਪੰਜਾਬ ਦੇ ਫੂਡ ਪ੍ਰੋਸੈਸਿੰਗ ਵਿਭਾਗ ਦੇ ਪ੍ਰਮੁੱਖ ਸਕੱਤਰ ਸ੍ਰੀਮਤੀ ਰਾਖੀ ਗੁਪਤਾ ਭੰਡਾਰੀ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਿਖੇ ਫੂਡ ਪ੍ਰੋਸੈਸਿੰਗ ਸੈਕਟਰ ਦੀਆਂ ਪਹਿਲਕਦਮੀਆਂ ਬਾਰੇ ਵਿਚਾਰ-ਵਟਾਂਦਰਾ ਕਰਨ ਲਈ ਬੁਲਾਈ ਮੀਟਿੰਗ ਦੌਰਾਨ ਕੀਤਾ। ਮੀਟਿੰਗ ਵਿੱਚ ਫੂਡ ਸਾਇੰਸ ਅਤੇ ਤਕਨਾਲੋਜੀ ਵਿਭਾਗ ਦੇ ਫੈਕਲਟੀ ਮੈਂਬਰ, ਉਦਯੋਗਿਕ ਸੰਗਠਨਾਂ ਅਤੇ ਮੁਰੱਬਾ, ਅਚਾਰ, ਬਾਸਮਤੀ ਚੌਲ, ਸ਼ਹਿਦ ਅਤੇ ਗੁੜ ਦੇ ਪ੍ਰੋਸੈਸਿੰਗ ਯੂਨਿਟਾਂ ਦੇ ਪ੍ਰਤੀਨਿਧੀ ਸ਼ਾਮਲ ਸਨ।

ਜੀ.ਆਈ. ਟੈਗ ਪ੍ਰਾਪਤ ਕਰਨ ਦੇ ਫਾਇਦਿਆਂ ‘ਤੇ ਚਾਨਣਾ ਪਾਉਂਦਿਆਂ ਸ੍ਰੀਮਤੀ ਰਾਖੀ ਗੁਪਤਾ ਭੰਡਾਰੀ ਨੇ ਕਿਹਾ ਕਿ ਇਹ ਨਾ ਸਿਰਫ਼ ਇਸ ਪਵਿੱਤਰ ਸ਼ਹਿਰ ਦੇ ਵਿਲੱਖਣ ਖਾਣੇ ਦੀ ਵਿਰਾਸਤ ਨੂੰ ਹੁਲਾਰਾ ਦੇਵੇਗਾ ਬਲਕਿ ਬ੍ਰਾਂਡਿੰਗ, ਨਿਰਯਾਤ, ਬਾਜ਼ਾਰ ਦੇ ਵਿਸਥਾਰ ਲਈ ਨਵੇਂ ਮੌਕੇ ਵੀ ਪੈਦਾ ਕਰੇਗਾ ਜਿਸ ਨਾਲ ਰੁਜ਼ਗਾਰ ਦੇ ਨਵੇਂ ਮੌਕੇ ਸਿਰਜੇ ਜਾਣਗੇ।

ਉਨ੍ਹਾਂ ਨੇ ਫੂਡ ਐਗਰੋ-ਪ੍ਰੋਸੈਸਿੰਗ ਖੇਤਰ ਦੀ ਮਹੱਤਤਾ ’ਤੇ ਜ਼ੋਰ ਦਿੰਦਿਆਂ ਇਸ ਨੂੰ ਸਨਸ਼ਾਈਨ ਇੰਡਸਟਰੀ ਦੱਸਿਆ ਕਿਉਂਕਿ ਇਸ ਖੇਤਰ ਵਿੱਚ ਵਿਕਾਸ ਅਤੇ ਰੁਜ਼ਗਾਰ ਪੈਦਾ ਕਰਨ ਦੀ ਅਥਾਹ ਸੰਭਾਵਨਾ ਹੈ। ਉਨ੍ਹਾਂ ਨੇ ਇਸ ਖੇਤਰ ਦੇ ਟਿਕਾਊ ਵਿਕਾਸ ਨੂੰ ਯਕੀਨੀ ਬਣਾਉਣ ਲਈ ਫੂਡ ਬਿਜ਼ਨਸ ਆਪਰੇਟਰਾਂ (ਐਫ.ਬੀ.ਓਜ਼) ਲਈ ਮਜ਼ਬੂਤ ਲਿੰਕ ਸਥਾਪਿਤ ਕਰਨ ਦੀ ਜ਼ਰੂਰਤ ’ਤੇ ਜ਼ੋਰ ਦਿੱਤਾ।

ਪ੍ਰਮੁੱਖ ਸਕੱਤਰ ਨੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਸੂਬੇ ਦੇ ਐਗਰੋ-ਫੂਡ ਪ੍ਰੋਸੈਸਿੰਗ ਈਕੋਸਿਸਟਮ ਨੂੰ ਮਜ਼ਬੂਤ ਕਰਨ ਸਬੰਧੀ ਵਚਨਵੱਧਤਾ ਦਹੁਰਾਈ। ਉਨ੍ਹਾਂ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਅਕਾਦਮਿਕ-ਉਦਯੋਗ ਪਾੜੇ ਨੂੰ ਪੂਰਨ ਸਬੰਧੀ ਕੀਤੇ ਜਾ ਰਹੇ ਯਤਨਾਂ ਦੀ ਵੀ ਸ਼ਲਾਘਾ ਕੀਤੀ। ਉਨ੍ਹਾਂ ਦੱਸਿਆ ਕਿ ਕੈਬਨਿਟ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆਂ ਦੀ ਯੋਗ ਅਗਵਾਈ ਹੇਠ ਫੂਡ ਪ੍ਰੋਸੈਸਿੰਗ ਵਿਭਾਗ ਵੱਲੋਂ ਭੋਜਨ ਪਦਾਰਥਾਂ ਨੂੰ ਖੇਤ ਤੋਂ ਫੈਕਟਰੀ ਅਤੇ ਫੈਕਟਰੀ ਤੋਂ ਲੋਕਾਂ ਦੀ ਪਲੇਟ ਤੱਕ ਪਹੁੰਚਾਉਣ ਵਾਲੀ ਮੁਕੰਮਲ ਵੈਲਿਊ ਚੇਨ ਨੂੰ ਮਜ਼ਬੂਤ ਕਰਨ ਲਈ ਨੀਤੀਆਂ ਤਿਆਰ ਕੀਤੀਆਂ ਜਾ ਰਹੀਆਂ ਹਨ ਤਾਂ ਜੋ ਨਿਰਵਿਘਨ ਅਤੇ ਕੁਸ਼ਲ ਪ੍ਰਕਿਰਿਆ ਨੂੰ ਯਕੀਨੀ ਬਣਾਇਆ ਜਾ ਸਕੇ।

ਮੀਟਿੰਗ ਵਿੱਚ ਪੰਜਾਬ ਦੇ ਫੂਡ ਪ੍ਰੋਸੈਸਿੰਗ ਖੇਤਰ ਦੇ ਵਿਕਾਸ ਲਈ ਮੁੱਖ ਉਦਯੋਗਿਕ ਮੰਗਾਂ ਅਤੇ ਸੰਭਾਵੀ ਹੱਲਾਂ ’ਤੇ ਵੀ ਚਰਚਾ ਕੀਤੀ ਗਈ। ਮੀਟਿੰਗ ਦੌਰਾਨ ਨਵੀਨਤਾ ਅਤੇ ਬੁਨਿਆਦੀ ਢਾਂਚੇ ਦੇ ਵਿਕਾਸ ਨੂੰ ਉਤਸ਼ਾਹਿਤ ਕਰਨ ਲਈ ਫੂਡ ਪਾਰਕ ਅਤੇ ਤਕਨਾਲੋਜੀ ਐਕਸਚੇਂਜ ਪਲੇਟਫਾਰਮ ਸਥਾਪਤ ਕਰਨ ‘ਤੇ ਵੀ ਚਰਚਾ ਕੀਤੀ ਗਈ। ਇਸ ਤੋਂ ਇਲਾਵਾ ਗੁਣਵੱਤਾ ਅਤੇ ਸੁਰੱਖਿਆ ਮਿਆਰਾਂ ਨੂੰ ਬਰਕਰਾਰ ਰੱਖਣ ਲਈ ਹੁਨਰਮੰਦ ਸਟਾਫ ਅਤੇ ਆਧੁਨਿਕ ਭੋਜਨ ਦੀ ਜਾਂਚ ਲਈ ਲੈਬਾਂ ਦੀ ਉਪਲਬਧਤਾ ਨੂੰ ਯਕੀਨੀ ਬਣਾਉਣ ਬਾਰੇ ਗੱਲਬਾਤ ਕੀਤੀ ਗਈ। ਮੀਟਿੰਗ ਦੌਰਾਨ ਫਲ, ਸਬਜ਼ੀਆਂ, ਪਾਪੜ, ਵੜੀਆਂ, ਸ਼ਹਿਦ, ਮਸਾਲੇ ਅਤੇ ਗੁੜ ਵਰਗੇ ਵੱਖ-ਵੱਖ ਉਤਪਾਦਾਂ ਲਈ ਪ੍ਰੋਸੈਸਿੰਗ ਸਹੂਲਤਾਂ ਵਿਕਸਤ ਕਰਨ ’ਤੇ ਵੀ ਧਿਆਨ ਕੇਂਦ੍ਰਿਤ ਕੀਤਾ ਗਿਆ। ਇਸ ਦੌਰਾਨ ਏ.ਪੀ.ਈ.ਡੀ.ਏ. ਸਹਾਇਤਾ ਨਾਲ ਕੋਲਡ ਸਟੋਰੇਜ ਸਹੂਲਤਾਂ ਅਤੇ ਛੇਤੀ ਖਰਾਬ ਹੋਣ ਵਾਲੇ ਭੋਜਨ ਪਦਾਰਥਾਂ ਲਈ ਅੰਮ੍ਰਿਤਸਰ ਹਵਾਈ ਅੱਡੇ ’ਤੇ ਕਾਰਗੋ ਹੈਂਡਲਿੰਗ ਸਬੰਧੀ ਪ੍ਰਸਤਾਵਾਂ ਦੀ ਵੀ ਪੜਚੋਲ ਕੀਤੀ ਗਈ। ਇਸ ਤੋਂ ਇਲਾਵਾ, ਪੰਜਾਬ ਐਗਰੋ ਰਾਹੀਂ ਸ਼ਹਿਦ ਦੇ ਨਿਰਯਾਤ ਨੂੰ ਉਤਸ਼ਾਹਿਤ ਕਰਕੇ ਇਸ ਖੇਤਰ ਲਈ ਸੰਭਾਵੀ ਵਿਕਾਸ ਦੇ ਮੌਕੇ ਵਜੋਂ ਉਜਾਗਰ ਕੀਤਾ ਗਿਆ।

ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਸ੍ਰੀ ਅਸ਼ੋਕ ਸੇਠੀ, ਸ੍ਰੀ ਰਾਕੇਸ਼ ਠੁਕਰਾਲ, ਸ੍ਰੀ ਸੁਰਿੰਦਰ ਲਖੇਸਰ, ਡਾ. ਡੀ.ਐਸ. ਸੋਗੀ (ਪ੍ਰੋਫੈਸਰ, ਫੂਡ ਸਾਇੰਸ ਅਤੇ ਤਕਨਾਲੋਜੀ ਵਿਭਾਗ, ਜੀ.ਐਨ.ਡੀ.ਯੂ.) ਅਤੇ ਉਦਯੋਗਾਂ ਤੋਂ ਭਾਈਵਾਲ ਸ਼ਾਮਲ ਸਨ।

# ਜ਼ਿਲ੍ਹਾ ਪੱਧਰੀ ਖੇਡਾਂ ਵਿੱਚ ਗੁਰੂ ਤੇਗ ਬਹਾਦਰ ਸਕੂਲ ਹੈਡੋਂ



**ਮਾਛੀਵਾੜਾ ਸਾਹਿਬ, 16 ਸਤੰਬਰ**
**-ਸਤੀਸ਼ ਕੁਮਾਰ-**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੀ ਗੁਰੂ ਤੇਗ ਬਹਾਦਰ ਮਾਡਲ ਸੀਨੀਅਰ ਸੈਕੰਡਰੀ ਸਕੂਲ ਹੈਡੋ ਬੇਟ ਦੇ ਵਿਦਿਆਰਥੀਆਂ ਨੇ ਜ਼ਿਲ੍ਹਾ ਪੱਧਰੀ ਸਕੂਲ ਖੇਡਾਂ 2025 ਵਿੱਚ ਕੁਸ਼ਤੀ ਮੁਕਾਬਲਿਆਂ ਵਿੱਚ ਭਾਗ ਲੈਂਦਿਆਂ ਸ਼ਾਨਦਾਰ ਪ੍ਰਦਰਸ਼ਨ ਰਾਹੀਂ ਵੱਖ ਵੱਖ ਮੁਕਾਬਲਿਆਂ ਵਿੱਚ ਜਿੱਤ ਪ੍ਰਾਪਤ ਕਰਕੇ ਆਪਣੇ ਮਾਤਾ ਪਿਤਾ, ਅਧਿਆਪਕਾਂ ਅਤੇ ਸਕੂਲ ਦਾ ਨਾਮ ਰੋਸ਼ਨ ਕੀਤਾ।ਜਿਸ ਵਿੱਚ( ਅੰਡਰ -17) ਦਸਵੀਂ ਜਮਾਤ ਦੇ ਵਿਦਿਆਰਥੀ ਮੁਹੰਮਦ ਸਾਹਿਲ ਨੇ 60 ਕਿੱਲੋ ਕੁਸ਼ਤੀ ਮੁਕਾਬਲੇ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ। ਸੁਦਾਮ ਹੁਸੈਨ ਦਸਵੀਂ ਕਲਾਸ ਦੇ ਵਿਦਿਆਰਥੀ ਨੇ 65 ਕਿਲੋ ਵਜਨ ਵਿੱਚ ਪਹਿਲਾਂ ਸਥਾਨ ਪ੍ਰਾਪਤ ਕੀਤਾ।

# ਗੁਰੂ ਨਾਨਕ ਦੇਵ ਭਵਨ ਕਮੇਟੀ ਵੱਲੋਂ ਡੀ.ਸੀ. ਨੂੰ ਹੜ੍ਹ ਪੀੜਤਾਂ ਲਈ 5 ਲੱਖ ਰੁਪਏ ਦਾ ਚੈਕ ਭੇਂਟ



**ਲੁਧਿਆਣਾ, 16 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਗੁਰੂ ਨਾਨਕ ਦੇਵ ਭਵਨ ਕਮੇਟੀ ਵੱਲੋਂ ਹੜ੍ਹ ਆਫ਼ਤ ਰਾਹਤ ਸਹਾਇਤਾ ਲਈ ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ ਨੂੰ 5 ਲੱਖ ਰੁਪਏ ਦਾ ਚੈਕ ਭੇਂਟ ਕੀਤਾ ਗਿਆ।

ਇਸ ਮੌਕੇ ਕਮੇਟੀ ਦੇ ਐਡਵਾਇਜ਼ਰ ਸੀ.ਏ. ਸੰਜੀਵ ਜੈਨ ਨੇ ਕਿਹਾ ਕਿ ਹਾਲ ਹੀ ਵਿੱਚ ਪੰਜਾਬ ਵਿੱਚ 1988 ਤੋਂ ਬਾਅਦ ਹੜ੍ਹ ਵਰਗੇ ਹਾਲਾਤ ਬਣੇ ਹਨ, ਜਿਸ ਕਾਰਨ ਕਈ ਲੋਕਾਂ ਦੇ ਘਰ ਤਬਾਹ ਹੋ ਗਏ ਹਨ। ਇਨ੍ਹਾਂ ਦੇ ਪੁਨਰਨਿਰਮਾਣ ਲਈ ਕਮੇਟੀ ਵੱਲੋਂ ਆਪਣਾ ਯੋਗਦਾਨ ਪੇਸ਼ ਕੀਤਾ ਜਾ ਰਿਹਾ ਹੈ।

ਉਨ੍ਹਾਂ ਨੇ ਕਿਹਾ ਕਿ ਐਸੇ ਸਮੇਂ ਸਾਰੇ ਲੋਕਾਂ ਨੂੰ ਮਿਲ ਕੇ ਸੇਵਾ ਦੀ ਭੂਮਿਕਾ ਨਿਭਾਉਣੀ ਚਾਹੀਦੀ ਹੈ।

ਇਸ ਮੌਕੇ ਡੀ.ਸੀ. ਹਿਮਾਂਸ਼ੂ ਜੈਨ ਨੇ ਕਮੇਟੀ ਦੇ ਯਤਨਾਂ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਹੜ੍ਹ ਪੀੜਤਾਂ ਨੂੰ ਇਸ ਮਦਦ ਨਾਲ ਹੌਸਲਾ ਮਿਲੇਗਾ।

ਇਸ ਮੌਕੇ ਕਮੇਟੀ ਦੇ ਜਨਰਲ ਸੈਕਰਟਰੀ ਸੁਰਿੰਦਰ ਸਿੰਘ, ਫਾਇਨੈਂਸ ਸੈਕਰਟਰੀ ਦਰਸ਼ਨ ਸਿੰਘ, ਮੈਨਟੇਨੈਂਸ ਕਮੇਟੀ ਚੇਅਰਮੈਨ ਅਵਤਾਰ ਸਿੰਘ ਭੋਗਲ, ਐਡਵਾਇਜ਼ਰ ਸੀ.ਏ. ਸੰਜੀਵ ਜੈਨ, ਕਮੇਟੀ ਮੈਂਬਰਾਂ ਵਿੱਚ ਜੇ.ਆਰ. ਸਿੰਘਲ (ਈਸਟਮੈਨ), ਉਦਯੋਗਪਤੀ ਚਰਨਜੀਤ ਵਿਸ਼ਵਕਰਮਾ, ਡਾ. ਪ੍ਰੇਮ ਕੁਮਾਰ (ਹੀਰੋ ਸਾਈਕਲ) ਆਦਿ ਹਾਜ਼ਰ ਸਨ।

# ਪੰਜਾਬ ਸਰਕਾਰ ਵੱਲੋਂ ਸਹਿਕਾਰੀ ਬੈਂਕਾਂ ਰਾਹੀਂ ਫ਼ਸਲੀ ਰਹਿੰਦ-ਖੂੰਹਦ ਪ੍ਰਬੰਧਨ ਕਰਜ਼ਾ ਯੋਜਨਾ ਸ਼ੁਰੂ

**ਚੰਡੀਗੜ੍ਹ,16 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪਰਾਲੀ ਸਾੜਨ ਦੇ ਮੁੱਦੇ ਨੂੰ ਪ੍ਰਭਾਵੀ ਢੰਗ ਨਾਲ ਨਜਿੱਠਣ ਅਤੇ ਟਿਕਾਊ ਖੇਤੀ ਨੂੰ ਹੋਰ ਉਤਸ਼ਾਹਿਤ ਕਰਨ ਦੀ ਦਿਸ਼ਾ ਵਿੱਚ ਇੱਕ ਫੈਸਲਾਕੁੰਨ ਕਦਮ ਚੁੱਕਦਿਆਂ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਨੇ ਸੂਬੇ ਭਰ ਦੇ ਸਹਿਕਾਰੀ ਬੈਂਕਾਂ ਰਾਹੀਂ ਸੇਧੀ ਹੋਈ ਫ਼ਸਲੀ ਰਹਿੰਦ-ਖੂੰਹਦ ਪ੍ਰਬੰਧਨ ਕਰਜ਼ਾ ਯੋਜਨਾ ਸ਼ੁਰੂ ਕੀਤੀ ਹੈ।

ਕਿਸਾਨਾਂ ਅਤੇ ਸਹਿਕਾਰੀ ਸਭਾਵਾਂ ਨੂੰ ਫ਼ਸਲੀ ਰਹਿੰਦ-ਖੂੰਹਦ ਪ੍ਰਬੰਧਨ ਮਸ਼ੀਨਰੀ ਖਰੀਦਣ ਵਿੱਚ ਸਹਾਇਤਾ ਕਰਨ ਦੇ ਮਕਸਦ ਨਾਲ ਤਿਆਰ ਕੀਤੀ ਗਈ ਇਹ ਯੋਜਨਾ ਹਵਾ ਪ੍ਰਦੂਸ਼ਣ ਨੂੰ ਘਟਾਉਣ ਵਿੱਚ ਮੁੱਖ ਭੂਮਿਕਾ ਨਿਭਾਉਣ ਦੇ ਨਾਲ-ਨਾਲ ਪੇਂਡੂ ਭਾਈਚਾਰਿਆਂ ਲਈ ਨਵੇਂ ਮੌਕੇ ਪੈਦਾ ਕਰੇਗੀ।

ਇਸ ਪਹਿਲਕਦਮੀ ਨੂੰ ਵਿੱਤ ਕਮਿਸ਼ਨਰ ਸਹਿਕਾਰਤਾ ਸੁਮੇਰ ਸਿੰਘ ਗੁਰਜਰ ਅਤੇ ਸਹਿਕਾਰੀ ਸਭਾਵਾਂ ਦੇ ਰਜਿਸਟਰਾਰ ਗਿਰੀਸ਼ ਦਿਆਲਨ ਦੀ ਅਗਵਾਈ ਹੇਠ ਮਨਜ਼ੂਰੀ ਦਿੱਤੀ ਗਈ ਹੈ ਜਿਸ ਵਿੱਚ ਖੇਤੀਬਾੜੀ ਖੇਤਰ ਵਿੱਚ ਭਾਈਵਾਲਾਂ ਦੀ ਵਿਆਪਕ ਭਾਗੀਦਾਰੀ ਨੂੰ ਯਕੀਨੀ ਬਣਾਇਆ ਗਿਆ ਹੈ।

ਇਸ ਯੋਜਨਾ ਦੀਆਂ ਮੁੱਖ ਵਿਸ਼ੇਸ਼ਤਾਵਾਂ ਵਿੱਚ ਪ੍ਰਾਇਮਰੀ ਖੇਤੀਬਾੜੀ ਸਹਿਕਾਰੀ ਸਭਾਵਾਂ ਅਤੇ ਬਹੁ-ਉਦੇਸ਼ੀ ਸਹਿਕਾਰੀ ਸਭਾਵਾਂ ਮਸ਼ੀਨਰੀ ’ਤੇ 80 ਫ਼ੀਸਦ ਤੱਕ ਸਬਸਿਡੀ (ਵੱਧੋ-ਵੱਧ 24 ਲੱਖ ਰੁਪਏ) ਲਈ ਯੋਗ ਹੋਣਗੀਆਂ।

ਦੱਸਣਯੋਗ ਹੈ ਕਿ ਪੇਸ਼ਗੀ ਰਕਮ ਵਜੋਂ ਕਰਜ਼ੇ ਦੀ 10 ਫ਼ੀਸਦ ’ਤੇ ਨਿਰਧਾਰਤ ਕੀਤੀ ਗਈ ਹੈ। ਵਿਅਕਤੀਗਤ ਕਿਸਾਨ ਮਸ਼ੀਨਰੀ ’ਤੇ 50 ਫ਼ੀਸਦ ਸਬਸਿਡੀ ਲਈ ਯੋਗ ਹੋਣਗੇ ਅਤੇ ਕਰਜ਼ੇ ਦੀ ਰਕਮ ਦਾ 25 ਫ਼ੀਸਦ ਰਾਸ਼ੀ ਲੋੜੀਂਦੀ ਹੋਵੇਗੀ।

ਇਹ ਇਤਿਹਾਸਕ ਫ਼ੈਸਲਾ ਨਾ ਸਿਰਫ਼ ਆਧੁਨਿਕ ਉਪਕਰਨਾਂ ਤੱਕ ਆਸਾਨ ਪਹੁੰਚ ਦੀ ਸਹੂਲਤ ਪ੍ਰਦਾਨ ਕਰੇਗਾ ਬਲਕਿ ਫ਼ਸਲਾਂ ਦੀ ਰਹਿੰਦ-ਖੂੰਹਦ ਦੇ ਪ੍ਰਭਾਵੀ ਪ੍ਰਬੰਧਨ ਨੂੰ ਵੀ ਯਕੀਨੀ ਬਣਾਏਗਾ, ਜਿਸ ਕਾਰਨ ਮੁੱਖ ਤੌਰ ‘ਤੇ ਉੱਤਰੀ ਭਾਰਤ ਵਿੱਚ ਹਵਾ ਪ੍ਰਦੂਸ਼ਣ ਹੁੰਦਾ ਹੈ।

ਪੰਜਾਬ ਸਰਕਾਰ ਬਾਇਓ-ਊਰਜਾ ਪਲਾਂਟਾਂ ਵਿੱਚ ਫ਼ਸਲਾਂ ਦੀ ਰਹਿੰਦ-ਖੂੰਹਦ ਦੀ ਵਰਤੋਂ ਨੂੰ ਵੀ ਉਤਸ਼ਾਹਿਤ ਕਰ ਰਹੀ ਹੈ, ਜਿਸ ਨਾਲ ਸਾਫ਼ ਊਰਜਾ ਉਤਪਾਦਨ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ ਅਤੇ ਸੂਬੇ ਦੀ ਹਰੀ ਆਰਥਿਕਤਾ ਨੂੰ ਹੁਲਾਰਾ ਮਿਲ ਰਿਹਾ ਹੈ।

ਮੁੱਖ ਮੰਤਰੀ ਨੇ ਪੰਜਾਬ ਵਿੱਚ ਵਾਤਾਵਰਣ ਸਥਿਰਤਾ, ਕਿਸਾਨ ਭਲਾਈ ਅਤੇ ਸਹਿਕਾਰੀ ਲਹਿਰ ਨੂੰ ਮਜ਼ਬੂਤ ਕਰਨ ਲਈ ਆਪਣੀ ਸਰਕਾਰ ਦੀ ਵਚਨਬੱਧਤਾ ਦੀ ਪੁਸ਼ਟੀ ਕੀਤੀ। ਉਨ੍ਹਾਂ ਅੱਗੇ ਦੱਸਿਆ ਕਿ ਇਹ ਯੋਜਨਾ ਪਰਾਲੀ ਸਾੜਨ ਨਾਲ ਪੈਦਾ ਹੋਣ ਵਾਲੀਆਂ ਵਾਤਾਵਰਣ ਚੁਣੌਤੀਆਂ ਨੂੰ ਹੱਲ ਕਰਦਿਆਂ ਕਿਸਾਨਾਂ ਨੂੰ ਵਧੇਰੇ ਸਸ਼ਕਤ ਬਣਾਉਣ ਵਿੱਚ ਸਹਾਈ ਹੋਵੇਗੀ।

# ਭਾਂਖਰ ਸਕੂਲ ਚ ਅਧਿਆਪਕਾ ਦੀਆ ਖਾਲੀ ਪੋਸਟਾਂ ਭਰਨ ਲਈ ਦਿੱਤਾ ਮੰਗ ਪੱਤਰ



**ਸਨੌਰ,16 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੀਐਮ ਸ੍ਰੀ ਸੀਨੀਅਰ ਸਕੈਂਡਰੀ ਸਕੂਲ ਭਾਂਖਰ ਲਈ, ਪ੍ਰਿੰਸੀਪਲ ਤੇ ਸਕੂਲ ਦੀਆਂ ਖਾਲੀ ਪਈਆਂ ਪੋਸਟਾਂ ਭਰਨ ਲਈ, ਡੀ. ਈ.ਓ. ਸੀਨੀਅਰ ਸੈਕੰਡਰੀ ਸ੍ਰੀ ਸੰਜੀਵ ਸ਼ਰਮਾ ਨੂੰ ਇਲਾਕੇ ਦੀ ਪੰਚਾਇਤਾਂ ਵੱਲੋਂ ਮੰਗ ਪੱਤਰ ਦਿੱਤਾ ਗਿਆ। ਬੱਚਿਆਂ ਦੇ ਭਵਿੱਖ ਨੂੰ ਧਿਆਨ ਵਿੱਚ ਰੱਖਦੇ ਹੋਏ, ਸ੍ਰੀ ਸੰਜੀਵ ਸ਼ਰਮਾ ਡੀ ਈ ਓ ਵੱਲੋਂ ਪੋਸਟਾਂ ਜਲਦ ਤੋਂ ਜਲਦ ਭਰਨ ਭਰੋਸਾ ਦਿੱਤਾ ਗਿਆ

## ਸਿੱਖ ਵਿਰਸਾ



# ਬੰਦਾ ਸਿੰਘ ਬਹਾਦਰ ਦੀ ਆਜ਼ੀਮ ਸ਼ਹਾਦਤ

**ਹਕੂਮਤ ਸਮਝਦੀ ਸੀ ਕਿ ਉਹ ਹੁੰਦਾ ਕੌਣ ਹੈ ਜਿਹੜਾ ਇਸਲਾਮ ਕਬੂਲ ਨਹੀਂ ਕਰੇਗਾ। ਬੰਦਾ ਸਿੰਘ ਬਹਾਦਰ ਦਾ ਕਹਿਣਾ ਸੀ ਕਿ ਹਕੂਮਤ ਉਸ ਨੂੰ ਕਿਸੇ ਵੀ ਤਰ੍ਹਾਂ ਆਪਣੇ ਧਰਮ ਤੋਂ ਡੁਲਾ ਨਹੀਂ ਸਕਦੀ। ਹਕੂਮਤ ਵਲੋਂ ਬੰਦਾ ਸਿੰਘ ਬਹਾਦਰ ਨੂੰ ਡਰਾ ਕੇ ਇਸਲਾਮ ਕਬੂਲ ਕਰਵਾਉਣ ਦੀ ਜਿੱਦ ਨੇ ਨੌਬਤ ਉਸ ਦੇ ਨੰਨੇ ਪੁੱਤਰ ਨੂੰ ਮਾਰਨ ਤੱਕ ਲੈ ਆਂਦੀ ਸੀ ਅਤੇ ਬੰਦਾ ਸਿੰਘ ਬਹਾਦਰ ਦੀ ਸਿੱਖ ਧਰਮ ਵਿਚਲੀ ਦਿਰੜ੍ਹਤਾ ਨੇ ਉਸ ਨੂੰ ਆਪਣੇ ਪੁੱਤਰ ਦੀ ਮੌਤ ਨੂੰ ਵੀ ਸਹਿਣ ਕਰਵਾ ਦਿੱਤਾ ਸੀ। ਦੋਹਾਂ ਧਿਰਾਂ ਦੀ ਇਹ ਜਿੱਦ ਆਪੋ-ਆਪਣੀ ਥਾਂ ਤੇ ਸਭ ਹੱਦਾਂ-ਬੰਨੇ ਪਾਰ ਕਰ ਗਈ ਸੀ। ਹਕੂਮਤ ਵਲੋਂ ਬੰਦਾ ਸਿੰਘ ਬਹਾਦਰ ਦੇ ਪੁੱਤਰ ਨੂੰ ਮਾਰ ਦੇਣਾ ਜ਼ੁਲਮ ਦੀ ਇੰਤਹਾ ਸੀ ਅਤੇ ਬੰਦਾ ਸਿੰਘ ਬਹਾਦਰ ਵਲੋਂ ਇਸ ਮੌਤ ਨੂੰ ਸਹਿਣ ਕਰ ਲੈਣਾ ਹੀ ਉਸ ਦੀ ਸਹਿਣ-ਸ਼ਕਤੀ ਦੀ ਹੱਦ ਸੀ। ਉਸ ਦੀ ਇਸੇ ਦਰਿੜ੍ਹਤਾ ਨੇ ਉਸ ਦੀ ਸ਼ਹਾਦਤ ਨੂੰ ਇਤਿਹਾਸ ਵਿੱਚ ਇੱਕ ਆਜ਼ੀਮ ਰੂਪ ਦੇ ਦਿੱਤਾ ਸੀ।**



### ਪਹਿਲੀ ਕਿਸ਼ਤ

ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਸਿੱਖ ਇਤਿਹਾਸ ਵਿੱਚ ਸਭ ਤੋਂ ਨਿਵੇਕਲੀ ਸ਼ਹਾਦਤ ਹੈ। ਬੰਦਾ ਸਿੰਘ ਬਹਾਦਰ ਨਾ ਤਾਂ ਸ਼ਾਂਤੀ ਦੇ ਮਾਰਗ ਤੇ ਚੱਲਣ ਵਾਲਾ ਨੇਤਾ ਸੀ ਅਤੇ ਨਾ ਹੀ ਸ਼ਾਂਤਮਈ ਤਰੀਕਿਆਂ ਨੂੰ ਅਪਣਾਉਣ ਵਾਲਾ ਸੀ। ਉਹ ਇਕਦਮ ਹਥਿਆਰਬੰਦ ਯੋਧਾ ਸੀ ਅਤੇ ਉਸ ਦਾ ਵਿਸ਼ਵਾਸ਼ ਸੀ ਕਿ ਜੋ ਕੁਝ ਪਰਾਪਤ ਕੀਤਾ ਜਾਣਾ ਹੈ ਉਹ ਆਪਣੇ ਬਾਹੂਬਲ ਨਾਲ ਹੀ ਪਰਾਪਤ ਕਰਨਾ ਹੈ। ਉਸ ਦਾ ਇਹ ਵੀ ਵਿਸ਼ਵਾਸ਼ ਸੀ ਕਿ ਧਰਮ ਦਾ ਅੰਤਮ ਉਦੇਸ਼ ਰਾਜ ਕਾਇਮ ਕਰਨ ਦਾ ਹੈ ਕਿਉਂਕਿ ਰਾਜ-ਸ਼ਕਤੀ ਦੇ ਬਿਨਾਂ ਧਰਮ ਦੀ ਰੱਖਿਆ ਨਹੀਂ ਹੋ ਸਕਦੀ। ਪਰ ਧਰਮ ਦੀ ਸ਼ਕਤੀ ਬਿਨਾਂ ਰਾਜ ਵੀ ਨਹੀਂ ਚੱਲ ਸਕਦੇ। ਧਰਮ ਦੀ ਸ਼ਕਤੀ ਨਾ ਹੋਣ ਤੇ ਸਭ-ਕੁਝ ਹੀ ਖ਼ਤਮ ਹੋ ਜਾਂਦਾ ਹੈ। ਬੰਦਾ ਸਿੰਘ ਬਹਾਦਰ ਆਪਣੀ ਹਰ ਗੱਲਬਾਤ ਦੇ ਸਮੇਂ ਇਨ੍ਹਾਂ ਦੋਹਰਿਆਂ ਨੂੰ ਅਕਸਰ ਉਚਾਰਦਾ ਰਹਿੰਦਾ ਸੀ:

ਕੋ ਕਾਹੂ ਕੋ ਰਾਜ ਨ ਦੇ ਹੈਂ। ਜੋ ਲੈ ਹੈ ਨਿਜ ਬਲ ਸੇ ਲੈ ਹੈਂ।
ਰਾਜ ਬਿਨਾ ਨਹਿ ਧਰਮ ਚਲੈ ਹੈਂ ।ਧਰਮ ਬਿਨਾ ਸਭ ਦਲੈ ਮਲੈ ਹੈਂ।

ਬੰਦਾ ਸਿੰਘ ਬਹਾਦਰ ਦੀ ਉਕਤ ਜੰਗਬਾਜ ਸੋਚ ਨੂੰ ਸਿਰਜਣ ਵਿੱਚ ਉਸ ਦੇ ਹਾਲਾਤ ਵੀ ਜਿੰਮੇਵਾਰ ਸਨ। ਉਹ ਗੁਰੂ ਗੋਬਿੰਦ ਸਿੰਘ ਜੀ ਦੀ ਅਥਾਹ ਕੁਰਬਾਨੀ ਨੂੰ ਦੇਖ ਚੁੱਕਿਆ ਸੀ। ਸੱਚ ਅਤੇ ਸ਼ਾਂਤੀ ਦੇ ਮਾਰਗ ਤੇ ਚੱਲਦਿਆਂ ਗੁਰੂ ਤੇਗ ਬਹਾਦਰ ਜੀ ਸ਼ਹੀਦ ਹੋ ਚੁੱਕੇ ਸਨ। ਉਸ ਦੀਆਂ ਅੱਖਾਂ ਦੇ ਸਾਹਮਣੇ ਗੁਰੂ ਜੀ ਦੇ ਚਾਰ ਸਾਹਿਬਜ਼ਾਦੇ ਸੱਚ ਦੇ ਮਾਰਗ ਤੇ ਚਲਦੇ ਹੋਏ ਸ਼ਹੀਦ ਹੋ ਗਏ ਸਨ। ਗੁਰੂ ਜੀ ਦਾ ਆਪਣਾ ਸਾਰਾ ਘਰ-ਘਾਟ ਵੀ ਤਬਾਹ ਹੋ ਚੁੱਕਿਆ ਸੀ। ਸ੍ਰੀ ਆਨੰਦਪੁਰ ਸਾਹਿਬ, ਜਿਥੇ ਕੇ ਖਾਲਸਾ ਪੰਥ ਦੀ ਸਿਰਜਣਾ ਕੀਤੀ ਗਈ ਸੀ ਅਤੇ ਜਿਥੇ ਖਾਲਸੇ ਨੇ ਆਪਣਾ ਸਭ ਤੋਂ ਪਹਿਲਾਂ ਨਗਰ-ਰਾਜ ਸਥਾਪਤ ਕੀਤਾ ਸੀ, ਉਜਾੜ ਅਤੇ ਤਬਾਹ ਕਰ ਦਿੱਤਾ ਗਿਆ ਸੀ। ਉਹ ਸਾਰਾ ਹਜ਼ੂਰੀ-ਖਾਲਸਾ ਸ਼ਹੀਦ ਹੋ ਚੁੱਕਿਆ ਸੀ ਜਿਸ ਨੂੰ ਸ੍ਰੀ ਆਨੰਦਪੁਰ ਸਾਹਿਬ ਵਿਖੇ ਸਿਰਜਿਆ ਗਿਆ ਸੀ। ਇਹ ਸਮੁੱਚੀ ਤਬਾਹੀ ਬੰਦਾ ਸਿੰਘ ਬਹਾਦਰ ਦੇ ਸਾਹਮਣੇ ਹੀ ਹੋਈ ਸੀ। ਇਸ ਲਈ ਇਹ ਕੋਈ ਗੈਰ-ਕੁਦਰਤੀ ਗੱਲ ਨਹੀਂ ਸੀ ਕਿ ਜਿਨ੍ਹਾਂ ਹਾਲਾਤਾਂ ਵਿੱਚ ਗੁਰੂ ਗੋਬਿੰਦ ਸਿੰਘ ਜੀ ਨੇ ਬੰਦਾ ਸਿੰਘ ਬਹਾਦਰ ਦੀ ਖਾਲਸਾ ਪੰਥ ਦੇ ਰਾਜਨੀਤਿਕ ਨੇਤਾ ਵਜੋਂ ਨਿਯੁਕਤੀ ਕੀਤੀ ਸੀ ਉਹ ਹਾਲਾਤ ਹੀ ਐਸੇ ਸਨ ਕਿ ਬੰਦਾ ਸਿੰਘ ਬਹਾਦਰ ਸ਼ਾਂਤਮਈ ਤਰੀਕਿਆਂ ਬਾਰੇ ਸੋਚ ਹੀ ਨਹੀਂ ਸਕਦਾ ਸੀ। ਵੈਸੇ ਵੀ ਇੱਕ ਤਬਾਹੀ ਬਾਅਦ ਜਦੋਂ ਅਗਲਾ ਵਾਰਸ ਜ਼ਿੰਮੇਵਾਰੀ ਸੰਭਾਲਦਾ ਹੈ ਤਾਂ ਉਹ ਉਸ ਤੋਂ ਵੀ ਵੱਡੀ ਤਬਾਹੀ ਲੈ ਕੇ ਆਉਂਦਾ ਹੈ। ਬੰਦਾ ਸਿੰਘ ਬਹਾਦਰ ਨੇ ਪਹਿਲਾਂ ਤਾਂ ਉਸ ਸਮੇਂ ਹੀ ਨਾਂਦੇੜ ਸਾਹਿਬ ਵਿਖੇ ਪਹੁੰਚ ਕੇ ਤਬਾਹੀ ਮਚਾ ਦਿੱਤੀ ਸੀ ਜਦੋਂ ਉਸ ਨੇ ਆਪਣੇ ਗੁਰੂ ਉਪਰ ਹੋਏ ਮਾਰੂ ਹਮਲੇ ਬਾਰੇ ਸੁਣਿਆ ਸੀ। ਗੁਰੂ ਜੀ ਉਪਰ ਮਾਰੂ ਹਮਲਾ ਹੋਣ ਸਮੇਂ ਬੰਦਾ ਸਿੰਘ ਬਹਾਦਰ ਬਾਦਸ਼ਾਹ ਬਹਾਦਰ ਸ਼ਾਹ ਦੀ ਫੌਜ ਵਿੱਚ ਸਿੱਖ ਫੌਜ ਦਾ ਜਰਨੈਲ ਸੀ। ਇਸ ਸਿੱਖ ਫੌਜ ਦੀ ਗਿਣਤੀ ਬੀਹ ਹਜ਼ਾਰ ਤੋਂ ਵੀ ਜ਼ਿਆਦਾ ਸੀ। ਕੇਸਰ ਸਿੰਘ ਛਿੱਬਰ ਨੇ ਸਿੱਖ ਫੌਜ ਦੀ ਗਿਣਤੀ, ਕਾਫੀ ਸਮਾਂ ਪਹਿਲਾਂ ਬੀਹ ਹਜ਼ਾਰ ਦੀ ਦੱਸੀ ਸੀ। ਜਿਹੜੀ ਕਿ ਇਸ ਸਮੇਂ ਤੱਕ ਹੋਰ ਵੀ ਜ਼ਿਆਦਾ ਵਧ ਸਕਦੀ ਸੀ। ਬੰਦਾ ਸਿੰਘ ਬਹਾਦਰ ਹਮਲੇ ਦੀ ਖ਼ਬਰ ਸੁਣਦਿਆਂ ਹੀ ਸ਼ਾਹੀ ਫੌਜ ਵਿਚੋਂ ਬਗਾਵਤ ਕਰਕੇ ਆਪਣੇ ਗੁਰੂ ਵਲ, ਨਾਂਦੇੜ ਸਾਹਿਬ ਵਿਖੇ ਪੁੱਜਣ ਲਈ ਚੱਲ ਪਿਆ ਸੀ। ਅਸਲ ਵਿੱਚ ਉਸ ਵਲੋਂ ਸ਼ਾਹੀ ਫੌਜ ਵਿਚੋਂ ਬਗਾਵਤ ਕਰ ਦੇਣਾ ਹੀ ਆਪਣੇ-ਆਪ ਵਿੱਚ ਇੱਕ ਤਬਾਹੀ ਸੀ। ਨਾਂਦੇੜ ਸਾਹਿਬ ਵਿਖੇ ਪਹੁੰਚ ਕੇ ਵੀ ਉਸ ਨੇ ਆਲੇ-ਦੁਆਲੇ ਦੇ ਮੁਸਲਮਾਨੀ ਖੇਤਰਾਂ ਦੀ ਤਬਾਹੀ ਕਰ ਦਿੱਤੀ ਸੀ।

ਗੁਰੂ ਗੋਬਿੰਦ ਸਿੰਘ, ਆਪਣੇ ਉਪਰ ਹੋਏ ਮਾਰੂ ਹਮਲੇ ਤੋਂ ਬਾਅਦ ਸਿਰਫ ਚਾਰ ਕੁ ਦਿਨ ਹੀ ਜੀਵਤ ਰਹੇ ਸਨ। ਹਮਲੇ ਵਿੱਚ ਹੋਏ ਜ਼ਖ਼ਮਾਂ ਦਾ ਇਲਾਜ ਵੀ ਠੀਕ ਹੋ ਰਿਹਾ ਸੀ ਅਤੇ ਗੁਰੂ ਜੀ ਤੁਰ-ਫਿਰ ਵੀ ਲੈਂਦੇ ਸਨ। ਪਰ ਕੁਝ ਕੁ ਦਿਨ ਇਉਂ ਲੰਘਣ ਦੇ ਬਾਵਜੂਦ ਵੀ ਇੱਕ ਰਾਤ ਗੁਰੂ ਜੀ ਨੇ ਸਿੰਘਾਂ ਨੂੰ ਆਵਾਜ਼ ਦੇ ਕੇ ਉਠਾਇਆ ਅਤੇ ਅੰਤਮ ਫਤਿਹ ਬੁਲਾ ਕੇ ਜੋਤੀ-ਜੋਤ ਸਮਾ ਗਏ ਸਨ। ਇਸ ਮੌਕੇ ਦੀਆਂ ਸਾਰੀਆਂ ਗੱਲਾਂ ਗੁਰੂ ਜੀ ਦੇ ਹੀ ਇੱਕ ਦਰਬਾਰੀ ਕਵੀ ਸੈਨਾਪਤਿ ਨੇ ਆਪਣੀ ਲਿਖਤ ਸ੍ਰੀ ਗੁਰ ਸੋਭਾ ਦੇ ਅਠਾਰਵੇਂ ਅਧਿਆਇ ਵਿੱਚ ਲਿਖੀਆਂ ਹਨ। ਕਵੀ ਸੈਨਾਪਤਿ ਅੰਤਮ ਸਮੇਂ ਗੁਰੂ ਜੀ ਦੀ ਹਜ਼ੂਰੀ ਵਿੱਚ ਹੀ ਸੀ। ਕਵੀ ਸੈਨਾਪਤਿ ਦੀਆਂ ਇਹ ਚੋਣਵੀਆਂ ਸਤਰਾਂ ਇਉਂ ਹਨ:

ਦਿਨੰ ਤੀਨ ਕੇ ਚਾਰ ਐਸੇ ਬਿਤਾਏ ।ਦਰਸ ਕੈ ਪਰਸ ਕਾਜ ਬਹੁ ਸਿੰਘ ਆਏ ॥20॥
ਕਿਤੇ ਦਿਵਸ ਬੀਤੇ ਸਮੇਂ ਅੰਤ ਆਯੋ ।ਕਰੋ ਬੇਗ ਪ੍ਰਸਾਦਿ ਐਸੇ ਬਤਾਯੋ।
ਕਛੁ ਭੋਜਨੰ ਖਾਇ ਕੈ ਨੀਰ ਪੀਨਾ ।ਭਰੋਸਾ ਸਭੀ ਕੋ ਭਲੀ ਭਾਂਤ ਦੀਨਾ।
ਗਈ ਅਰਧ ਰਾਤੰ ਘਰੀ ਚਾਰ ਅਉਰੇ ।ਭਏ ਸ਼ਬਦ ਰੂਪੀ ਕਰੀ ਬਾਤ ਅਉਰੇ ॥33॥
ਦੋਹਰ੍ਹ ਟੇਰ ਕਰੀ ਤਾਂ ਹੀ ਸਮੇਂ ਜਾਗੇ ਸਿੰਘ ਅਪਾਰ।
ਵਾਹਿਗੁਰੂ ਜੀ ਕੀ ਫਤੇ ਕਹੀ ਅੰਤ ਕੀ ਵਾਰ ॥34॥

ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਿਆਈ ਸੌਂਪਣ ਦੀਆਂ ਰਸਮਾਂ, ਬੰਦਾ ਸਿੰਘ ਬਹਾਦਰ ਨੂੰ ਪੰਥ ਦਾ ਜੱਥੇਦਾਰ ਥਾਪਣ ਦੀਆਂ ਰਸਮਾਂ ਆਦਿ ਸਭ-ਕੁਝ ਪਹਿਲਾਂ ਹੋ ਚੁੱਕਿਆ ਸੀ। ਬੰਦਾ ਸਿੰਘ ਬਹਾਦਰ ਗੁਰੂ ਜੀ ਦੀਆਂ ਸਾਰੀਆਂ ਅੰਤਮ ਰਸਮਾਂ ਪੂਰੀਆਂ ਕਰਨ ਬਾਅਦ ਹੀ ਨਾਂਦੇੜ ਸਾਹਿਬ ਤੋਂ ਪੰਜਾਬ ਵਲ ਰਵਾਨਾ ਹੋਇਆ ਸੀ।

ਉਕਤ ਸਾਰੀਆਂ ਗੱਲਾਂ ਕਰਨ ਦਾ ਭਾਵ ਇਹੀ ਦਰਸਾਉਣ ਦਾ ਹੀ ਹੈ ਕਿ ਬੰਦਾ ਸਿੰਘ ਬਹਾਦਰ ਵਲੋਂ ਖਾਲਸਾ ਪੰਥ ਦੀ ਲੀਡਰਸ਼ਿਪ ਸੰਭਾਲਣ ਦੇ ਸਾਰੇ ਹਾਲਾਤ ਹੀ ਐਸੇ ਸਨ ਕਿ ਉਹ ਸ਼ਾਂਤੀ ਬਾਰੇ ਜਾਂ ਸ਼ਾਂਤਮਈ ਤਰੀਕਿਆਂ ਨਾਲ ਮਸਲਿਆਂ ਨੂੰ ਹੱਲ ਕਰਨ ਬਾਰੇ ਸੋਚ ਵੀ ਨਹੀਂ ਸਕਦਾ ਸੀ। ਉਹ ਜੰਗਬਾਜ ਜਰਨੈਲ ਸੀ ਅਤੇ ਜੰਗੀ ਨੀਤੀਆਂ ਬਾਰੇ ਹੀ ਉਹ ਸੋਚਦਾ ਅਤੇ ਜਾਣਦਾ ਸੀ। ਗੁਰੂ ਗੋਬਿੰਦ ਸਿੰਘ ਜੀ ਵਲੋਂ ਸ਼ਾਂਤੀ ਦੇ ਸਾਰੇ ਤੌਰ-ਤਰੀਕੇ ਅਸਫਲ ਰਹਿ ਚੁੱਕੇ ਸਨ। ਗੁਰੂ ਗੋਬਿੰਦ ਸਿੰਘ ਜੀ ਨੇ ਉਸ ਨੂੰ ਸਿੱਧਾ ਐਕਸ਼ਨ ਕਰਨ ਦਾ ਹੁਕਮ ਕਰ ਦਿੱਤਾ ਸੀ। ਇਸ ਲਈ ਬੰਦਾ ਸਿੰਘ ਬਹਾਦਰ ਨੇ 1708 ਵਿੱਚ ਨਾਂਦੇੜ ਸਾਹਿਬ ਤੋਂ ਰਵਾਨਾ ਹੋਣ ਤੋਂ ਲੈ ਕੇ 1715 ਦੇ ਦਸੰਬਰ ਦੇ ਪਹਿਲੇ ਹਫ਼ਤੇ ਤਕ, ਲਗਾਤਾਰ ਸਿੱਧਾ ਐਕਸ਼ਨ ਹੀ ਕੀਤਾ ਸੀ। ਇਸ ਸਮੇਂ ਦੌਰਾਨ ਕੋਈ ਵੀ ਮੁਗਲ ਜਰਨੈਲ ਐਸਾ ਨਹੀਂ ਸੀ ਜਿਸ ਦੇ ਮੂੰਹ ਤੇ ਬੰਦਾ ਸਿੰਘ ਬਹਾਦਰ ਦੀ ਤਲਵਾਰ ਨਾ ਵੱਜੀ ਹੋਵੇ। ਦੋ ਬਾਦਸ਼ਾਹ-ਬਹਾਦਰ ਸ਼ਾਹ ਅਤੇ ਜਮਾਂਦਾਰ ਸ਼ਾਹ-ਇਸ ਸਮੇਂ ਦੌਰਾਨ ਮਰ ਚੁੱਕੇ ਸਨ। ਸਮਾਣਾ, ਕਪੂਰੀ, ਸਢੌਰਾ,


ਡਾ. ਸੁਖਦਿਆਲ ਸਿੰਘ

ਸਰਹਿੰਦ ਅਤੇ ਰਾਹੋਂ ਜੈਸੇ ਮੁਗਲਾਂ ਦੇ ਪੰਜ ਵੱਡੇ ਸ਼ਹਿਰ ਥੇਹ ਬਣਾ ਦਿੱਤੇ ਗਏ ਸਨ। ਇਹ ਗੱਲ ਕਹੀ ਜਾ ਸਕਦੀ ਹੈ ਕਿ ਪੰਜਾਬ ਵਿੱਚ 1708 ਤੋਂ ਲੈ ਕੇ 1715 ਦੇ ਅੰਤ ਤੱਕ ਮੁਸਲਮਾਨਾ ਨੂੰ ਜਿੰਨੀ ਮਾਰ ਬੰਦਾ ਸਿੰਘ ਬਹਾਦਰ ਦੇ ਹੱਥੋਂ ਪੈ ਚੁੱਕੀ ਸੀ ਉਤਨੀ ਮਾਰ ਨਾ ਹੀ ਹਿੰਦੁਸਤਾਨ ਦੇ ਕਿਸੇ ਹੋਰ ਖੇਤਰ ਵਿੱਚ ਅਤੇ ਨਾ ਹੀ ਏਸ਼ੀਆ ਦੇ ਕਿਸੇ ਹੋਰ ਦੇਸ ਵਿੱਚ ਪਈ ਸੀ। ਇਸ ਲਈ ਬੰਦਾ ਸਿੰਘ ਬਹਾਦਰ ਮੁਗਲਾਂ ਦੀ ਕੈਦ ਵਿੱਚ ਜਕੜਿਆ ਹੋਇਆ ਐਸਾ ਨੇਤਾ ਸੀ ਜਿਹੜਾ ਮੁਗਲਾਂ ਦੀਆਂ ਨਿਗਾਹਾਂ ਵਿੱਚ ਸਭ ਤੋਂ ਵੱਡਾ ਇਸਲਾਮੀ ਦੁਸ਼ਮਣ ਸੀ। ਇਸ ਲਈ ਜਦੋਂ ਅਸੀਂ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਦੀ ਗੱਲ ਕਰਦੇ ਹਾਂ ਤਾਂ ਇਹ ਬਹੁਤ ਹੀ ਅਜੀਬ ਲੱਗਦੀ ਹੈ। ਕਿਉਂਕਿ ਉਹ ਨਾ ਹੀ ਬੇਕਸੂਰ ਸੀ ਅਤੇ ਨਾ ਹੀ ਉਹ ਦੁਸ਼ਮਣ ਦੀ ਕਿਸੇ ਹਮਦਰਦੀ ਦਾ ਪਾਤਰ ਬਣ ਸਕਦਾ ਸੀ। ਮੁਗਲ ਸਾਮਰਾਜ ਦਾ ਉਹ ਸਭ ਤੋਂ ਵੱਡਾ ਦੋਸ਼ੀ ਸੀ ਅਤੇ ਦੁਸ਼ਮਣ ਸੀ। ਇਸ ਗੱਲ ਦਾ ਗੁੱਸਾ ਵੀ ਮੁਗਲ ਸਾਮਰਾਜ ਨੇ ਪੂਰੀ ਤਰ੍ਹਾਂ ਕੱਢ ਲਿਆ ਸੀ। 9 ਜੂਨ, 1716 ਨੂੰ ਜਦੋਂ ਬੰਦਾ ਸਿੰਘ ਬਹਾਦਰ ਨੂੰ ਕਿਲ੍ਹੇ ਵਿੱਚੋਂ ਕੱਢ ਕੇ ਮਹਿਰੌਲੀ ਵਿਖੇ ਲਿਆਂਦਾ ਗਿਆ ਸੀ ਉਸ ਸਮੇਂ ਤੱਕ ਉਸ ਦੇ ਸਰੀਰ ਦੀਆਂ ਸਭ ਹੱਡੀਆਂ-ਪੱਸਲੀਆਂ ਤੋੜੀਆਂ ਜਾ ਚੁੱਕੀਆਂ ਸਨ। ਉਹ ਨਾ ਹੀ ਖੜਾ ਹੋ ਸਕਦਾ ਸੀ ਅਤੇ ਨਾ ਹੀ ਤੁਰ ਸਕਦਾ ਸੀ। ਉਸ ਨੂੰ ਚੁੱਕ ਕੇ ਹੀ ਹਾਥੀ ਉਪਰ ਬਿਠਾਇਆ ਗਿਆ ਸੀ ਅਤੇ ਚੁੱਕ ਕੇ ਹੀ ਉਤੋਂ ਹੇਠਾਂ ਉਤਾਰਿਆ ਗਿਆ ਸੀ। ਦੋ ਬੰਦਿਆਂ ਨੇ ਫੜ ਕੇ ਜਾਂ ਚੁੱਕ ਕੇ ਹੀ ਉਸ ਨੂੰ ਕੁਤਬਦੀਨ ਬਖ਼ਤਿਆਰ ਕਾਕੀ ਦੀ ਮਜ਼ਾਰ ਦੇ ਦੁਆਲੇ ਗੇੜਾ ਕਢਵਾਇਆ ਸੀ। ਭਾਵ ਕਿ ਮੁਗਲ ਹਕੂਮਤ ਉਸ ਨੂੰ ਇੱਕ ਮਾਰਚ, 1716 ਤੋਂ ਲੈ ਕੇ 8 ਜੂਨ, 1716 ਤੱਕ ਜਿਤਨਾ ਕੁੱਟਣਾ-ਮਾਰਨਾ ਚਾਹੁੰਦੀ ਸੀ ਉਤਨਾ ਹੀ ਕੁੱਟ ਲਿਆ ਗਿਆ ਸੀ। ਜਿਤਨਾ ਕੁਝ ਉਸ ਦੇ ਸਰੀਰ ਦਾ ਤੋੜਿਆ ਜਾ ਸਕਦਾ ਸੀ ਉਹ ਤੋੜ ਦਿੱਤਾ ਗਿਆ ਸੀ। 9 ਜੂਨ ਨੂੰ ਤਾਂ ਉਸ ਨੂੰ ਸਿਰਫ਼ ਮਾਰਿਆ ਜਾਣਾ ਸੀ। ਇਸ ਦਿਨ ਹਕੂਮਤ ਨੇ ਉਸ ਨੂੰ ਅੰਤਮ ਵਾਰ ਇੱਕ ਪੇਸ਼ਕਸ਼ ਕੀਤੀ ਸੀ ਕਿ ਜੇਕਰ ਉਹ ਇਸਲਾਮ ਨੂੰ ਕਬੂਲ ਕਰ ਲਵੇ ਤਾਂ ਉਸ ਨੂੰ ਛੱਡਿਆ ਜਾ ਸਕਦਾ ਹੈ। ਬੱਸ ਇੱਥੋਂ ਹੀ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਦੀ ਗੱਲ ਸ਼ੁਰੂ ਹੁੰਦੀ ਹੈ। ਜੇਕਰ ਮੁਗਲ ਹਕੂਮਤ ਉਸ ਨੂੰ ਇਸਲਾਮ ਕਬੂਲ ਕਰ ਲੈਣ ਦਾ ਬਦਲ ਪੇਸ਼ ਨਾ ਕਰਕੇ ਸਿੱਧਾ ਹੀ ਮਾਰ ਦਿੰਦੀ ਤਾਂ ਸ਼ਾਇਦ ਉਸ ਦੀ ਮੌਤ ਸ਼ਹਾਦਤ ਦਾ ਰੂਪ ਨਾ ਧਾਰ ਸਕਦੀ। ਪਰ ਜਿਉਂ ਹੀ ਹਕੂਮਤ ਨੇ ਇਹ ਬਦਲ ਉਸ ਦੇ ਸਾਹਮਣੇ ਰੱਖਿਆ ਤਿਉਂ ਹੀ ਬੰਦਾ ਸਿੰਘ ਬਹਾਦਰ ਦਾ ਰੋਹ ਜਾਗ ਉੱਠਿਆ ਸੀ। ਹਕੂਮਤ ਸਮਝਦੀ ਸੀ ਕਿ ਉਹ ਹੁੰਦਾ ਕੌਣ ਹੈ ਜਿਹੜਾ ਇਸਲਾਮ ਕਬੂਲ ਨਹੀਂ ਕਰੇਗਾ। ਬੰਦਾ ਸਿੰਘ ਬਹਾਦਰ ਦਾ ਕਹਿਣਾ ਸੀ ਕਿ ਹਕੂਮਤ ਉਸ ਨੂੰ ਕਿਸੇ ਵੀ ਤਰ੍ਹਾਂ ਆਪਣੇ ਧਰਮ ਤੋਂ ਡੁਲਾ ਨਹੀਂ ਸਕਦੀ। ਹਕੂਮਤ ਵਲੋਂ ਬੰਦਾ ਸਿੰਘ ਬਹਾਦਰ ਨੂੰ ਡਰਾ ਕੇ ਇਸਲਾਮ ਕਬੂਲ ਕਰਵਾਉਣ ਦੀ ਜਿੱਦ ਨੇ ਨੌਬਤ ਉਸ ਦੇ ਨੰਨੇ ਪੁੱਤਰ ਨੂੰ ਮਾਰਨ ਤੱਕ ਲੈ ਆਂਦੀ ਸੀ ਅਤੇ ਬੰਦਾ ਸਿੰਘ ਬਹਾਦਰ ਦੀ ਸਿੱਖ ਧਰਮ ਵਿਚਲੀ ਦਿਰੜ੍ਹਤਾ ਨੇ ਉਸ ਨੂੰ ਆਪਣੇ ਪੁੱਤਰ ਦੀ ਮੌਤ ਨੂੰ ਵੀ ਸਹਿਣ ਕਰਵਾ ਦਿੱਤਾ ਸੀ। ਦੋਹਾਂ ਧਿਰਾਂ ਦੀ ਇਹ ਜਿੱਦ ਆਪੋ-ਆਪਣੀ ਥਾਂ ਤੇ ਸਭ ਹੱਦਾਂ-ਬੰਨੇ ਪਾਰ ਕਰ ਗਈ ਸੀ। ਹਕੂਮਤ ਵਲੋਂ ਬੰਦਾ ਸਿੰਘ ਬਹਾਦਰ ਦੇ ਪੁੱਤਰ ਨੂੰ ਮਾਰ ਦੇਣਾ ਜ਼ੁਲਮ ਦੀ ਇੰਤਹਾ ਸੀ ਅਤੇ ਬੰਦਾ ਸਿੰਘ ਬਹਾਦਰ ਵਲੋਂ ਇਸ ਮੌਤ ਨੂੰ ਸਹਿਣ ਕਰ ਲੈਣਾ ਹੀ ਉਸ ਦੀ ਸਹਿਣ-ਸ਼ਕਤੀ ਦੀ ਹੱਦ ਸੀ। ਉਸ ਦੀ ਇਸੇ ਦਰਿੜ੍ਹਤਾ ਨੇ ਉਸ ਦੀ ਸ਼ਹਾਦਤ ਨੂੰ ਇਤਿਹਾਸ ਵਿੱਚ ਇੱਕ ਆਜ਼ੀਮ ਰੂਪ ਦੇ ਦਿੱਤਾ ਸੀ।

ਇਸ ਮਹਾਨ ਸ਼ਹੀਦੀ ਸਾਕੇ ਦੀ ਗਾਥਾ ਬਹੁਤ ਲੰਮੀ ਹੈ। ਇਹ ਸ਼ਹੀਦੀ ਗਾਥਾ ਗੁਰਦਾਸ ਨੰਗਲ ਦੇ ਕਿਲ੍ਹੇ ਵਿੱਚ ਗਰਿਫ਼ਤਾਰੀ ਨਾਲ ਸ਼ੁਰੂ ਹੁੰਦੀ ਹੈ ਜਿਹੜੀ ਕਿ 7 ਸਤੰਬਰ, 1715 ਨੂੰ ਹੋਈ ਸੀ। ਪਹਿਲਾਂ ਇਨ੍ਹਾਂ ਕੈਦੀ ਸਿੰਘਾਂ ਦਾ, ਲਾਹੌਰ ਤੋਂ ਲੈ ਕੇ ਦਿੱਲੀ ਤੱਕ, ਵਾਇਆ ਸਰਹਿੰਦ, ਪੂਰੀ ਬੇਕਦਰੀ ਨਾਲ ਜਲੂਸ ਕੱਢਿਆ ਗਿਆ ਸੀ। ਸ਼ਹੀਦੀ 9 ਜੂਨ, 1716 ਨੂੰ ਹੋਈ ਸੀ। ਇਹ ਛੇ ਮਹੀਨੇ ਲਗਾਤਾਰ ਹੀ ਤਸੀਹਿਆਂ ਭਰੇ, ਅਨਾਦਰ ਭਰੇ, ਜ਼ਲਾਲਤ ਭਰੇ ਅਤੇ ਭੁੱਖ-ਮਰੀ ਵਾਲੇ ਸਨ। ਵੈਸੇ ਤਾਂ ਇੱਕ ਕੈਦੀ ਦੀ ਛੇ ਮਹੀਨਿਆਂ ਦੀ ਜ਼ਲਾਲਤ ਭਰੀ ਜ਼ਿੰਦਗੀ ਮੌਤ ਦੇ ਬਰਾਬਰ ਹੀ ਹੁੰਦੀ ਹੈ। ਬੰਦਾ ਸਿੰਘ ਬਹਾਦਰ ਅਤੇ ਉਸ ਦੇ ਸਤਾਰਾਂ ਸੀਨੀਅਰ ਸਾਥੀ ਸਿੰਘ 7 ਦਸੰਬਰ, 1715 ਤੋਂ ਲੈ ਕੇ 9 ਜੂਨ, 1716 ਤੱਕ ਹਰ ਰੋਜ਼ ਹੀ ਤਿਲ-ਤਿਲ ਕਰਕੇ ਮਰਦੇ ਸਨ। 9 ਜੂਨ ਨੂੰ ਤਾਂ ਇੰਨਾਂ ਨੂੰ ਸਿਰਫ ਮਾਰਿਆ ਗਿਆ ਸੀ। ਕਿਉਂਕਿ ਇਨਾਂ ਦੇ ਸਰੀਰਾਂ ਨੂੰ ਹੋਰ ਤਸੀਹੇ ਦਿੱਤੇ ਹੀ ਨਹੀਂ ਜਾ ਸਕਦੇ ਸਨ। ਪਰ ਕਮਾਲ ਦੀ ਗੱਲ ਇਹ ਸੀ ਕਿ ਇਤਨੀ ਲੰਮੀ ਜ਼ਲਾਲਤ ਭਰੀ ਜ਼ਿੰਦਗੀ ਹੋਣ ਦੇ ਬਾਵਜੂਦ ਵੀ ਇਸਲਾਮੀ ਹਕੂਮਤ ਇੱਕ ਵੀ ਸਿੰਘ ਨੂੰ ਸਿੱਖ ਧਰਮ ਤੋਂ ਡੁਲਾ ਨਹੀਂ ਸਕੀ।

ਅੱਗੇ ਇਸ ਲੰਮੀ ਕੈਦ ਦਾ ਵਿਸਥਾਰ ਸਹਿਤ ਹਾਲ ਦਿੱਤਾ ਜਾ ਰਿਹਾ ਹੈ। ਬੰਦਾ ਸਿੰਘ ਬਹਾਦਰ ਅਤੇ ਉਨ੍ਹਾਂ ਦੇ ਸਾਥੀ ਸਿੰਘਾਂ, ਜਿਨ੍ਹਾਂ ਦੀ ਗਿਣਤੀ 780 ਸੀ, ਦਾ ਇਹ ਸ਼ਹੀਦੀ ਸਫ਼ਰ ਬਹੁਤ ਲੰਮਾ ਸੀ। ਇਹ ਸਾਡੇ ਇਤਿਹਾਸ ਦਾ ਦੁਖਾਂਤ ਹੈ ਕਿ ਵਿਸ਼ਵ ਦੇ ਇਤਿਹਾਸ ਵਿੱਚ ਇਤਨੇ ਵੱਡੇ ਅਤੇ ਭਿਆਨਕ ਸ਼ਹੀਦੀ ਸਾਕੇ ਨੂੰ ਸਿਰਜਣ ਵਾਲਿਆਂ ਨੂੰ ਸਾਡੇ ਆਪਣੇ ਹੀ ਸਿੱਖ ਲੇਖਕਾਂ (ਰਤਨ ਸਿੰਘ ਭੰਗੂ ਅਤੇ ਕਰਮ ਸਿੰਘ ਹਿਸਟੋਰੀਅਨ) ਨੇ ਮਿੱਟੀ ਵਿੱਚ ਮਿਲਾ ਕੇ ਰੱਖਿਆ ਹੈ। ਇਹ ਇੱਕ ਬਹੁਤ ਵੱਡੀ ਸਾਜ਼ਿਸ ਸੀ। ਬੰਦਾ ਸਿੰਘ ਬਹਾਦਰ ਦੇ ਹੁੰਦਿਆਂ ਹੀ, ਜਦੋਂ ਕਿ ਉਸ ਦੀ ਤਾਕਤ 1713-14 ਵਿੱਚ ਪੂਰੇ ਸਿੱਖਰ ਤੇ ਪਹੁੰਚੀ ਹੋਈ ਸੀ, ਮੁਗਲ ਹਕੂਮਤ ਨੇ ਖਾਲਸਾ ਪੰਥ ਵਿੱਚੋਂ ਹੀ ਇੱਕ ਐਸੇ ਧੜੇ ਨੂੰ ਖਰੀਦ ਲਿਆ ਸੀ ਜਿਸ ਨੂੰ ਵਡਿਆਉਣ ਲਈ ਹਕੂਮਤ, ਤੱਤ ਖਾਲਸਾ ਕਹਿੰਦੀ ਸੀ।

# ਕਿਲਾ ਲੋਹਗੜ੍ਹ ਯਮੁਨਾਨਗਰ-ਸਿੱਖ ਕੌਮ ਦੀ ਰਾਜਧਾਨੀ



ਕਿਲਾ ਲੋਹਗੜ੍ਹ ਨੂੰ ਸਿੱਖਾਂ ਦੀ ਪਹਿਲੀ ਰਾਜਧਾਨੀ ਬਾਬਾ ਬੰਦਾ ਸਿੰਘ ਬਹਾਦਰ ਦੁਆਰਾ 1710 ਈ: ਵਿੱਚ ਸਰਹੰਦ ਜਿੱਤਣ ਤੋਂ ਬਾਅਦ ਬਣਾਇਆ ਗਿਆ ਸੀ। ਇਸ ਜਗ੍ਹਾ ’ਤੇ ਮੁਗਲਾਂ ਵੱਲੋਂ 4 ਲੱਖ ਫੌਜ ਲੈ ਕੇ ਹਮਲਾ ਕੀਤਾ ਗਿਆ ਅਤੇ ਯੁੱਧ 1710 ਤੋਂ ਲੈ ਕੇ 1714 ਤੱਕ ਚੱਲਿਆ, ਜਿਸ ਵਿਚ ਵੱਡੀ ਗਿਣਤੀ ਵਿਚ ਮੌਤਾਂ ਹੋਈਆਂ। ਮੁਗਲ ਫੌਜ ਦੇ ਨਾਲ ਹਿੰਦੁਸਤਾਨ ਦਾ ਉਸ ਸਮੇਂ ਦਾ ਬਾਦਸ਼ਾਹ ਬਹਾਦਰ ਸ਼ਾਹ ਵੀ ਆਇਆ ਸੀ ਅਤੇ ਸਿੱਖ ਫੌਜ ਦਾ ਪਰਾਕ੍ਰਮ ਵੇਖ ਕੇ ਉਹ ਪਾਗਲਾਂ ਵਾਂਗ ਹੋ ਗਿਆ ਅਤੇ ਪਾਗਲਪਣ ਦੇ ਕਾਰਨ ਉਸ ਦੀ ਮੌਤ ਹੋ ਗਈ।

ਜੂਨ 2016 ਵਿਚ ਬੰਦਾ ਸਿੰਘ ਬਹਾਦਰ ਦਾ 300 ਸਾਲਾ ਸ਼ਹੀਦੀ ਦਿਵਸ ਮਨਾਇਆ ਗਿਆ, ਇਸ ਸਮਾਗਮ ਦੀ ਪ੍ਰਧਾਨਗੀ ਸ੍ਰੀ ਮਨੋਹਰ ਲਾਲ ਖੱਟਰ, ਮੁੱਖ ਮੰਤਰੀ ਹਰਿਆਣਾ ਵੱਲੋਂ ਕੀਤੀ ਗਈ। ਇਸ ਤੋਂ ਇਲਾਵਾ ਪਿੰਡ ਭਗਵਾਨਪੁਰ ਤੋਂ ਲੈ ਕੇ ਗੁਰਦੁਆਰਾ ਲੋਹਗੜ੍ਹ ਤੱਕ ਸੜਕ ਦੀ ਉਸਾਰੀ, ਮੈਮੋਰੀਅਲ ਵਾ ਮਾਰਸ਼ਲ ਆਰਟ ਸਕੂਲ ਦੀ ਉਸਾਰੀ ਕਰਵਾਉਣ ਬਾਰੇ ਮੁੱਖ ਮੰਤਰੀ ਹਰਿਆਣਾ ਸਰਕਾਰ ਵੱਲੋਂ ਹੋਰ ਵੀ ਕਈ ਐਲਾਨ ਕੀਤੇ ਗਏ। ਇਸ ਤੋਂ ਬਾਅਦ ਸਿੱਖ ਵਰਗ ਦੇ ਲੋਕਾਂ ਵਿਚ ਇਸ ਜਗ੍ਹਾ ਪ੍ਰਤੀ ਜਾਗ੍ਰਿਤੀ ਪੈਦਾ ਹੋ ਗਈ ਅਤੇ ਉਨ੍ਹਾਂ ਨੇ ਇਕ ਟਰੱਸਟ ਬਣਾਇਆ, ਜਿਸ ਦਾ ਨਾਮ ਬਾਬਾ ਬੰਦਾ ਸਿੰਘ ਬਹਾਦਰ ਡਿਵੈਲਪਮੈਂਟ ਹੈਰੀਟੇਜ਼ ਫਾਉਂਡੇਸ਼ਨ ਰੱਖਿਆ ਗਿਆ। ਇਸ ਫਾਉਂਡੇਸ਼ਨ ਦੁਆਰਾ ਪੁਰਾਤਤਵ ਨਾਲ ਸਬੰਧਤ ਮਾਹਰ ਕੰਪਨੀ ਨਾਲ ਐਮ.ਓ.ਯੂ. ਕੀਤਾ ਗਿਆ ਤਾਂ ਜੋ ਲੋਹਗੜ੍ਹ ਨਾਲ ਸਬੰਧਤ ਇਤਿਹਾਸਕ ਅਤੇ ਪੁਰਾਤਤਵ ਸ਼ੋਧ (ਖੋਜ) ਕੀਤੀ ਜਾ ਸਕੇ। ਸ਼ੋਧ ਰਿਪੋਰਟ ਜਦੋਂ ਪ੍ਰਾਪਤ ਹੋਈ ਤਾਂ ਉਸ ਵਿਚ ਹੈਰਾਨ ਕਰਨ ਵਾਲੇ ਤੱਥ ਸਾਹਮਣੇ ਆਏ। ਖੋਜ ਰਿਪੋਰਟ ਮੁਤਾਬਕ ਕਿਲੇ ਦੇ ਖੰਡਰ ਲਗਭਗ 7 ਹਜ਼ਾਰ ਏਕੜ ਵਿਚ ਪਾਏ ਗਏ ਅਤੇ ਇਹ ਵੀ ਗੱਲ ਸਾਹਮਣੇ ਆਈ ਕਿ ਇਸ ਕਿਲੇ ਦੀ ਉਸਾਰੀ ਦੇ ਲਈ ਘੱਟ ਤੋਂ ਘੱਟ 60 ਤੋਂ 70 ਵਰ੍ਹੇ ਦਾ ਸਮਾਂ ਲੱਗਿਆ ਹੋਵੇਗਾ।

ਕਿਲੇ ਦੇ ਖੰਡਰਾਂ ਵਿਚ ਕਿਲਾ 9ਵੀਂ ਦੀਵਾਰਾਂ ਮਿਲੀਆਂ ਅਤੇ ਇਸ ਕਿਲੇ ਅੰਦਰ ਲਗਭਗ 200 ਕਿਲੇ ਮੌਜੂਦ ਹਨ। ਜਿਨ੍ਹਾਂ ਦਾ ਇੱਕ ਕਿਲੇ ਦਾ ਦੂਜੇ ਕਿਲੇ ਨਾਲ ਸਿੱਧੇ ਤੌਰ ’ਤੇ ਸਬੰਧ ਹੈ। ਜੇਕਰ ਦੁਸ਼ਮਣ ਇਕ ਕਿਲੇ ਨੂੰ ਜਿੱਤ ਲੈਂਦਾ ਤਾਂ ਵੀ ਉਹ ਦੂਜੇ ਕਿਲੇ ਦੇ ਅੰਦਰ ਪ੍ਰਵੇਸ਼ ਨਹੀਂ ਕਰ ਸਕਦਾ ਸੀ। ਹਰ ਇਕ ਕਿਲੇ ਦੀ ਰੱਖਿਆ ਪ੍ਰਣਾਲੀ ਦੀਆਂ ਦੀਵਾਰਾਂ ਤਿੰਨ ਹਿੱਸੇ ਵਿਚ ਹਨ। ਇਸ ਤਰ੍ਹਾਂ ਇਸ ਕਿਲੇ ਨੂੰ ਮੁਗਲ ਫੌਜ ਦੇ ਲਈ ਜਿੱਤਣਾ ਵੱਡਾ ਹੀ ਅਸੰਭਵ ਕੰਮ ਸੀ। ਖੰਡਰਾਂ ਦੇ ਰੂਪ ਵਿਚ ਪੱਥਰਾਂ ਅਤੇ ਇੱਟਾਂ ਦੀਆਂ ਕੰਧਾਂ ਮਿਲੀਆਂ ਹਨ ਵਾ ਇਸ ਦੇ ਇਲਾਵਾ ਆਟਾ ਪੀਸਣ ਦੀਆਂ ਚੱਕੀਆਂ, ਘੜੇ ਦੇ ਟੁੱਟੇ ਹੋਏ ਹਿੱਸੇ ਅਤੇ ਤੇਲ ਕੱਢਣ ਦੇ ਕੋਹਲੂ ਆਦਿ ਭਾਰੀ ਮਾਤਰਾ ਵਿਚ ਮਿਲੇ ਹਨ। ਇਨ੍ਹਾਂ ਤੋਂ ਪ੍ਰਤੀਤ ਹੁੰਦਾ ਹੈ ਕਿ ਲੋਹਗੜ੍ਹ ਦੇ ਅੰਦਰ ਇਕ ਬਹੁਤ ਵੱਡਾ ਸ਼ਹਿਰ ਵਸਦਾ ਸੀ।

ਇਤਿਹਾਸਕਾਰਾਂ ਦੁਆਰਾ ਲੋਹਗੜ੍ਹ ਨੂੰ ਮੁਕਲਿਸਗੜ੍ਹ ਦੱਸਿਆ ਗਿਆ ਹੈ ਅਤੇ ਨਵੀਂ ਸ਼ੋਧ ਦੇ ਮੁਤਾਬਕ ਇਤਿਹਾਸਕਾਰਾਂ ਵੱਲੋਂ ਇਹ ਗੱਲ ਗਲਤ ਦੱਸੀ ਗਈ ਹੈ, ਕਿਉਂਕਿ ਜਿਸ ਜਗ੍ਹਾ ਨੂੰ ਮੁਕਲਿਸਗੜ੍ਹ ਦੱਸਿਆ ਜਾਂਦਾ ਹੈ। ਉਹ ਜਗ੍ਹਾ ਹਰਿਆਣਾ ਅਤੇ ਉਤਰ ਪ੍ਰਦੇਸ਼ ਦੀ ਹੱਦ ਉੱਤੇ ਸਥਿਤ ਹਥਲੀ ਕੁੰਡ ਬੈਰੇਜ਼ ਦੇ ਨਾਲ ਲਗਦੇ ਪਿੰਡ ਫੈਜ਼ਾਬਾਦ ਵਿਚ ਸਥਿਤ ਹੈ ਅਤੇ ਏ.ਐਸ.ਆਈ. ਦੁਆਰਾ ਇਸ ਜਗ੍ਹਾ ਨੂੰ ਠੀਕ ਕਰਨ ਦੇ ਲਈ ਲਗਭਗ 2 ਕਰੋੜ ਰੁਪਏ ਦੀ ਰਕਮ ਖਰਚ ਕੀਤੀ ਗਈ ਹੈ।

ਜਿਵੇਂ ਕਿ ਸ਼ੋਧ ਤੋਂ ਸਪਸ਼ਟ ਨਿਕਲ ਕੇ ਆਇਆ ਹੈ ਕਿ ਇਸ ਕਿਲ੍ਹੇ ਦੀ ਉਸਾਰੀ ਗੁਪਤ ਤੌਰ ’ਤੇ ਕੀਤੀ ਗਈ ਅਤੇ ਇਸ ਕਿਲੇ ਦੇ ਨਿਰਮਾਣ ਲਈ ਲਗਭਗ 60 ਤੋਂ 70 ਵਰ੍ਹਿਆਂ ਦਾ ਸਮਾਂ ਲੱਗਿਆ ਹੋਵੇਗਾ। ਇਸ ਤੋਂ ਇਹ ਪਤਾ ਲਗਦਾ ਹੈ ਕਿ ਇਸ ਕਿਲ੍ਹੇ ਦੀ ਉਸਾਰੀ ਵਿਚ ਕਈ ਸਿੱਖ ਗੁਰੂ ਸਾਹਿਬਾਨਾ ਦਾ ਯੋਗਦਾਨ ਹੈ। ਸ਼ੋਧ ਵਿਚ ਇਹ ਸਾਫ ਤੌਰ ’ਤੇ ਨਿਕਲ ਕੇ ਆਇਆ ਹੈ ਕਿ ਗੁਰੂ ਹਰਿਗੋਬਿੰਦ ਸਿੰਘ ਸਾਹਿਬ ਦੀ ਗਵਾਲੀਅਰ ਦੇ ਕਿਲੇ ਤੋਂ ਰਿਹਾਈ ਤੋਂ ਬਾਅਦ 1626 ਵਿਚ ਬਿਲਾਸਪੁਰ, ਨਾਹਨ ਅਤੇ ਹਿੰਦੂਵਾਰ ਦਾ ਰਾਜਾ ਗੁਰੂ ਸਾਹਿਬ ਨਾਲ ਮਿਲਣ ਦੇ ਲਈ ਅੰਮ੍ਰਿਤਸਰ ਗਏ ਸੀ ਅਤੇ ਉਥੋਂ ਹੀ ਇਸ ਕਿਲੇ ਦੇ ਨਿਰਮਾਣ ਦੀ ਇਨ੍ਹਾਂ 4 ਵਿਅਕਤੀਆਂ ਵੱਲੋਂ ਰੂਪਰੇਖਾ ਤਿਆਰ ਕੀਤੀ ਗਈ। ਮੌਜੂਦਾ ਲੋਹਗੜ੍ਹ, ਨਾਹਨ ਦੇ ਰਾਜਾ ਦੇ ਖੇਤਰ ਵਿਚ ਬਣਾਇਆ ਗਿਆ। ਗੁਰੂ ਹਰਿ ਰਾਇ ਸਾਹਿਬ 17 ਸਾਲ ਦੀ ਗੁਰਗੱਦੀ ਦੇ ਕਾਰਜਕਾਲ ਵਿਚ 13 ਸਾਲ ਲੋਹਗੜ੍ਹ ਯਮੁਨਾਨਗਰ ਵਿਖੇ ਮੌਜੂਦ ਰਹੇ (1645-1666)। ਉਨ੍ਹਾਂ ਦੇ ਦੋਵੇਂ ਸਪੁੱਤਰ ਰਾਮਰਾਇ ਜੀ ਅਤੇ ਗੁਰੂ ਹਰਿਕ੍ਰਿਸ਼ਨ ਸਾਹਿਬ ਅਤੇ ਬੇਟੀ ਸਰੂਪ ਕੌਰ ਵੀ ਇਥੇ ਹੀ ਲੋਹਗੜ੍ਹ ਕਿਲੇ ਵਿਚ ਪੈਦਾ ਹੋਏ। ਇਸ ਤੋਂ ਇਲਾਵਾ ਗੁਰੂ ਤੇਗ ਬਹਾਦਰ ਸਾਹਿਬ ਵੀ 1644 ਤੋਂ ਲੈ ਕੇ 1656 ਤੱਕ ਇਥੇ ਮੌਜੂਦ ਰਹੇ ਅਤੇ ਉਨ੍ਹਾਂ ਦੇ ਸੰਗੀ ਸਾਥੀ ਜਿਵੇਂ ਕਿ ਭਾਈ ਲੱਕੀ ਰਾਇ ਬਣਜਾਰਾ, ਭਾਈ ਮੱਖਣ ਸ਼ਾਹ ਲੁਬਾਣਾ ਜੋ ਕਿ ਉਸ ਸਮੇਂ ਦੇ ਹਿੰਦੁਸਤਾਨ ਦੇ ਟਰੇਡਰ ਸਨ ਅਤੇ ਉਨ੍ਹਾਂ ਦੇ ਬੰਦਿਆਂ ਨੇ ਕਿਲਾ ਲੋਹਗੜ੍ਹ ਦੀ ਉਸਾਰੀ ਵਿਚ ਅਹਿਮ ਭੂਮਿਕਾ ਨਿਭਾਈ। ਇਸ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਲੋਹਗੜ੍ਹ ਕਿਲੇ ਤੋਂ ਲਗਭਗ 10 ਕਿਲੋਮੀਟਰ ਦੂਰ ਪਾਉਂਟਾ ਸਾਹਿਬ ਵਿਖੇ 4 ਸਾਲ ਤੱਕ ਰਹੇ ਅਤੇ ਲੋਹਗੜ੍ਹ ਵਿਚ ਸਥਿਤ ਸਿੱਖ ਫੌਜ ਨੂੰ ਮੁੱਖ ਟਰੇਨਿੰਗ ਦਿੱਤੀ। ਇਸ ਤੋਂ ਉਪਰੰਤ ਬਾਬਾ ਬੰਦਾ ਸਿੰਘ ਬਹਾਦਰ ਦੁਆਰਾ 1710 ਵਿਚ ਲੋਹਗੜ੍ਹ ਕਿਲੇ ਨੂੰ ਸਿੱਖ ਕੌਮ ਦੀ ਰਾਜਧਾਨੀ ਕਰਾਰ ਦਿੱਤਾ ਗਿਆ। ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਬਤੌਰ ਰਾਜਾ ਫਰਮਾਨ ਜਾਰੀ ਕੀਤਾ ਗਿਆ ਕਿ ਕਾਸ਼ਤਕਾਰ ਹੀ ਜ਼ਮੀਨ ਦਾ ਮਾਲਕ ਹੋਵੇਗਾ ਅਤੇ ਕਿਸਾਨ ਅੱਜ ਤੋਂ ਬਾਅਦ ਕੋਈ ਵੀ ਟੈਕਸ ਨਹੀਂ ਦੇਵੇਗਾ। ਇਸ ਤੋਂ ਇਲਾਵਾ ਇਹ ਵੀ ਫੁਰਮਾਨ ਜਾਰੀ ਕੀਤਾ ਗਿਆ ਕਿ ਸਮਾਜ ਅੰਦਰ ਉਚ-ਨੀਚ, ਜਾਤ-ਪਾਤ ਦਾ ਭੇਦਭਾਵ ਸਮਾਪਤ ਕੀਤਾ ਜਾਂਦਾ ਹੈ ਅਤੇ ਸਾਰੇ ਵਿਅਕਤੀ ਇਕੋ ਜਿਹੇ ਹੋਣਗੇ। ਇਸ ਤੋਂ ਇਲਾਵਾ ਬਾਬਾ ਬੰਦਾ ਸਿੰਘ ਬਹਾਦਰ ਦੁਆਰਾ ਗੁਰੂ ਨਾਨਕ ਦੇਵ, ਗੁਰੂ ਗੋਬਿੰਦ ਸਿੰਘ ਜੀ ਦੇ ਨਾਮ ’ਤੇ ਸਿੱਕਾ ਜਾਰੀ ਕੀਤਾ ਗਿਆ ਅਤੇ ਸਿੱਕੇ ਦੇ ਪਿੱਛੇ ਭਾਰਤ ਵਿਚ ਲੋਹਗੜ੍ਹ ਨੂੰ ਖਾਲਸਾ ਤਖ਼ਤ ਦੀ ਉਪਾਧੀ ਦਿੱਤੀ ਗਈ।

ਇਸ ਕਿਲੇ ਨੂੰ ਤੋੜਨ ਦੇ ਲਈ ਮੁਗਲਾਂ ਦੁਆਰਾ 1716 ਵਿਚ ਅਣਥੱਕ ਯਤਨ ਕੀਤੇ ਗਏ ਅਤੇ ਭਾਰੀ ਗਿਣਤੀ ਵਿਚ ਮਜ਼ਦੂਰ ਬਿਠਾ ਦਿੱਤੇ ਗਏ। ਮੁਗਲਾਂ ਦਾ ਮੁਖੀ ਅਫਸਰ ਨੇ ਇਸ ਕਿਲੇ ਨੂੰ ਤੋੜਨ ਦੇ ਲਈ ਮੱਸਾ ਰੰਗਣ ਨੂੰ ਨਿਯੁਕਤ ਕੀਤਾ। ਜਿਸ ਦੇ ਕਿਲੇ ਦੇ ਖੰਡਰ ਮਛਰੋਲੀ ਪਿੰਡ ਵਿਚ ਮੌਜੂਦ ਹਨ।

ਪਿਛਲੇ ਦਿਨੀਂ ਮਸ਼ਹੂਰ ਇਤਿਹਾਸਕਾਰ ਸ੍ਰੀ ਹਰਿੰਦਰ ਸਿੰਘ ਦਿਲਗੀਰ, ਇੰਗਲੈਂਡ ਤੋਂ ਇਥੇ ਆਏ ਅਤੇ ਖੋਜ ਰਿਪੋਰਟ ਦੇ ਅਨੁਸਾਰ ਕਿਲੇ ਦਾ ਮੁਆਇੰਨਾ ਕੀਤਾ ਅਤੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਕਿਲਾ ਦੀ ਉਸਾਰੀ ਦੇ ਕੰਮ ਵਿਚ 5 ਸਿੱਖ ਗੁਰੂ ਸਾਹਿਬਾਨ ਅਤੇ ਉਨ੍ਹਾਂ ਦੇ ਮੁਖੀ ਸੰਗੀ ਸਾਥੀ ਲੱਕੀ ਸ਼ਾਹ ਬਣਜਾਰਾ ਅਤੇ ਮੱਖਣ ਸ਼ਾਹ ਲੁਬਾਣਾ ਦਾ ਵਿਸ਼ੇਸ਼ ਯੋਗਦਾਨ ਹੈ। ਇਸ ਗੱਲ ਦੀ ਵੀ ਪੁਸ਼ਟੀ ਕੀਤੀ ਗਈ ਕਿ ਸਿੱਖਾਂ ਦੇ 8ਵੇਂ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਜਨਮ ਵੀ ਲੋਹਗੜ੍ਹ ਵਿਖੇ ਹੋਇਆ ਅਤੇ ਲੋਹਗੜ੍ਹ ਨੂੰ ਖ਼ਾਲਸਾ ਤਖਤ ਦੇ ਰੂਪ ਵਿਚ ਵਿਕਸਿਤ ਕੀਤਾ ਜਾਣਾ ਜ਼ਰੂਰੀ ਹੈ, ਕਿਉਂਕਿ ਇਹ ਇਤਿਹਾਸ ਦਾ ਉਹ ਸਫਾ ਹੈ ਜਿੱਥੋਂ ਹਿੰਦੁਸਤਾਨ ਦੀ ਆਜ਼ਾਦੀ ਦੀ ਪਹਿਲੀ ਜੰਗ ਲੜੀ ਗਈ ਅਤੇ ਇਹ ਵੀ ਕਹਿਣਾ ਗਲਤ ਨਹੀਂ ਹੋਵੇਗਾ ਕਿ ਇਨਕਲਾਬ ਫਰਾਂਸ ਵਿਚ ਹੋਇਆ ਅਤੇ ਇਸ ਇਨਕਲਾਬ ਤੋਂ ਬਾਅਦ ਹੋਰ ਵੀ ਵੱਡਾ ਇਨਕਲਾਬ ਹੋਇਆ। ਮੁਗਲਾਂ ਦੁਆਰਾ ਜਾਣ ਬੁੱਝ ਕੇ ਹਿੰਦੁਸਤਾਨੀਆਂ ਦੀ ਬੀਰਗਾਥਾ ਭਰੇ ਇਤਿਹਾਸ ਨੂੰ ਸਮਾਪਤ ਕਰਨ ਦੀ ਕੋਸ਼ਿਸ਼ ਕੀਤੀ ਗਈ, ਪਰ ਜੋ ਕਿ ਸਮਾਂ ਰਹਿੰਦਿਆਂ ਉਜਾਗਰ ਹੋ ਗਈ। ਹੁਣ ਸਿੱਖ ਇਤਿਹਾਸ ਨਵੇਂ ਸਿਰੇ ਤੋਂ ਲਿਖਣ ਦੀ ਲੋੜ ਹੈ।





**ਜੂਨ 2016 ਵਿਚ ਬੰਦਾ ਸਿੰਘ ਬਹਾਦਰ ਦਾ 300 ਸਾਲਾ ਸ਼ਹੀਦੀ ਦਿਵਸ ਮਨਾਇਆ ਗਿਆ, ਇਸ ਸਮਾਗਮ ਦੀ ਪ੍ਰਧਾਨਗੀ ਸ੍ਰੀ ਮਨੋਹਰ ਲਾਲ ਖੱਟਰ, ਮੁੱਖ ਮੰਤਰੀ ਹਰਿਆਣਾ ਵੱਲੋਂ ਕੀਤੀ ਗਈ। ਇਸ ਤੋਂ ਇਲਾਵਾ ਪਿੰਡ ਭਗਵਾਨਪੁਰ ਤੋਂ ਲੈ ਕੇ ਗੁਰਦੁਆਰਾ ਲੋਹਗੜ੍ਹ ਤੱਕ ਸੜਕ ਦੀ ਉਸਾਰੀ, ਮੈਮੋਰੀਅਲ ਵਾ ਮਾਰਸ਼ਲ ਆਰਟ ਸਕੂਲ ਦੀ ਉਸਾਰੀ ਕਰਵਾਉਣ ਬਾਰੇ ਮੁੱਖ ਮੰਤਰੀ ਹਰਿਆਣਾ ਸਰਕਾਰ ਵੱਲੋਂ ਹੋਰ ਵੀ ਕਈ ਐਲਾਨ ਕੀਤੇ ਗਏ। ਇਸ ਤੋਂ ਬਾਅਦ ਸਿੱਖ ਵਰਗ ਦੇ ਲੋਕਾਂ ਵਿਚ ਇਸ ਜਗ੍ਹਾ ਪ੍ਰਤੀ ਜਾਗ੍ਰਿਤੀ ਪੈਦਾ ਹੋ ਗਈ ਅਤੇ ਉਨ੍ਹਾਂ ਨੇ ਇਕ ਟਰੱਸਟ ਬਣਾਇਆ, ਜਿਸ ਦਾ ਨਾਮ ਬਾਬਾ ਬੰਦਾ ਸਿੰਘ ਬਹਾਦਰ ਡਿਵੈਲਪਮੈਂਟ ਹੈਰੀਟੇਜ਼ ਫਾਉਂਡੇਸ਼ਨ ਰੱਖਿਆ ਗਿਆ। ਇਸ ਫਾਉਂਡੇਸ਼ਨ ਦੁਆਰਾ ਪੁਰਾਤਤਵ ਨਾਲ ਸਬੰਧਤ ਮਾਹਰ ਕੰਪਨੀ ਨਾਲ ਐਮ.ਓ.ਯੂ. ਕੀਤਾ ਗਿਆ ਤਾਂ ਜੋ ਲੋਹਗੜ੍ਹ ਨਾਲ ਸਬੰਧਤ ਇਤਿਹਾਸਕ ਅਤੇ ਪੁਰਾਤਤਵ ਸ਼ੋਧ (ਖੋਜ) ਕੀਤੀ ਜਾ ਸਕੇ। ਸ਼ੋਧ ਰਿਪੋਰਟ ਜਦੋਂ ਪ੍ਰਾਪਤ ਹੋਈ ਤਾਂ ਉਸ ਵਿਚ ਹੈਰਾਨ ਕਰਨ ਵਾਲੇ ਤੱਥ ਸਾਹਮਣੇ ਆਏ।**









# ਵਧੀਕ ਜ਼ਿਲ੍ਹਾ ਮੈਜਿਸਟਰੇਟ ਵੱਲੋਂ ਹਥਿਆਰਾਂ ਦੇ ਪ੍ਰਦਰਸ਼ਨ 'ਤੇ ਪੂਰਨ ਪਾਬੰਦੀ ਦੇ ਹੁਕਮ ਜਾਰੀ

## ਹਥਿਆਰਾਂ ਜਾਂ ਹਿੰਸਾ ਦੀ ਵਡਿਆਈ ਕਰਨ ਵਾਲੇ ਗੀਤਾਂ 'ਤੇ ਵੀ ਲਗਾਈ ਪਾਬੰਦੀ

**ਪਟਿਆਲਾ, 16 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਵਧੀਕ ਜ਼ਿਲ੍ਹਾ ਮੈਜਿਸਟਰੇਟ ਪਟਿਆਲਾ ਸਿਮਰਪ੍ਰੀਤ ਕੌਰ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਜ਼ਿਲ੍ਹਾ ਪਟਿਆਲਾ ਅੰਦਰ ਅਮਨ ਅਤੇ ਕਾਨੂੰਨ ਦੀ ਸਥਿਤੀ ਨੂੰ ਮੁੱਖ ਰੱਖਦੇ ਹੋਏ ਹਥਿਆਰਾਂ ਦੇ ਜਨਤਕ ਪ੍ਰਦਰਸ਼ਨ 'ਤੇ ਪੂਰਨ ਪਾਬੰਦੀ ਲਗਾਈ ਹੈ ਅਤੇ ਇਹ ਪਾਬੰਦੀ ਸੋਸ਼ਲ ਮੀਡੀਆ 'ਤੇ ਵੀ ਲਾਗੂ ਰਹੇਗੀ।

ਇਸ ਤੋਂ ਇਲਾਵਾ ਵਿਆਹ ਸ਼ਾਦੀਆਂ/ਸਮਾਗਮਾਂ ਹੋਰ ਸਮਾਰੋਹਾਂ ਵਿੱਚ ਹਥਿਆਰਾਂ ਜਾਂ ਹਿੰਸਾ ਦੀ ਵਡਿਆਈ ਕਰਨ ਵਾਲੇ ਗੀਤਾਂ 'ਤੇ ਪੂਰਨ ਪਾਬੰਦੀ ਲਗਾਈ ਗਈ ਹੈ। ਜਨਤਕ ਇਕੱਠਾਂ, ਧਾਰਮਿਕ ਸਥਾਨਾਂ, ਵਿਆਹ ਪਾਰਟੀਆਂ ਜਾਂ ਹੋਰ ਸਮਾਗਮਾਂ ਵਿੱਚ ਵੀ ਹਥਿਆਰ ਲਿਜਾਣ ਅਤੇ ਪ੍ਰਦਰਸ਼ਨ ਕਰਨ 'ਤੇ ਪੂਰਨ ਪਾਬੰਦੀ ਰਹੇਗੀ ਅਤੇ ਕਿਸੇ ਵੀ ਭਾਈਚਾਰੇ ਵਿਰੁੱਧ ਨਫ਼ਰਤ ਭਰਿਆ ਭਾਸ਼ਣ ਦੇਣ ਉਤੇ ਵੀ ਪਾਬੰਦੀ ਲਾਗੂ ਹੋਵੇਗੀ। ਹੁਕਮ 8 ਨਵੰਬਰ 2025 ਤੱਕ ਲਾਗੂ ਰਹਿਣਗੇ।

ਵਧੀਕ ਜ਼ਿਲ੍ਹਾ ਮੈਜਿਸਟਰੇਟ ਨੇ ਕਿਹਾ ਕਿ ਜੇਕਰ ਜ਼ਿਲ੍ਹੇ ਅੰਦਰ ਕੋਈ ਵੀ ਆਮ ਅਤੇ ਖਾਸ ਇਨ੍ਹਾਂ ਹੁਕਮਾਂ ਦੀ ਉਲੰਘਣਾ ਕਰਦਾ ਪਾਇਆ ਜਾਂਦਾ ਹੈ ਤਾਂ ਉਸਦੇ ਵਿਰੁੱਧ ਬਣਦੀ ਕਾਨੂੰਨੀ ਕਾਰਵਾਈ ਤੁਰੰਤ ਅਮਲ ਵਿੱਚ ਲਿਆਂਦੀ ਜਾਵੇਗੀ।

## ਨਗਰ ਨਿਗਮ ਨੇ ਭਾਦਸੋਂ ਰੋਡ 'ਤੇ ਕੂੜੇ ਦਾ ਢੇਰ ਬਣ ਰਹੇ 'ਸੈਕੰਡਰੀ ਵੇਸਟ ਕੁਲੈਕਸ਼ਨ ਪੁਆਇੰਟ' ਨੂੰ ਪੱਕੇ ਤੌਰ 'ਤੇ ਸਾਫ਼ ਕੀਤਾ

# ਸ਼ਹਿਰ ਦੀਆਂ 42 'ਚੋਂ 24 ਕੂੜਾ ਇਕੱਠਾ ਕਰਨ ਵਾਲੀਆਂ ਥਾਵਾਂ ਨੂੰ ਕੀਤਾ ਸਾਫ਼, ਸਾਫ਼ ਥਾਵਾਂ ਦਾ ਸੁੰਦਰੀਕਰਨ ਕੀਤਾ : ਕਮਿਸ਼ਨਰ ਪਰਮਵੀਰ ਸਿੰਘ

**ਪਟਿਆਲਾ, 16 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਨੂੰ ਇੱਕ ਸਾਫ਼-ਸੁਥਰਾ ਅਤੇ ਵਧੇਰੇ ਵਾਤਾਵਰਣ ਪੱਖੀ ਸ਼ਹਿਰ ਬਣਾਉਣ ਵੱਲ ਇੱਕ ਵੱਡਾ ਕਦਮ ਚੁੱਕਦੇ ਹੋਏ, ਨਗਰ ਨਿਗਮ ਨੇ ਕੇਂਦਰੀ ਜੇਲ੍ਹ ਦੇ ਨੇੜੇ ਭਾਦਸੋਂ ਰੋਡ 'ਤੇ ਸਥਿਤ ਸੈਕੰਡਰੀ ਕੂੜਾ ਇਕੱਠਾ ਕਰਨ ਵਾਲੇ ਸਥਾਨ ਨੂੰ ਪੱਕੇ ਤੌਰ 'ਤੇ ਸਾਫ਼ ਕਰਕੇ ਇੱਥੋਂ ਕੂੜੇ ਦੇ ਡੰਪ ਨੂੰ ਸਫਲਤਾਪੂਰਵਕ ਹਟਾ ਦਿੱਤਾ ਹੈ।



ਮੇਅਰ ਕੁੰਦਨ ਗੋਗੀਆ ਅਤੇ ਕਮਿਸ਼ਨਰ ਪਰਮਵੀਰ ਸਿੰਘ ਦੀ ਨਿਗਰਾਨੀ ਹੇਠ ਚੱਲ ਰਹੀ ਇਸ ਮੁਹਿੰਮ ਦੌਰਾਨ ਨਗਰ ਨਿਗਮ ਦੀ ਸਿਹਤ ਵਿਭਾਗ ਦੀ ਟੀਮ ਵੱਲੋਂ ਅੱਜ ਇਸ ਜਗ ?ਹਾ ਨੂੰ ਸਾਫ਼ ਕੀਤਾ ਗਿਆ। ਸ਼ਹਿਰ ਦੀ ਸਫ਼ਾਈ ਨੂੰ ਧਿਆਨ ਵਿੱਚ ਰੱਖਦੇ ਹੋਏ ਇਸ ਜਗ ?ਹਾ ਨੂੰ ਹੁਣ ਸੁੰਦਰੀਕਰਨ ਲਈ ਨਿਰਧਾਰਤ ਕੀਤਾ ਗਿਆ ਹੈ।

ਕਮਿਸ਼ਨਰ ਪਰਮਵੀਰ ਸਿੰਘ ਨੇ ਕਿਹਾ ਕਿ, ਸੁਚਾਰੂ ਅਤੇ ਟਿਕਾਊ ਰਹਿੰਦ-ਖੂੰਹਦ ਪ੍ਰਬੰਧਨ ਨੂੰ ਯਕੀਨੀ ਬਣਾਉਣ ਲਈ, ਨਗਰ ਨਿਗਮ ਨੇ ਘਰ-ਘਰ ਜਾ ਕੇ ਕੂੜਾ ਇਕੱਠਾ ਕਰਨ ਲਈ ਇਲੈਕਟ੍ਰਿਕ ਵਾਹਨ ਲਗਾਏ ਹਨ। ਇਹ ਗੱਡੀਆਂ ਘਰਾਂ ਤੋਂ ਕੂੜਾ ਇਕੱਠਾ ਕਰਨ ਵਾਲੇ ਰੇਹੜੀਆਂ ਵਾਲਿਆਂ ਤੋਂ ਕੂੜਾ ਲੈਕੇ ਇਸਨੂੰ ਸਿੱਧੇ ਮਟੀਰੀਅਲ ਰਿਕਵਰੀ ਸਹੂਲਤ (ਐਮ ਆਰ ਐਫ) ਅਤੇ ਨਿਰਧਾਰਤ ਡੰਪਿੰਗ ਸਾਈਟ 'ਤੇ ਪਹੁੰਚਾਉਂਦੇ ਹਨ। ਉਨ੍ਹਾਂ ਅੱਗੇ ਕਿਹਾ ਕਿ "ਇਹ ਵਾਤਾਵਰਣ-ਅਨੁਕੂਲ ਪਹਿਲਕਦਮੀ ਪਟਿਆਲਾ ਦੇ ਕਾਰਬਨ ਫੁੱਟਪ੍ਰਿੰਟ ਨੂੰ ਘਟਾਉਂਦੇ ਹੋਏ ਕੂੜੇ ਦੇ ਪ੍ਰਬੰਧਨ ਨੂੰ ਸੁਚਾਰੂ ਬਣਾਉਂਦੀ ਹੈ।

ਕਮਿਸ਼ਨਰ ਨੇ ਅੱਗੇ ਕਿਹਾ ਕਿ ਭਾਦਸੋਂ ਰੋਡ ਸਥਿਤ ਇਸ ਕੂੜੇ ਦੇ ਸੈਕੰਡਰੀ ਸਾਈਟ ਨੂੰ ਹਟਾਉਣਾ ਨਗਰ ਨਿਗਮ ਦੀ ਸਵੱਛ ਭਾਰਤ ਮਿਸ਼ਨ ਪ੍ਰਤੀ ਵਚਨਬੱਧਤਾ ਨੂੰ ਦਰਸਾਉਣ ਸਮੇਤ ਇੱਕ ਸਿਹਤਮੰਦ, ਹਰਾ-ਭਰਾ ਅਤੇ ਵਧੇਰੇ ਸੁੰਦਰ ਪਟਿਆਲਾ ਬਣਾਉਣ ਵੱਲ ਇੱਕ ਹੋਰ ਮੀਲ ਪੱਥਰ ਹੈ।

ਨਗਰ ਨਿਗਮ ਦੇ ਸਿਹਤ ਅਫ਼ਸਰ ਡਾ. ਨਵਿੰਦਰ ਸਿੰਘ ਨੇ ਦੱਸਿਆ ਕਿ ਨਿਗਮ ਨੇ ਹੁਣ ਤੱਕ 42 ਸੈਕੰਡਰੀ ਕੂੜਾ ਇਕੱਠਾ ਕਰਨ ਦੀਆਂ ਥਾਂਵਾਂ ਵਿੱਚੋਂ 24 ਨੂੰ ਹਟਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਥਾਵਾਂ 'ਤੇ ਲੋਕਾਂ ਵੱਲੋਂ ਕੂੜਾ ਸੁੱਟਣ ਨੂੰ ਰੋਕਣ ਅਤੇ ਇਨ੍ਹਾਂ ਥਾਵਾਂ ਨੂੰ ਸਾਫ਼ ਰੱਖਣ ਲਈ ਸਾਫ਼ ਕੀਤੀਆਂ ਥਾਵਾਂ 'ਤੇ ਬੂਟੇ ਲਾਸ਼ ਸਮੇਤ ਗਮਲੇ ਵੀ ਰੱਖੇ ਗਏ ਹਨ।

# ਜ਼ਿਲ੍ਹਾ ਸਕੂਲ ਟੂਰਨਾਮੈਂਟ 'ਚ ਗੱਤਕਾ, ਬੇਸਬਾਲ, ਤਾਈਕਵਾਡੋ ਅਤੇ ਨੈਸ਼ਨਲ ਸਟਾਈਲ ਕਬੱਡੀ ਦੇ ਹੋਏ ਮੁਕਾਬਲੇ



**ਪਟਿਆਲਾ, 16 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਵਿੱਚ ਚੱਲ ਰਹੀਆਂ 69ਵੀਆਂ ਜ਼ਿਲ੍ਹਾ ਸਕੂਲ ਖੇਡਾਂ ਵਿੱਚ ਅੱਜ ਗੱਤਾ, ਬੇਸਬਾਲ, ਤਾਈਕਵਾਡੋ ਅਤੇ ਨੈਸ਼ਨਲ ਸਟਾਈਲ ਕਬੱਡੀ ਦੇ ਮੁਕਾਬਲੇ ਕਰਵਾਏ ਗਏ। ਜ਼ਿਲ੍ਹਾ ਟੂਰਨਾਮੈਂਟ ਕਮੇਟੀ ਦੇ ਸਕੱਤਰ ਚਰਨਜੀਤ ਸਿੰਘ ਭੁੱਲਰ ਨੇ ਦੱਸਿਆ ਕਿ ਅੱਜ ਦੇ ਅੰਡਰ 14 ਲੜਕੀਆਂ ਦੇ ਗੱਤਕੇ ਦੇ ਮੁਕਾਬਲਿਆਂ ਵਿੱਚ ਘਨੌਰ ਜ਼ੋਨ ਨੇ ਪਹਿਲਾ, ਰਾਜਪੁਰਾ ਜ਼ੋਨ ਨੇ ਦੂਜਾ, ਨਾਭਾ ਜ਼ੋਨ-ਪਟਿਆਲਾ 2 ਜ਼ੋਨ ਨੇ ਤੀਜਾ ਸਥਾਨ ਪ੍ਰਾਪਤ ਕੀਤਾ।

ਅੰਡਰ 19 ਗੱਤਕਾ ਦੇ ਮੁਕਾਬਲਿਆਂ ਵਿੱਚ ਰਾਜਪੁਰਾ ਜ਼ੋਨ ਨੇ ਪਹਿਲਾ, ਘਨੌਰ ਜ਼ੋਨ ਨੇ ਦੂਜਾ ਤੇ ਭੁਨਰਹੇੜੀ ਜ਼ੋਨ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਅੰਡਰ 17 ਘਨੌਰ ਜ਼ੋਨ ਦੀ ਸੋਟੀ ਟੀਮ ਨੇ ਪਹਿਲਾ, ਰਾਜਪੁਰਾ ਜ਼ੋਨ ਦੀ ਫਰੀ ਸੋਟੀ ਟੀਮ ਨੇ ਪਹਿਲਾ, ਪਟਿਆਲਾ 2 ਜ਼ੋਨ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਅੰਡਰ 14 ਨੈਸ਼ਨਲ ਸਟਾਈਲ ਕਬੱਡੀ ਲੜਕਿਆਂ ਦੇ ਮੁਕਾਬਲਿਆਂ ਵਿੱਚ ਪਾਤੜਾਂ ਜ਼ੋਨ ਨੇ ਪਟਿਆਲਾ 2 ਜ਼ੋਨ ਨੂੰ, ਪਟਿਆਲਾ 1 ਜ਼ੋਨ ਨੇ ਰਾਜਪੁਰਾ ਜ਼ੋਨ ਨੂੰ ਹਰਾਇਆ। ਅੰਡਰ 14 ਨੈਸ਼ਨਲ ਸਟਾਈਲ ਕਬੱਡੀ ਦੇ ਮੁਕਾਬਲਿਆਂ ਵਿੱਚ ਭਾਦਸੋਂ ਜ਼ੋਨ ਨੇ ਪਟਿਆਲਾ 3 ਜ਼ੋਨ ਨੂੰ, ਪਾਤੜਾਂ ਜ਼ੋਨ ਨੇ ਪਟਿਆਲਾ 2 ਜ਼ੋਨ ਨੂੰ, ਨਾਭਾ ਜ਼ੋਨ ਨੇ ਸਮਾਣਾ ਜ਼ੋਨ ਨੂੰ ਅਤੇ ਪਟਿਆਲਾ 1 ਜ਼ੋਨ ਨੇ ਭੁੱਨਰਹੇੜੀ ਜ਼ੋਨ ਨੂੰ ਹਰਾਇਆ। ਅੰਡਰ 14 ਲੜਕਿਆਂ ਦੇ ਤਾਈਕਵਾਂਡੋ ਮੁਕਾਬਲਿਆਂ ਵਿੱਚ 18 ਤੋਂ 21 ਕਿਲੋ ਭਾਰ ਵਰਗ ਵਿੱਚ ਕਰਨਵੀਰ ਸਿੰਘ ਭੁੱਨਰਹੇੜੀ ਜ਼ੋਨ ਨੇ ਪਹਿਲਾ, ਰਿਤਿਕ ਪਾਸਵਾਨ ਪਟਿਆਲਾ 1 ਜ਼ੋਨ ਨੇ ਦੂਜਾ, ਅਸੀਸ ਕੁਮਾਰ ਪਟਿਆਲਾ 3 ਨੇ ਤੀਜਾ ਸਥਾਨ ਪ੍ਰਾਪਤ ਕੀਤਾ।

ਉਨ੍ਹਾਂ ਦੱਸਿਆ ਕਿ 21 ਤੋਂ 23 ਕਿਲੋ ਭਾਰ ਵਰਗ ਵਿੱਚ ਹਰਗਮ ਸਿੰਘ ਭੁਨਰਹੇੜੀ ਜ਼ੋਨ ਨੇ ਪਹਿਲਾ, ਸੁਖਵਿੰਦਰ ਸਿੰਘ ਨਾਭਾ ਜ਼ੋਨ ਨੇ ਦੂਜਾ, ਅਯਾਨ ਅਲੀ ਪਟਿਆਲਾ 2 ਜ਼ੋਨ ਨੇ ਤੀਜਾ ਅਤੇ ਗੁਰਸ਼ਰਨ ਸਿੰਘ ਪਾਤੜਾਂ ਜ਼ੋਨ ਨੇ ਚੌਥਾ ਸਥਾਨ ਪ੍ਰਾਪਤ ਕੀਤਾ।

ਇਸ ਮੌਕੇ ਤੇ ਪ੍ਰਿੰਸੀਪਲ ਬਿਕਰਮ ਸਿੰਘ, ਦਵਿੰਦਰ ਸਿੰਘ, ਦੀਦਾਰ ਸਿੰਘ, ਰਾਜਪਾਲ ਸਿੰਘ, ਸ਼ਿਵ ਭੰਡੀਰ ਕੁਲਵੰਤ ਸਿੰਘ ਪਾਤੜਾਂ, ਹਰੀਸ਼ ਸਿੰਘ ਰਾਵਤ, ਸ਼ਸ਼ੀ ਮਾਨ, ਤਰਸੇਮ ਸਿੰਘ, ਭਰਪੂਰ ਸਿੰਘ, ਗੁਰਪ੍ਰੀਤ ਸਿੰਘ ਝੰਡਾ, ਰਕੇਸ਼ ਕੁਮਾਰ ਲਚਕਾਣੀ, ਜਸਵੰਤ ਸਿੰਘ, ਮਨਦੀਪ ਸ਼ਰਮਾ, ਅਲਬਟ, ਸਾਗਰ ਕੋਚ, ਮਨਿੰਦਰ ਸਿੰਘ ਗੱਤਕਾ ਕੋਚ, ਵੀਰਪਾਲ ਕੌਰ, ਅਖਿਲ ਬਜਾਜ, ਬਿਕਰਮ ਠਾਕੁਰ, ਡਾ ਆਸਾ ਸਿੰਘ, ਡਾ ਨਿਧੀ, ਯਸ਼ਦੀਪ ਸਿੰਘ, ਰਾਜਿੰਦਰ ਸਿੰਘ ਚਾਨੀ, ਗੁਰਪ੍ਰੀਤ ਸਿੰਘ ਡਾਟਾ ਐਂਟਰੀ ਆਪਰੇਟਰ ਅਤੇ ਜਸਵਿੰਦਰ ਸਿੰਘ ਗੱਜੂਮਾਜਰਾ ਹਾਜ਼ਰ ਸਨ।

# ਝੋਨੇ ਦੀ ਖਰੀਦ 16 ਸਤੰਬਰ ਤੋਂ ਸ਼ੁਰੂ : ਡੀ.ਐਫ.ਐਸ.ਸੀ.

**ਪਟਿਆਲਾ, 16 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਮੁੱਖ ਮੰਤਰੀ ਸ੍ਰ: ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਪ੍ਰਾਪਤ ਨਿਰਦੇਸ਼ਾਂ ਮੁਤਾਬਕ ਜ਼ਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ ਡਾ: ਰੂਪਪ੍ਰੀਤ ਕੌਰ ਨੇ ਦੱਸਿਆ ਕਿ 16 ਸਤੰਬਰ ਤੋਂ ਸ਼ੁਰੂ ਹੋਣ ਵਾਲੇ ਝੋਨੇ ਦੇ ਸੀਜ਼ਨ ਦੌਰਾਨ ਕੇਵਲ ਸੁੱਕਾ ਝੋਨਾ ਹੀ ਮੰਡੀਆਂ ਵਿੱਚ ਲਿਆਂਦਾ ਜਾਵੇ ਤਾਂ ਜੋ ਕਿਸਾਨਾਂ ਨੂੰ ਕਿਸੇ ਵੀ ਤਰ੍ਹਾਂ ਦੀ ਦਿੱਕਤਾਂ ਦਾ ਸਾਹਮਣਾ ਨਾ ਕਰਨਾ ਪਵੇ। ਜ਼ਿਲ੍ਹਾ ਕੰਟਰੋਲਰ ਡਾ: ਰੂਪਪ੍ਰੀਤ ਕੌਰ ਨੇ ਦੱਸਿਆ ਕਿ ਪੰਜਾਬ ਦੇ ਖੁਰਾਕ ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਮੰਤਰੀ ਸ੍ਰੀ ਲਾਲ ਚੰਦ ਕਟਾਰੂਚੱਕ ਅਤੇ ਡਿਪਟੀ ਕਮਿਸ਼ਨਰ ਪਟਿਆਲਾ ਡਾ: ਪ੍ਰੀਤੀ ਯਾਦਵ ਦੇ ਨਿਰਦੇਸ਼ਾਂ ਅਨੁਸਾਰ ਝੋਨੇ ਦੇ ਸੀਜ਼ਨ ਦੌਰਾਨ ਜ਼ਿਲ੍ਹੇ ਦੇ ਕਿਸਾਨਾਂ/ਜ਼ਿੰਮੀਦਾਰਾਂ ਨੂੰ ਸੀਜ਼ਨ ਦੌਰਾਨ ਕਿਸੇ ਪ੍ਰਕਾਰ ਦੀਆਂ ਔਕੜਾਂ ਨਹੀ ਆਉਣ ਦਿੱਤੀਆਂ ਜਾਣਗੀਆਂ। ਉਹਨਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਆਪਣੀ ਜਿਣਸ ਦੀ ਸੁਚਾਰੂ ਤੇ ਤੁਰੰਤ ਖ਼ਰੀਦ ਲਈ ਮੰਡੀਆਂ ਵਿੱਚ ਸੁੱਕਾ ਝੋਨਾ ਹੀ ਲੈ ਕੇ ਆਉਣ। ਉਹਨਾਂ ਸੁੱਕਾ ਝੋਨਾ ਲਿਆਉਣ ਦੇ ਫਾਇਦੇ ਦਰਸਾਉਂਦੇ ਹੋਏ ਵਿਸ਼ੇਸ਼ ਤੌਰ 'ਤੇ ਕਿਹਾ ਕਿ ਸੁੱਕਾ ਝੋਨਾ ਮੰਡੀਆਂ ਵਿੱਚ ਲਿਆਉਣ ਨਾਲ ਕਿਸਾਨਾਂ ਦੀ ਫ਼ਸਲ ਦੀ ਖਰੀਦ ਜਲਦੀ ਹੋ ਜਾਂਦੀ ਹੈ ਅਤੇ ਇਸ ਉਪਰੰਤ ਅਦਾਇਗੀ ਵੀ ਤੁਰੰਤ ਹੋ ਜਾਂਦੀ ਹੈ। ਉਹਨਾਂ ਕਿਸਾਨ ਵੀਰਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਸੁੱਕਾ ਝੋਨਾ ਲਿਆਉਣ ਨਾਲ ਮੰਡੀਆਂ ਵਿੱਚ ਝੋਨੇ ਦੀ ਖ਼ਰੀਦ ਅਤੇ ਲਿਫਟਿੰਗ ਨਿਰਵਿਘਨ ਹੁੰਦੀ ਹੈ ਜਿਸ ਕਾਰਨ ਬਾਕੀ ਰਹਿੰਦੇ ਕਿਸਾਨ ਵੀਰਾਂ ਨੂੰ ਮੰਡੀ ਵਿੱਚ ਜਿਣਸ ਵੇਚਣ ਲਈ ਮੁਸ਼ਕਿਲਾਂ ਦਾ ਸਾਹਮਣਾ ਨਹੀ ਕਰਨਾ ਪੈਂਦਾ।

## ਡੀ.ਸੀ. ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਲਈ ਮੁੱਖ ਸੜਕਾਂ ਦੀ ਸਮੀਖਿਆ

# ਸ਼ਹਿਰ ਦੀਆਂ ਸੜਕਾਂ, ਫੁਟਪਾਥ, ਲਾਈਟਾਂ ਅਤੇ ਚੌਂਕਾਂ ਦਾ ਕੰਮ ਜਲਦ ਕਰਨ ਦੇ ਨਿਰਦੇਸ਼: ਡਾ: ਪ੍ਰੀਤੀ ਯਾਦਵ




**ਪਟਿਆਲਾ, 16 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਦੀਆਂ ਤਿਆਰੀਆਂ ਦੇ ਤਹਿਤ ਡਿਪਟੀ ਕਮਿਸ਼ਨਰ ਡਾ: ਪ੍ਰੀਤੀ ਯਾਦਵ ਨੇ ਸ਼ਹਿਰ ਦੀਆਂ ਮੁੱਖ ਸੜਕਾਂ ਅਤੇ ਪਾਣੀ ਦੀ ਪਾਈਪਲਾਈਨ ਦਾ ਵਿਸਥਾਰ ਪੂਰਵਕ ਜਾਇਜਾ ਲਿਆ। ਓਹਨਾਂ ਗੁਰਦੁਆਰਾ ਸ੍ਰੀ ਦੁਖਨਿਵਾਰਣ ਸਾਹਿਬ, ਗੁਰਦੁਆਰਾ ਸ੍ਰੀ ਮੋਤੀ ਬਾਗ ਸੜਕ, ਖੰਡਾ ਚੌਂਕ, ਪਾਸੀ ਰੋਡ, 22 ਨੰਬਰ ਫਾਟਕ, ਬਸ ਸਟੈਂਡ, ਫੁਆਰਾ ਚੌਂਕ ਸਮੇਤ ਹੋਰ ਅਹਿਮ ਚੌਂਕਾਂ ਦਾ ਬਾਰੀਕੀ ਨਾਲ ਜਾਇਜਾ ਲਿਆ। ਉਹਨਾਂ ਇਹਨਾਂ ਸਥਾਨਾਂ 'ਤੇ ਪਾਣੀ ਦੀ ਨਿਕਾਸੀ ਦੀ ਸਥਿਤੀ ਦਾ ਮੁਆਇਨਾਂ ਕੀਤਾ ਅਤੇ ਜਲ ਸਪਲਾਈ ਨਾਲ ਜੁੜੀਆਂ ਸਮੱਸਿਆਵਾਂ ਬਾਰੇ ਵੀ ਜਾਣਕਾਰੀ ਪ੍ਰਾਪਤ ਕੀਤੀ।

ਡਿਪਟੀ ਕਮਿਸ਼ਨਰ ਨੇ ਅਧਿਕਾਰੀਆਂ ਨੂੰ ਸਖ਼ਤ ਹਦਾਇਤਾਂ ਦਿਤੀਆਂ ਕਿ ਸ਼ਹਿਰ ਦੀਆਂ ਸੜਕਾਂ, ਫੁਟਪਾਥ ਲਾਈਟਾਂ, ਚੌਂਕ ਆਦਿ ਦਾ ਕੰਮ ਜਲਦ ਹੀ ਪੂਰੀ ਤਰ੍ਹਾਂ ਠੀਕ ਕਰ ਲਿਆ ਜਾਵੇ। ਉਹਨਾਂ ਅਧਿਕਾਰੀਆਂ ਨੂੰ ਕਿਹਾ ਕਿ ਇਹ ਯਕੀਨੀ ਬਣਾਇਆ ਜਾਵੇ ਕਿ ਗੁਰੂ ਸਾਹਿਬ ਦੇ ਨਗਰ ਕੀਰਤਨ ਦੌਰਾਨ ਸੜਕਾਂ ਅਤੇ ਪਾਣੀ ਨਿਕਾਸੀ ਪ੍ਰਣਾਲੀ, ਲਾਈਟਾਂ ਸਹੀ ਢੰਗ ਨਾਲ ਕੰਮ ਕਰਨ ਤਾਂ ਜੋ ਕਿਸੇ ਵੀ ਕਿਸਮ ਦੀ ਰੁਕਾਵਟ ਜਾ ਅਸੁਵਿਧਾ ਦਾ ਸਾਹਮਣਾ ਨਾ ਕਰਨਾ ਪਵੇ। ਡਿਪਟੀ ਕਮਿਸ਼ਨਰ ਨੇ ਅਧਿਕਾਰੀਆਂ ਨੂੰ ਕਿਹਾ ਕਿ ਉਹ ਇਹ ਕੰਮ ਡਿਊਟੀ ਸਮਝ ਕੇ ਨਹੀ ਸਗੋਂ ਸੇਵਾ ਸਮਝ ਕੇ ਕਰਨ।

ਡਾ: ਪ੍ਰੀਤੀ ਯਾਦਵ ਨੇ ਇਸ ਮੁਹਿੰਮ ਨੂੰ ਜਲਦ ਤੋਂ ਜਲਦ ਪੂਰਾ ਕਰਨ ਲਈ ਡਰੇਨ, ਜਲ ਸਪਲਾਈ ਵਿਭਾਗ, ਨਗਰ ਨਿਗਮ, ਪੁਲਿਸ ਵਿਭਾਗ ਦੇ ਅਧਿਕਾਰੀਆਂ ਨੂੰ ਟੀਮਾਂ ਬਣਾ ਕੇ ਕੰਮ ਕਰਨ ਦੇ ਨਿਰਦੇਸ਼ ਦਿੱਤੇ। ਉਹਨਾਂ ਇਸ ਵੀ ਜੋਰ ਦਿੱਤਾ ਕਿ ਸਾਰੇ ਅਧਿਕਾਰੀ ਆਪਣੀ ਆਪਣੀ ਜਿੰਮੇਵਾਰੀ ਨੂੰ ਸਮਝਦਿਆਂ ਸ਼ਹਿਰ ਦੀ ਸਫ਼ਾਈ ਅਤੇ ਵਾਤਾਵਰਣ ਸੁਚੱਜਾ ਬਣਾਉਣ ਵਿੱਚ ਪੂਰੀ ਲਗਨ ਨਾਲ ਕੰਮ ਕਰਨ।

ਇਸ ਮੌਕੇ ਉਹਨਾਂ ਦੇ ਨਾਲ ਵਧੀਕ ਡਿਪਟੀ ਕਮਿਸ਼ਨਰ(ਜ) ਸਿਮਰਪ੍ਰੀਤ ਕੌਰ, ਇੰਜਨੀਅਰ ਪਿਊਸ਼ ਅਗਰਵਾਲ ਅਤੇ ਇੰਜਨੀਅਰ ਵਿਸ਼ਾਲ ਧਵਨ ਤੋਂ ਇਲਾਵਾ ਨਗਰ ਨਿਗਮ ਅਤੇ ਹੋਰ ਵਿਭਾਗਾਂ ਦੇ ਅਧਿਕਾਰੀ ਵੀ ਮੌਜੂਦ ਸਨ।

# 28 ਸਤੰਬਰ ਨੂੰ ਸ਼ਹੀਦੇ ਆਜ਼ਮ ਭਗਤ ਸਿੰਘ ਦਾ ਜਨਮ ਦਿਨ ਮੁੱਖ ਮੰਤਰੀ ਪੰਜਾਬ ਦੀ ਕੋਠੀ ਦਾ ਘਿਰਾਓ ਕਰਕੇ ਮਨਾਇਆ ਜਾਵੇਗਾ : ਆਗੂ ਬਲਕਾਰ ਕਕਰਾਲਾ

**ਸਮਾਣਾ,16 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜਲ ਸਪਲਾਈ ਅਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ ਰਜਿ ਨੰ 31 ਜਿਲਾ ਪਟਿਆਲਾ ਬਰਾਚ ਸਮਾਣਾ ਦੀ ਮੀਟਿੰਗ ਬ੍ਰਾਂਚ ਪ੍ਰਧਾਨ ਬਲਕਾਰ ਸਿੰਘ ਬਰਾਚ ਖਜ਼ਾਨਚੀ ਮਨਦੀਪ ਸਿੰਘ ਦੀ ਅਗਵਾਈ ਵਿਚ ਹੋਈ। ਉਹਨਾਂ ਦੱਸਿਆ ਕੀ ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਦੇ ਬੈਨਰ ਹੇਠ ਸ਼ਹੀਦੇ ਆਜ਼ਮ ਸ਼੍ਰ ਭਗਤ ਸਿੰਘ ਜੀ ਦਾ ਜਨਮਦਿਨ 28 ਸਤੰਬਰ ਨੂੰ ਮੁੱਖ ਮੰਤਰੀ ਪੰਜਾਬ ਸਰਕਾਰ ਦੀ ਕੋਠੀ ਸੰਗਰੂਰ ਦਾ ਘੇਰਾਓ ਕਰਕੇ ਮਨਾਇਆ ਜਾਵੇਗਾ ਜਿਸ ਵਿਚ ਜਲ ਸਪਲਾਈ ਕਾਮੇ ਪਰਿਵਾਰਾਂ ਅਤੇ ਬੱਚਿਆ ਸਮੇਤ ਸ਼ਾਮਿਲ ਹੋਣਗੇ। ਇਸ ਲਈ ਸੂਬਾ ਪੱਧਰੀ ਘਿਰਾਓ ਦੀ ਤਿਆਰੀਆਂ ਮੀਟਿੰਗਾ ਕੀਤੀਆ ਜਾ ਰਹੀਆਂ ਹਨ




ਉਨ੍ਹਾਂ ਕਿਹਾ 28 ਸਤੰਬਰ ਨੂੰ ਸ਼ਹੀਦ ਭਗਤ ਸਿੰਘ ਜੀ ਦੇ ਜਨਮ ਦਿਨ ਤੇ ਪੰਜਾਬ ਸਰਕਾਰ ਮੰਗ ਕੀਤੀ ਜਾਵੇਗੀ ਕੀ ਇਨਲਿਸਟਮੈਂਟ ਅਤੇ ਆਊਟਸੋਰਸ ਠੇਕਾ ਅਧਾਰਿਤ ਮੁਲਾਜਮਾਂ ਨੂੰ ਤਜਰਬੇ ਦੇ ਅਧਾਰ ਤੇ ਸਬੰਧਤ ਵਿਭਾਗ ਵਿਚ ਮਰਜ ਕਰਕੇ ਪੱਕੇ ਰੁਜਗਾਰ ਦਾ ਪ੍ਰਬੰਧ ਕਰਨ ਵਾਲੀ ਪ੍ਰਪੋਜਲ ਨੂੰ ਲਾਗੂ ਕਰਨਾ ਅਤੇ 15 ਵੀਂ ਲੇਬਰ ਕਾਨਫਰੰਸ ਦੀਆਂ ਸਿਫਾਰਸ਼ਾਂ ਅਨੁਸਾਰ ਘੱਟੋਂ-ਘੱਟ ਉਜਰਤ 34244 ਰੁਪਏ ਜਸਸ ਵਿਭਾਗ 'ਚ ਫੀਲਡ ਅਤੇ ਦਫਤਰਾਂ ਵਿੱਚ ਕੰਮ ਕਰਦੇ ਇਨਲਿਸਟਮੈਂਟ/ਆਊਟਸੋਰਸ ਵਰਕਰਾਂ ਤੇ ਲਾਗੂ ਕੀਤੀਆਂ ਜਾਣ। ਵਰਕਰਾਂ ਨੂੰ ਈ.ਪੀ.ਐਫ., ਈ.ਐਸ.ਆਈ. ਸਹੂਲਤਾਂ ਦਿੱਤੀਆਂ ਜਾਣ। ਕਿਰਤ ਕਾਨੂੰਨ, ਬੋਨਸ ਦਾ ਭੁਗਤਾਨ ਐਕਟ, 1965 ਮੁਤਾਬਿਕ ਆਊਟਸੋਰਸ ਵਰਕਰਾਂ ਨੂੰ 8.33 ਪ੍ਰਤੀਸ਼ਤ ਬੋਨਸ ਤਨਖਾਹ ਦੇ ਨਾਲ ਦਿੱਤਾ ਜਾਵੇ। ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਪੰਜਾਬ ਸਰਕਾਰ ਦੇ ਅਧੀਨ ਚੱਲ ਰਹੀਆਂ ਪੇਂਡੂ ਜਲ ਸਪਲਾਈ ਸਕੀਮਾਂ (ਜਲ ਘਰ) ਦਾ ਜਬਰੀ ਪੰਚਾਇਤੀਕਰਨ/ਪੰਚਾਇਤੀਕਰਨ, ਸਕਾਡਾ ਪ੍ਰਣਾਲੀ ਲਗਾਉਣ ਦੀਆਂ ਨੀਤੀਆਂ ਨੂੰ ਤੁਰੰਤ ਵਾਪਸ ਲਿਆ ਜਾਵੇ। ਪੰਚਾਇਤਾਂ ਨੂੰ ਹੈਡ ਓਵਰ ਕੀਤੀਆਂ ਜਲ ਸਪਲਾਈ ਸਕੀਮਾਂ ਮੁੜ ਵਿਭਾਗ ਅਧੀਨ ਕੀਤੀਆਂ ਜਾਣ।

# ਸੰਤ ਬਾਬਾ ਦਰਸ਼ਨ ਸਿੰਘ ਜੀ ਕੁੱਲੀ ਵਾਲਿਆਂ ਦੀ 24ਵੀਂ ਸਲਾਨਾ ਬਰਸੀ ਸਮਾਗਮ

**ਅੰਮ੍ਰਿਤਸਰ, 16 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪਰਮ ਪੂਜਨੀਕ, ਮਹਾਨ ਤਪਸਵੀ, ਤਤ ਬੇਤਾ, ਬ੍ਰਹਮ ਗਿਆਨੀ, ਸੱਚਖੰਡ ਵਾਸੀ ਸ੍ਰੀਮਾਨ ਸੰਤ ਬਾਬਾ ਦਰਸ਼ਨ ਸਿੰਘ ਜੀ ਕੁੱਲੀ ਵਾਲਿਆਂ ਦੀ 24ਵੀਂ ਸਲਾਨਾ ਬਰਸੀ ਸਮਾਗਮ ਗੁਰਦੁਆਰਾ ਸ੍ਰੀ ਕਲਗੀਧਰ ਸਾਹਿਬ ਨਰੈਣਗੜ ਵਿਖੇ ਸ੍ਰੀਮਾਨ ਸੰਤ ਬਾਬਾ ਗੁਰਦੇਵ ਸਿੰਘ ਜੀ ਕੁਲੀ ਵਾਲੇ ਜੀ ਦੀ ਪ੍ਰੇਰਨਾ ਸਦਕਾ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਦਿਨ ਸ਼ਨੀਵਾਰ ਨੂੰ ਬੜੀ ਸ਼ਰਧਾ ਅਤੇ ਸਤਿਕਾਰ ਨਾਲ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਮਨਾਈ ਜਾ ਰਹੀ ਹੈ। ਜਾਣਕਾਰੀ ਦਿੰਦੇ ਹੋਏ ਪ੍ਰਧਾਨ ਬਲਦੇਵ ਸਿੰਘ ਨੇ ਦੱਸਿਆ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਆਖੰਡ ਪਾਠ ਸਾਹਿਬ ਦਿਨ ਵੀਰਵਾਰ ਨੂੰ ਅੰਮ੍ਰਿਤ ਵੇਲੇ 6 ਵਜੇ ਆਰੰਭ ਕੀਤੇ ਗਏ ਹਨ।

ਅਤੇ ਅੱਜ ਅੰਮ੍ਰਿਤ ਵੇਲੇ 5 ਵਜੇ ਭੋਗ ਪੈਣਗੇ।

# ਕਰਮਯੋਗੀ ਦਸੌਂਦੀ ਰਾਮ ਬੀਰ ਜੀ ਧਰੁਵ ਤਾਰੇ ਵਾਂਗ ਸਨ : ਮੇਅਰ ਕੁੰਦਨ ਗੋਗੀਆ



**ਪਟਿਆਲਾ, 16 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਗਿਆਨ ਜਯੋਤੀ ਐਜੂਕੇਸ਼ਨ ਸੁਸਾਇਟੀ ਪਟਿਆਲਾ ਵੱਲੋ ਕਰਮਯੋਗੀ ਦਸੌਂਦੀ ਰਾਮ ਬੀਰ ਜੀ ਦੀ ਨੂੰ ਸਰਧਾਂਜਲੀ ਭੇਟ ਕੀਤੀ ਗਈ ਇਸ ਮੌਕੇ ਸੁਸਾਇਟੀ ਪ੍ਰਧਾਨ ਉਪਕਾਰ ਸਿੰਘ ਨੇ ਸ਼ਰਧਾ ਦੇ ਫੁੱਲ ਭੇਟ ਕਰਦਿਆ ਦੱਸਿਆ ਬੀਰ ਜੀ ਨੇ ਸਮਾਜ ਸੇਵਾ ਦੀ ਸੁਰੂਆਤ ਪਟਿਆਲੇ ਵਿੱਚ ਕੀਤੀ ਸਮਾਜ ਲਈ ਇਕ ਚਾਨਣ ਮੁਨਾਰਾ ਸਨ ਲਾਵਾਰਿਸ ਲਾਸ਼ਾ ਦਾ ਉਹਨਾ ਦੇ ਧਰਮ ਮੁਤਾਬਕ ਸੰਸਕਾਰ ਕਰਨਾ ਬੀਰ ਜੀ ਹਮੇਸ਼ਾ ਨੰਗੇ ਪੈਰ ਰਹਿਕੇ ਸਮਾਜ ਦੀ ਸੇਵਾ ਕਰਦੇ ਸਨ। ਇਸ ਮੌਕੇ ਸੁਸਾਇਟੀ ਵੱਲੋ ਹੜ੍ਹ ਪੀੜਤਾ ਲਈ ਰਾਸ਼ਨ, ਦਵਾਈਆਂ, ਸੈਨੇਟਰੀ ਪੈਡ, ਪਾਣੀ, ਆਡੋਮੋਸ਼, ਆਦਿ ਸਮਾਨ ਘਨੌਰ ਏਰੀਆ ਵਿੱਚ ਵੰਡਣ ਦੀ ਸੁਰੂਆਤ ਕੀਤੀ।

ਇਸ ਮੌਕੇ ਪ੍ਰਮਿੰਦਰ ਭਲਵਾਨ, ਜਤਵਿੰਦਰ ਗਰੇਵਾਲ, ਆਸਾ ਸਰਮਾ, ਰਵਿੰਦਰ ਰਾਣਾ ਸਿੱਧੂ, ਬੀਰ ਗੁਰਿੰਦਰ ਸਿੰਘ, ਨਵਰਤਨ ਬੀਰ ਸਿੰਘ, ਮੋਹਨ ਖੰਨਾ, ਅਨੀਲ ਕੁਮਾਰ ਸਰਮਾ ਲਾਇਬ੍ਰੇਰੀਅਨ, ਰਾਮ ਬਲਾਸ ਮਾਲੀ ਸਾਰਿਆ ਨੇ ਦੋ ਮਿੰਟ ਦਾ ਮੋਨ ਧਾਰਨ ਵੀ ਕੀਤਾ ਤੇ ਸ਼ਰਧਾ ਦੇ ਫੁੱਲ ਭੇਟ ਕੀਤੇ।

# ਐਸ.ਆਰ.ਐਸ. ਵਿੱਦਿਆਪੀਠ ਦੀਆਂ ਵਿਦਿਆਰਥਣਾਂ ਨੇ ਵਾਲੀਬਾਲ ਮੁਕਾਬਲੇ 'ਚ ਤੀਜਾ ਸਥਾਨ ਹਾਸਲ ਕੀਤਾ



**ਸਮਾਣਾ,16 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਵਿਖੇ ਪੋਲੋ ਗਰਾਉਂਡ ਵਿੱਚ ਜ਼ਿਲ੍ਹਾ ਪੱਧਰੀ ਵਾਲੀਬਾਲ ਟੂਰਨਾਮੈਂਟ ਕਰਵਾਇਆ ਗਿਆ। ਇਸ ਟੂਰਨਾਮੈਂਟ ਵਿੱਚ ਕਈ ਜ਼ੋਨਾਂ ਨੇ ਭਾਗ ਲਿਆ। ਸਮਾਣਾ ਜ਼ੋਨ ਵੱਲੋਂ ਐਸ ਆਰ ਐਸ ਵਿੱਦਿਆਪੀਠ ਸਮਾਣਾ ਦੀਆਂ ਹੋਣਹਾਰ ਵਿਦਿਆਰਥਣਾਂ ਨੇ( ਅੰਡਰ - 19 ਕੁੜੀਆਂ) ਵਾਲੀਬਾਲ ਖੇਡ ਮੁਕਾਬਲੇ 'ਚ ਅਭੀਨੂਰ ਕੌਰ, ਕੋਮਲਪ੍ਰੀਤ ਕੌਰ, ਸ਼ੁਭਨੀਤ ਕੌਰ, ਅਮਾਨਤ ਕੌਰ, ਸਵਰੀਨ ਕੌਰ ਅਤੇ ਜਸ਼ਨਦੀਪ ਕੌਰ ਨੇ ਇੱਕ ਮਜ਼ਬੂਤ ਟੀਮਵਰਕ ਅਤੇ ਉਤਸ਼ਾਹ ਦਿਖਾਉਂਦੇ ਹੋਏ ਤੀਜਾ ਸਥਾਨ ਹਾਸਲ ਕਰਕੇ ਆਪਣੇ ਸਕੂਲ ਅਤੇ ਮਾਤਾ ਪਿਤਾ ਦਾ ਨਾਮ ਰੌਸ਼ਨ ਕੀਤਾ।

ਇਸ ਮੌਕੇ ਸਕੂਲ ਚੇਅਰਮੈਨ ਅਮਿਤ ਸਿੰਗਲਾ, ਸੈਕਟਰੀ ਲਲਿਤ ਸਿੰਗਲਾ, ਵਾਈਸ ਚੇਅਰਮੈਨ ਮਿਸ ਸਮਿਧਾ ਸਿੰਗਲਾ ਅਤੇ ਪ੍ਰਿੰਸੀਪਲ ਮਿਸ ਮਿਲੀ ਬੋਸ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਸਾਡੇ ਵਿਦਿਆਰਥੀਆਂ ਦੀ ਇਹ ਉਪਲੱਬਧੀ ਸਿਰਫ਼ ਖੇਡ ਵਿੱਚ ਹੀ ਨਹੀਂ, ਸਗੋਂ ਸਮੁੱਚੇ ਵਿਦਿਆਰਥੀ ਜੀਵਨ ਲਈ ਪ੍ਰੇਰਨਾ ਹੈ। ਉਹਨਾਂ ਨੇ ਸਾਰੀਆਂ ਖਿਡਾਰਨਾਂ ਦਾ ਹੌਸਲਾ ਵਧਾਇਆ ਅਤੇ ਭਵਿੱਖ ਵਿੱਚ ਵੀ ਉਹਨਾਂ ਨੂੰ ਅਜਿਹੇ ਖੇਡ ਮੁਕਾਬਲਿਆਂ ਵਿੱਚ ਵਧ- ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ।

# ਸੀ ਟੀ ਯੂਨੀਵਰਸਿਟੀ ਵੱਲੋਂ ਵਿਸ਼ਵ ਫਿਜ਼ਿਓਥੈਰੇਪੀ ਦਿਵਸ ਰਚਨਾਤਮਕਤਾ ਅਤੇ ਜਾਗਰੂਕਤਾ ਨਾਲ ਮਨਾਇਆ ਗਿਆ



**ਲੁਧਿਆਣਾ, 16 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸੀ ਟੀ ਯੂਨੀਵਰਸਿਟੀ ਦੇ ਸਕੂਲ ਆਫ ਐਲਾਈਡ ਹੈਲਥ ਸਾਇੰਸਿਜ਼ ਵੱਲੋਂ ਵਿਸ਼ਵ ਫਿਜ਼ਿਓਥੈਰੇਪੀ ਦਿਵਸ 2025 ਬੜੇ ਉਤਸ਼ਾਹ ਅਤੇ ਗਿਆਨਵਰਧਕ ਢੰਗ ਨਾਲ ਮਨਾਇਆ ਗਿਆ। ਇਸ ਸਾਲ ਦਾ ਮੁੱਖ ਥੀਮ ਤੰਦਰੁਸਤ ਬੁੱਢਾਪਾ ਰਿਹਾ। ਪ੍ਰੋਗਰਾਮ ਵਿੱਚ ਵਿਦਿਆਰਥੀਆਂ, ਅਧਿਆਪਕਾਂ ਅਤੇ ਸਿਹਤ ਮਾਹਿਰਾਂ ਨੇ ਭਾਗ ਲਿਆ ਅਤੇ ਸਨੇਹਾ ਦਿੱਤਾ ਕਿ ਫਿਜ਼ਿਓਥੈਰੇਪੀ ਸਿਹਤ ਸੰਭਾਲ, ਬੀਮਾਰੀਆਂ ਤੋਂ ਬਚਾਵ ਅਤੇ ਪੁਨਰਵਾਸ ਲਈ ਬੇਹੱਦ ਮਹੱਤਵਪੂਰਨ ਹੈ।

ਦਿਨ ਭਰ ਚੱਲੇ ਸਮਾਗਮ ਦੌਰਾਨ ਕਈ ਰਚਨਾਤਮਕ ਤੇ ਗਿਆਨਵਰਧਕ ਗਤੀਵਿਧੀਆਂ ਨੇ ਖਾਸ ਰੌਣਕ ਪਾਈ। ਫੇਸ ਅਤੇ ਬਾਡੀ ਪੇਂਟਿੰਗ, ਫਿਜ਼ਿਓਥੈਰੇਪੀ ਕਵਿਜ਼, ਪੋਸਟਰ ਪ੍ਰਜ਼ੈਂਟੇਸ਼ਨ ਅਤੇ ਵਰਕਿੰਗ ਮਾਡਲ ਸ਼ੋਕੇਸ ਵਰਗੇ ਮੁਕਾਬਲਿਆਂ ਨੇ ਵਿਦਿਆਰਥੀਆਂ ਨੂੰ ਆਪਣੀ ਸਮਝ ਨਵੇਂ ਢੰਗ ਨਾਲ ਪੇਸ਼ ਕਰਨ ਦਾ ਮੌਕਾ ਦਿੱਤਾ। ਖ਼ਾਸ ਆਕਰਸ਼ਣ ਰਹੇ ਫਿਜ਼ਿਓ ਵਾਕ (ਫੈਸ਼ਨ ਵਾਕ) ਅਤੇ ਡਰਮਾਟੋਮ-ਮਾਯੋਟੋਮ ਡਾਂਸ, ਜਿੱਥੇ ਵਿਦਿਆਰਥੀਆਂ ਨੇ ਫਿਜ਼ਿਓਥੈਰੇਪੀ ਦੇ ਸਿਧਾਂਤਾਂ ਨੂੰ ਜੀਵੰਤ ਰੂਪ ਵਿੱਚ ਦਰਸਾਇਆ, ਜਿਸ ਨਾਲ ਦਰਸ਼ਕ ਨਾ ਸਿਰਫ਼ ਮਨੋਰੰਜਿਤ ਹੋਏ ਸਗੋਂ ਜਾਣਕਾਰੀ ਵੀ ਪ੍ਰਾਪਤ ਕੀਤੀ।

ਸਮਾਗਮ ਦਾ ਮੁੱਖ ਕੇਂਦਰ ਪੈਨਲ ਡਿਸਕਸ਼ਨ ਰਿਹਾ, ਜਿਸ ਵਿੱਚ ਮਸ਼ਹੂਰ ਮਾਹਿਰ ਡਾ. ਪ੍ਰੇਰਨਾ ਗੋਯਲ ਅਤੇ ਡਾ. ਸਵਾਤੀ ਖੁਰਾਨਾ ਨੇ ਭਾਗ ਲਿਆਂਦਾ। ਉਨ੍ਹਾਂ ਨੇ ਦੱਸਿਆ ਕਿ ਕਿਵੇਂ ਫਿਜ਼ਿਓਥੈਰੇਪੀ ਜੀਵਨ-ਸ਼ੈਲੀ ਨਾਲ ਜੁੜੀਆਂ ਬੀਮਾਰੀਆਂ ਨੂੰ ਕੰਟਰੋਲ ਕਰਨ ਅਤੇ ਤੰਦਰੁਸਤ ਬੁੱਢਾਪੇ ਲਈ ਮਦਦਗਾਰ ਸਾਬਤ ਹੁੰਦੀ ਹੈ। ਉਨ੍ਹਾਂ ਦੇ ਵਿਚਾਰਾਂ ਨੇ ਹਾਜ਼ਰੀਨਾਂ ਦਾ ਗਿਆਨ ਵਧਾਉਣ ਦੇ ਨਾਲ-ਨਾਲ ਵਿਦਿਆਰਥੀਆਂ ਨੂੰ ਇਸ ਪੇਸ਼ੇ ਨੂੰ ਗੰਭੀਰਤਾ ਨਾਲ ਅਪਣਾਉਣ ਲਈ ਪ੍ਰੇਰਿਤ ਕੀਤਾ।

ਇਸ ਮੌਕੇ 'ਤੇ ਸੀ ਟੀ ਯੂਨੀਵਰਸਿਟੀ ਦੇ ਚਾਂਸਲਰ ਸ੍ਰੀ ਚਰਨਜੀਤ ਸਿੰਘ ਚੰਨੀ ਨੇ ਆਪਣੇ ਸੁਨੇਹੇ ਵਿੱਚ ਕਿਹਾ, ਫਿਜ਼ਿਓਥੈਰੇਪੀ ਸਿਰਫ਼ ਇੱਕ ਪੇਸ਼ਾ ਨਹੀਂ, ਸਗੋਂ ਮਨੁੱਖਤਾ ਦੀ ਸੇਵਾ ਹੈ ਜੋ ਲੋਕਾਂ ਨੂੰ ਤੰਦਰੁਸਤ ਅਤੇ ਲੰਮੀ ਉਮਰ ਵਾਲੀ ਜ਼ਿੰਦਗੀ ਜੀਣ ਦੀ ਤਾਕਤ ਦਿੰਦੀ ਹੈ।

ਪ੍ਰੋ ਵਾਈਸ ਚਾਂਸਲਰ ਡਾ. ਸਿਮਰਨਜੀਤ ਕੌਰ ਗਿੱਲ ਨੇ ਵਿਦਿਆਰਥੀਆਂ ਦੀ ਉਤਸ਼ਾਹ ਭਰੀ ਭਾਗੀਦਾਰੀ ਦੀ ਸਲਾਹਣਾ ਕਰਦਿਆਂ ਕਿਹਾ, ਅੱਜ ਦੇ ਪ੍ਰੋਗਰਾਮ ਦੀ ਰਚਨਾਤਮਕਤਾ ਅਤੇ ਅਕਾਦਮਿਕ ਝਲਕ ਸੀ ਟੀ ਯੂਨੀਵਰਸਿਟੀ ਦੀ ਇਸ ਵਚਨਬੱਧਤਾ ਨੂੰ ਦਰਸਾਉਂਦੀ ਹੈ ਕਿ ਇੱਥੇ ਅਜਿਹੇ ਪ੍ਰੋਫੈਸ਼ਨਲ ਤਿਆਰ ਕੀਤੇ ਜਾਂਦੇ ਹਨ ਜੋ ਕੇਵਲ ਹੁਨਰਵਾਨ ਹੀ ਨਹੀਂ, ਸਗੋਂ ਸਮਾਜਿਕ ਤੌਰ 'ਤੇ ਵੀ ਜ਼ਿੰਮੇਵਾਰ ਹਨ। ਇਸ ਸਮਾਗਮ ਨੇ ਨਾ ਸਿਰਫ਼ ਆਧੁਨਿਕ ਸਿਹਤ ਸੇਵਾਵਾਂ ਵਿੱਚ ਫਿਜ਼ਿਓਥੈਰੇਪਿਸਟਾਂ ਦੀ ਲੋੜ ਨੂੰ ਉਜਾਗਰ ਕੀਤਾ, ਸਗੋਂ ਨਵੀਂ ਪੀੜ੍ਹੀ ਨੂੰ ਇਹ ਸੁਨੇਹਾ ਵੀ ਦਿੱਤਾ ਕਿ ਸਭ ਲਈ ਸਿਹਤ ਅਤੇ ਤੰਦਰੁਸਤ ਬੁੱਢਾਪਾ ਹੀ ਅਸਲੀ ਮਿਸ਼ਨ ਹੈ।

# ਕਿਸਾਨ ਮਜ਼ਦੂਰ ਮੋਰਚੇ ਦੇ ਪਟਿਆਲਾ ਚੈਪਟਰ ਦੀ ਅਹਿਮ ਮੀਟਿੰਗ ਆਯੋਜਿਤ

**ਪਟਿਆਲਾ, 16 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਇੱਥੇ ਗੁਰਦੁਆਰਾ ਦੁੱਖ ਨਿਵਾਰਨ ਸਾਹਿਬ ਵਿਖੇ ਕਿਸਾਨ ਮਜ਼ਦੂਰ ਮੋਰਚਾ ਦੇ ਪਟਿਆਲਾ ਚੈਪਟਰ ਦੀ ਮੀਟਿੰਗ ਹੋਈ ਜਿਸ ਵਿੱਚ ਵੱਖ-ਵੱਖ ਕਿਸਾਨ ਜਥੇਬੰਦੀਆਂ ਨੇ ਭਾਗ ਲਿਆ ਜਿਨਾਂ ਵਿੱਚ ਭਾਰਤੀ ਕਿਸਾਨ ਯੂਨੀਅਨ ਏਕਤਾ ਆਜ਼ਾਦ, ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ, ਭਾਰਤੀ ਕਿਸਾਨ ਯੂਨੀਅਨ ਭਟੇੜੀ, ਅਤੇ ਕਿਸਾਨ ਮਜ਼ਦੂਰ ਯੂਨੀਅਨ ਸ਼ਾਮਿਲ ਹੋਈਆਂ। ਮੀਟਿੰਗ ਵਿੱਚ ਵੱਖ-ਵੱਖ ਕਿਸਾਨੀ ਮੰਗਾਂ ਤੇ ਮਸਲਿਆਂ ਬਾਰੇ ਵਿਚਾਰ ਚਰਚਾ ਤੋਂ ਇਲਾਵਾ ਪਿਛਲੇ ਦਿਨੀ ਨਾਭਾ ਤੇ ਨਗਰ ਕੌਂਸਲ ਦੀ ਪ੍ਰਧਾਨ ਦੇ ਪਤੀ ਪੰਕਜ ਪੱਪੂ ਦੀ ਵਰਕਸ਼ਾਪ ਚੋਂ ਸ਼ੰਭੂ ਬੈਰੀਅਰ ਤੋਂ ਚੋਰੀ ਹੋਈਆਂ ਟਰਾਲੀਆਂ ਬਰਾਮਦ ਹੋਈਆਂ ਸਨ। ਜੋ ਕਿ ਪੰਕਜ ਪੱਪੂ ਵੱਲੋਂ ਨਗਰ ਕੌਂਸਲ ਨਾਭਾ ਦੇ ਟਰੈਕਟਰ ਲਿਜਾ ਕੇ ਆਪ ਖੁਦ ਸੰਭੂ ਬੈਰੀਅਰ ਤੇ ਲਗਾਏ ਗਏ ਕਿਸਾਨਾਂ ਦੇ ਧਰਨੇ ਚੋਂ ਚੋਰੀ ਕਰਕੇ ਲਿਆਂਦੀਆਂ ਗਈਆਂ ਸਨ ਜਿਸ ਬਾਰੇ ਕਿਸਾਨ ਜਥੇਬੰਦੀਆਂ ਨੂੰ ਭਿਣਕ ਲੱਗੀ ਤੇ ਉਹ ਟਰਾਲੀਆਂ ਦੀ ਪੈੜ ਨੱਪਦੇ ਪੱਪੂ ਪੰਕਜ ਦੀ ਵਰਕਸ਼ਾਪ ਤੱਕ ਪਹੁੰਚੇ ਤੇ ਪੁਲਿਸ ਦੀ ਮੌਜੂਦਗੀ ਵਿੱਚ ਵੱਢ ਟੁੱਕ ਕੀਤੀਆਂ ਟਰਾਲੀਆਂ ਦਾ ਸਮਾਨ ਜਿਵੇਂ ਕਿ ਦੋ ਟਰਾਲੀਆਂ ਦੇ ਟਾਇਰ ਹੁੱਕਾਂ ਜੈਕ ਆਦਿ ਪੁਲਿਸ ਨੂੰ ਬਰਾਮਦ ਕਰਵਾਏ ਗਏ ਇਸ ਤੋਂ ਬਾਅਦ ਕਿਸਾਨ ਜਥੇਬੰਦੀਆਂ ਦੇ ਪ੍ਰਦਰਸ਼ਨ ਤੋਂ ਬਾਅਦ ਨਾਭਾ ਪੁਲਿਸ ਨੇ ਪੱਪੂ ਤੇ ਚੋਰੀ ਦਾ ਮਾਮਲਾ ਦਰਜ ਕੀਤਾ ਪਰੰਤੂ ਪੁਲਿਸ ਵੱਲੋਂ ਢਿੱਲੀ ਐਫ ਆਈ ਆਰ ਕਾਰਨ ਕੋਰਟ ਨੇ ਅਗਾਊ ਜਮਾਨਤ ਦੇ ਦਿੱਤੀ। ਇਹ ਮਾਮਲਾ ਇੱਕ ਕਿਸਾਨ ਵੱਲੋਂ ਦਰਜ ਕਰਾਇਆ ਗਿਆ ਸੀ ਜਿਸ ਨੇ ਆਪਣੀ ਟਰਾਲੀ ਦੇ ਟਾਇਰ ਪਹਿਚਾਣ ਕੀਤੇ ਸਨ ਅਤੇ ਹੁਣ ਦੂਜੀ ਟਰਾਲੀ ਦੇ ਮਾਲਕ ਵੱਲੋਂ ਵੀ ਆਪਣੀ ਟਰਾਲੀ ਦਾ ਸਮਾਨ ਪਹਿਚਾਣ ਕਰ ਲਿਆ ਗਿਆ ਹੈ ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਕਿ ਦੂਸਰੇ ਕਿਸਾਨ ਵੱਲੋਂ ਪੁਲਿਸ ਨੂੰ 19 ਸਤੰਬਰ ਨੂੰ ਅਰਜੀ ਦਿੱਤੀ ਜਾਵੇਗੀ ਤਾਂ ਜੋ ਪੁਲਿਸ ਪੰਕਜ ਪੱਪੂ ਤੇ ਦੂਸਰੀ ਟਰਾਲੀ ਦੀ ਚੋਰੀ ਦਾ ਮਾਮਲਾ ਦਰਜ ਕਰੇ ਅਗਰ ਪੁਲਿਸ ਪੰਕਜ ਪੱਪੂ ਤੇ ਪਰਚਾ ਦਰਜ ਕਰਨ ਤੋਂ ਆਨਾ ਕਾਨੀ ਕਰਦੀ ਹੈ ਤਾਂ ਕਿਸਾਨ ਮਜ਼ਦੂਰ ਮੋਰਚੇ ਦੀ ਅਗਵਾਈ ਵਿੱਚ ਕਿਸਾਨਾਂ ਵੱਲੋਂ ਡੀਐਸਪੀ ਨਾਭਾ ਦੇ ਦਫਤਰ ਸਾਹਮਣੇ 22 ਸਤੰਬਰ ਤੋਂ ਅਣਮਿਥੇ ਸਮੇਂ ਲਈ ਧਰਨਾ ਲਗਾਇਆ ਜਾਵੇਗਾ। ਜਿਸ ਦੀ ਤਿਆਰੀ ਲਈ ਵੱਖ ਵੱਖ ਜਥੇਬੰਦੀਆਂ ਨੇ ਆਪਣੇ ਆਗੂਆਂ ਦੀਆਂ ਡਿਊਟੀਆਂ ਲਗਾ ਦਿੱਤੀਆਂ ਗਈਆਂ ਹਨ ਅਤੇ ਅਨੁਮਾਨ ਹੈ ਕਿ ਲਗਭਗ ਤਿੰਨ ਹਜਾਰ ਕਿਸਾਨ ਉਪਰੋਕਤ ਧਰਨੇ ਵਿੱਚ ਸਿਰਕਤ ਕਰਨਗੇ। ਉਪਰੋਕਤ ਮਸਲੇ ਤੋਂ ਇਲਾਵਾ ਕਿਸਾਨ ਮਜ਼ਦੂਰ ਮੋਰਚੇ ਦੇ ਸੱਦੇ ਤੇ ਪੰਜਾਬ ਵਿੱਚ ਆਏ ਹੜਾਂ ਕਾਰਨ ਵੱਡੀ ਪੱਧਰ ਤੇ ਕਿਸਾਨਾਂ ਦੀ ਫਸਲਾਂ ਦੀ ਤਬਾਹੀ ਲਈ ਮੁਆਵਜੇ ਦੀ ਮੰਗ ਨੂੰ ਲੈ ਕੇ ਕੱਲ 12 ਸਤੰਬਰ ਨੂੰ ਡਿਪਟੀ ਕਮਿਸ਼ਨਰ ਪਟਿਆਲਾ ਨੂੰ ਮੰਗ ਪੱਤਰ ਦਿੱਤਾ ਜਾਵੇਗਾ। ਜਥੇਬੰਦੀਆਂ ਨੇ ਇਹ ਵੀ ਮੰਗ ਕੀਤੀ ਕਿ ਬਹੁਤੇ ਕਿਸਾਨਾਂ ਦੀਆਂ ਫਸਲਾਂ ਮੌਸਮ ਨਾਲ ਖਰਾਬ ਹੋ ਗਈਆਂ ਹਨ ਜਿਸ ਵਿੱਚੋਂ 80% ਬੂਟੇ ਛੋਟੇ ਰਹਿ ਗਏ ਹਨ ਜਾਂ ਬਰਬਾਦ ਹੋ ਗਏ ਹਨ ਇਸ ਲਈ ਸਰਕਾਰ ਤੋਂ ਮੰਗ ਕੀਤੀ ਕਿ ਇਸ ਦੀ ਸਪੈਸ਼ਲ ਗਰਦਾਵਰੀ ਕਰਾ ਕੇ ਕਿਸਾਨਾਂ ਨੂੰ ਬਣਦਾ ਮੁਆਵਜਾ ਦਿੱਤਾ ਜਾਵੇ। ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਜਸਵਿੰਦਰ ਸਿੰਘ ਲੌਂਗੋਵਾਲ ਸੂਬਾ ਆਗੂ, ਜੰਗ ਸਿੰਘ ਭਟੇੜੀ ਸੂਬਾ ਪ੍ਰਧਾਨ, ਰਣਜੀਤ ਸਿੰਘ ਸਵਾਜਪੁਰ ਜਿਲਾ ਪ੍ਰਧਾਨ, ਡਾਕਟਰ ਜਰਨੈਲ ਸਿੰਘ ਕਾਲੇਕੇ ਸੂਬਾ ਪ੍ਰੈਸ ਸਕੱਤਰ, ਗੁਰਵਿੰਦਰ ਸਿੰਘ ਸਦਰਪੁਰ, ਬਲਕਾਰ ਸਿੰਘ ਬੈਂਸ ਗੁਰਨਾਮ ਸਿੰਘ ਢੈਂਠਲ ਹਰਨੇਕ ਸਿੰਘ ਸਿੱਧੂਵਾਲ, ਨਾਜਰ ਸਿੰਘ ਕਕਰਾਲਾ ਅਤੇ ਸੋਨੀ ਲੌਂਗੋਵਾਲ ਆਦਿ ਸ਼ਾਮਿਲ ਹੋਏ।

# ਪੁੱਡਾ ਕਾਨੂੰਨ 1995 ਦੀ ਉਲੰਘਣਾ ਕਰਨ ਦੇ ਦੋਸ਼ ਹੇਠ ਸ਼ਕਤੀ ਵਾਟਿਕਾ ਦੇ ਪ੍ਰਮੋਟਰਾਂ ਦੇ ਖਿਲਾਫ ਮਾਮਲਾ ਦਰਜ, ਲਾਈਸੈਂਸ ਰੱਦ ਦਾ ਹੁਕਮ

**ਸਮਾਣਾ,16 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਲਗਭਗ 20 ਸਾਲ ਪਹਿਲਾਂ ਪਾਤੜਾਂ ਰੋਡ, ਸਮਾਣਾ (ਮਲਕਾਣਾ) 'ਤੇ 19.30 ਏਕੜ ਜ਼ਮੀਨ 'ਚ ਕੱਟੀ ਗਈ ਰਿਹਾਇਸ਼ੀ ਕਲੋਨੀ ਸ਼ਕਤੀ ਵਾਟਿਕਾ ਨੂੰ ਪ੍ਰਮੋਟਰਾਂ ਵੱਲੋਂ ਸਮੇਂ ਸਿਰ ਵਿਕਸਤ ਨਾ ਕਰਨ ਅਤੇ ਪ੍ਰਮੋਟਰ ਕੰਪਨੀ ਵੱਲੋਂ ਮਿਆਦ ਪੂਰੀ ਹੋਣ ਦੇ ਬਾਵਜੂਦ ਲਾਇਸੈਂਸ ਨਾ ਵਧਾਉਣ ਸਮੇਤ ਪੁੱਡਾ ਐਕਟ 1995, ਸੈਕਸ਼ਨ 36 ਤਹਿਤ ਨਿਯਮਾਂ ਦੀ ਉਲੰਘਣਾ ਕਰਨ ਦੇ ਦੋਸ਼ਾਂ ਤਹਿਤ ਏ.ਡੀ.ਸੀ. ਪਟਿਆਲਾ ਵੱਲੋਂ ਕੰਪਨੀ ਖ਼ਿਲਾਫ਼ ਸਿਟੀ ਪੁਲਿਸ ਕੋਲ ਕੇਸ ਦਰਜ ਕਰਵਾਇਆ ਗਿਆ ਹੈ। ਐਡੀਸ਼ਨਲ ਡਿਪਟੀ ਕਮਿਸ਼ਨਰ ਵਿਕਾਸ ਪਟਿਆਲਾ ਨੇ ਸੂਬੇ ਦੇ ਸਾਰੇ ਜ਼ਿਲ੍ਹਿਆਂ ਦੀਆਂ ਕਲੋਨੀਆਂ ਨੂੰ ਵਿਕਸਤ ਕਰਨ ਵਾਲੀਆਂ ਅਥਾਰਟੀਆਂ ਨੂੰ ਇਸ ਕੰਪਨੀ ਦਾ ਲਾਇਸੈਂਸ ਰੱਦ ਕਰਨ ਅਤੇ ਨਵਾਂ ਲਾਇਸੈਂਸ ਜਾਰੀ ਨਾ ਕਰਨ ਦਾ ਹੁਕਮ ਦਿੰਦੇ ਹੋਏ ਦੱਸਿਆ ਕਿ ਕਲੋਨੀ ਵਾਸੀਆਂ ਵੱਲੋਂ ਮਾਣਯੋਗ ਅਦਾਲਤ ਵਿੱਚ ਦਰਜ ਕਰਵਾਈ ਪਟੀਸ਼ਨ 5420/2019-2020 ਦੇ ਅਨੁਸਾਰ ਪ੍ਰਮੋਟਰਾਂ ਵੱਲੋਂ ਕਲੋਨੀ ਵਿੱਚ ਬੁਨਿਆਦੀ ਸਹੂਲਤਾਂ ਮੁਹੱਈਆ ਨਹੀਂ ਕਰਵਾਈਆਂ ਗਈਆਂ, ਜਿਸ 'ਤੇ ਮਾਣਯੋਗ ਅਦਾਲਤ ਨੇ ਨਿਸ਼ਚਿਤ ਸਮੇਂ ਦੀ ਪਾਬੰਦੀ ਤਹਿਤ ਕਲੋਨੀ ਵਿੱਚ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਉਣ ਦਾ ਹੁਕਮ ਦਿੱਤਾ ਸੀ। ਪ੍ਰਮੋਟਰਾਂ ਨੇ ਹੁਕਮਾਂ ਅਨੁਸਾਰ ਕੰਮ ਕਰਨ ਦੀ ਬਜਾਏ ਕਲੋਨੀ ਦੇ ਪਾਰਕ, ਡਿਸਪੈਂਸਰੀ ਅਤੇ ਕਮਿਊਨਿਟੀ ਹਾਲ ਦੀ ਜ਼ਮੀਨ ਵੀ ਵੇਚ ਦਿੱਤੀ ਅਤੇ ਬਿਜਲੀ ਕੁਨੈਕਸ਼ਨ ਕਰਵਾਉਣ ਲਈ ਕੋਈ ਸਰਕਾਰੀ ਫੀਸ ਨਹੀਂ ਭਰੀ, ਜਿਸ ਕਾਰਨ ਬਿਜਲੀ ਵਿਭਾਗ ਅਤੇ ਨਗਰ ਕੌਂਸਲ ਦੇ ਅਧਿਕਾਰੀਆਂ ਵੱਲੋਂ ਵੀ ਕਲੋਨੀ ਦੇ ਪ੍ਰਮੋਟਰਾਂ ਦਾ ਲਾਇਸੈਂਸ ਰੱਦ ਕਰਨ ਦੀ ਸਿਫਾਰਸ਼ ਕੀਤੀ ਗਈ ਸੀ। ਏ.ਡੀ.ਸੀ. ਵਿਕਾਸ ਨਵਨੀਤ ਕੌਰ ਨੇ ਮਾਣਯੋਗ ਅਦਾਲਤ ਤੋਂ ਮਿਲੇ ਹੁਕਮਾਂ 'ਤੇ ਮਿਲੀਆਂ ਸ਼ਿਕਾਇਤਾਂ ਦੀ ਜਾਂਚ-ਪੜਤਾਲ ਤੋਂ ਬਾਅਦ ਸਿਟੀ ਪੁਲਿਸ ਸਮਾਣਾ ਨੂੰ ਪ੍ਰਮੋਟਰ ਕੰਪਨੀ ਖ਼ਿਲਾਫ਼ ਕੇਸ ਦਰਜ ਕਰਨ ਦੇ ਹੁਕਮ ਦਿੱਤੇ ਅਤੇ ਤਹਿਸੀਲਦਾਰ ਨੂੰ ਜਮ੍ਹਾਂਬੰਦੀ 'ਤੇ ਨੋਟ ਦਰਜ ਕਰਕੇ ਦੀ ਰੁਕਣ ਅਤੇ ਚਾਰਟਰਡ ਅਕਾਊਂਟੈਂਟ ਨੂੰ ਇਸ ਫਰਮ ਦੇ ਖਾਤਿਆਂ ਦੀ ਜਾਂਚ ਕਰਨ ਦਾ ਹੁਕਮ ਦਿੱਤਾ ਗਿਆ।

# ਆਪਣੇ ਬੱਚੇ ਨੂੰ ਆਤਮ-ਵਿਸ਼ਵਾਸੀ ਬਣਾਓ

ਡਾ. ਨਿਸ਼ਾਨ ਸਿੰਘ



ਮੌਜੂਦਾ ਦੌਰ ਵਿਚ ਸਕੂਲੀ ਬੱਚੇ ਕਈ ਪ੍ਰਕਾਰ ਦੇ ਮਨੋਰੋਗਾਂ ਦੀ ਚਪੇਟ ਵਿਚ ਆ ਰਹੇ ਹਨ। ਬੱਚਿਆਂ ਵਿਚ ਤਣਾਓ ਵਧ ਰਿਹਾ ਹੈ। ਉਹ ਚਾਹੇ ਪੜ੍ਹਾਈ ਦਾ ਤਣਾਓ ਹੋਵੇ, ਆਪਣੇ ਨਾਲ ਵਾਪਰ ਰਹੀਆਂ ਘਟਨਾਵਾਂ ਦਾ ਹੋਵੇ ਜਾਂ ਸਰੀਰ ਵਿਚ ਹੋ ਰਹੇ ਪਰਿਵਰਤਨ ਦਾ ਹੋਵੇ। ਅਜੋਕੇ ਸਮੇਂ 5 ਤੋਂ 15 ਸਾਲ ਤੱਕ ਉਮਰ ਦੇ ਬੱਚੇ ਤਣਾਓ ਦਾ ਸ਼ਿਕਾਰ ਜ਼ਿਆਦਾ ਗਿਣਤੀ ਵਿਚ ਹੋ ਰਹੇ ਹਨ। ਇਸ ਤਣਾਓ ਦਾ ਸਭ ਤੋਂ ਵੱਡਾ ਪ੍ਰਭਾਵ ਇਹ ਪੈ ਰਿਹਾ ਹੈ ਕਿ ਬੱਚਿਆਂ ਵਿਚ ਆਤਮ-ਵਿਸ਼ਵਾਦ ਦੀ ਕਮੀ ਪੈਦਾ ਹੋਣੀ ਸ਼ੁਰੂ ਹੋ ਗਈ ਹੈ। ਆਤਮ-ਵਿਸ਼ਵਾਸ ਦੀ ਕਮੀ ਕਾਰਨ ਬੱਚਿਆਂ ਵਿਚ ਹੀਣ ਭਾਵਨਾ ਘਰ ਕਰ ਗਈ ਹੈ। ਇਸ ਲਈ ਮਾਤਾ-ਪਿਤਾ ਦੀ ਜ਼ਿੰਮੇਵਾਰੀ ਪਹਿਲਾਂ ਨਾਲੋਂ ਵਧੇਰੇ ਮਹੱਤਵਪੂਰਨ ਹੋ ਗਈ ਹੈ ਕਿ ਉਹ ਕਿਸ ਤਰ੍ਹਾਂ ਆਪਣੇ ਬੱਚੇ ਨੂੰ ਆਤਮ-ਵਿਸ਼ਵਾਸੀ ਬਣਾ ਸਕਦੇ ਹਨ ?

ਬੱਚਿਆਂ ਦੇ ਮਾਤਾ-ਪਿਤਾ ਅਕਸਰ ਹੀ ਮਨੋਵਿਗਿਆਨੀਆਂ ਤੋਂ ਸਲਾਹ ਲੈਂਦੇ ਰਹਿੰਦੇ ਹਨ ਕਿ ਕਿਸ ਪ੍ਰਕਾਰ ਹੀਣ ਭਾਵਨਾ ਨਾਲ ਗ੍ਰਸਤ ਬੱਚੇ ਦਾ ਆਤਮ-ਵਿਸ਼ਵਾਸ ਮੁੜ ਤੋਂ ਵਧਾਇਆ ਜਾ ਸਕਦਾ ਹੈ ? ਕਿਵੇਂ ਬੱਚੇ ਦੇ ਮਨ 'ਚੋਂ ਡਰ ਅਤੇ ਹੀਣ ਭਾਵਨਾ ਕੱਢੀ ਜਾਵੇ ? ਅਜੋਕੇ ਸਮੇਂ ਵਿਚ ਜੇਕਰ ਮਾਤਾ-ਪਿਤਾ ਹੇਠ ਲਿਖੇ ਕੁਝ ਨਿਯਮਾਂ ਦਾ ਪਾਲਣ ਕਰਨ ਤਾਂ ਹੀਣ ਭਾਵਨਾ ਨਾਲ ਗ੍ਰਸਤ ਸਕੂਲੀ ਬੱਚਿਆਂ ਵਿਚ ਆਤਮ-ਵਿਸ਼ਵਾਸ ਦੀ ਭਾਵਨਾ ਮੁੜ ਤੋਂ ਪੈਦਾ ਕੀਤੀ ਜਾ ਸਕਦੀ ਹੈ। ਸਭ ਤੋਂ ਪਹਿਲਾਂ ਇਹ ਪਛਾਣ ਕਿਸ ਤਰ੍ਹਾਂ ਹੋਵੇ ਕਿ ਬੱਚਾ ਹੀਣ ਭਾਵਨਾ ਨਾਲ ਗ੍ਰਸਤ ਹੋ ਗਿਆ ਹੈ ਅਤੇ ਉਸ ਵਿਚ ਆਤਮ-ਵਿਸ਼ਵਾਸ ਦੀ ਕਮੀ ਹੈ। ਇਸ ਪਛਾਣ ਦੇ ਕੁਝ ਲੱਛਣ ਇਸ ਪ੍ਰਕਾਰ ਹਨ-

× ਬੱਚਾ ਘੱਟ ਬੋਲਣ ਲਗਦਾ ਹੈ। ਉਹ ਕਿਸੇ ਨਾਲ ਵੀ ਖੁੱਲ੍ਹ ਕੇ ਗੱਲ ਨਹੀਂ ਕਰਦਾ ਅਤੇ ਆਪਣੇ ਮਨ ਦੀ ਗੱਲ ਦੱਸਣ ਤੋਂ ਸੰਕੋਚ ਕਰਦਾ ਹੈ। × ਪੜ੍ਹਾਈ ਵਿਚ ਧਿਆਨ ਨਹੀਂ ਦੇਵੇਗਾ। × ਹੀਣ ਭਾਵਨਾ ਨਾਲ ਗ੍ਰਸਤ ਬੱਚਾ ਇਕੱਲਾ ਬੈਠਣਾ ਪਸੰਦ ਕਰੇਗਾ, ਜਿੱਥੇ ਪਰਿਵਾਰ ਦੇ ਮੈਂਬਰ ਬੈਠਣਗੇ, ਉਹ ਉਸ ਜਗ੍ਹਾ ਤੋਂ ਦੂਰ ਜਾਵੇਗਾ।

× ਆਪਣੇ ਕੱਪੜਿਆਂ ਦੀ ਸਾਫ਼-ਸਫ਼ਾਈ ਵੱਲ ਬਹੁਤਾ ਧਿਆਨ ਨਹੀਂ ਦੇਵੇਗਾ ਅਤੇ ਗੰਦੇ ਕੱਪੜੇ/ਬੂਟ ਆਦਿ ਪਾ ਕੇ ਰੱਖੇਗਾ। × ਉਹ ਆਪਣੇ ਕਮਰੇ ਵਿਚ ਹੀ ਬੈਠਣਾ ਪਸੰਦ ਕਰੇਗਾ, ਬਾਹਰ ਦੋਸਤਾਂ ਨਾਲ ਘੁੰਮਣ-ਫਿਰਨ ਤੋਂ ਗੁਰੇਜ਼ ਕਰੇਗਾ।

× ਅਜਿਹੇ ਬੱਚੇ ਜ਼ਿੱਦੀ ਸੁਭਾਅ ਦੇ ਹੋ ਜਾਂਦੇ ਹਨ। ਜੇਕਰ ਮਾਤਾ-ਪਿਤਾ ਕਿਸੇ ਕੰਮ ਤੋਂ ਮਨ੍ਹਾਂ ਕਰਦੇ ਹਨ ਤਾਂ ਇਹ ਉਸ ਕੰਮ ਨੂੰ ਕਰਦੇ ਹਨ, ਜਿਹੜਾ ਮਾਤਾ-ਪਿਤਾ ਨੇ ਮਨ੍ਹਾਂ ਕੀਤਾ ਹੁੰਦਾ ਹੈ।

## ਆਤਮ-ਵਿਸ਼ਵਾਸ ਕਿਵੇਂ ਦਿਵਾਈਏ ?

× ਬੱਚੇ ਵਿਚ ਹੀਣ ਭਾਵਨਾ ਪੈਦਾ ਹੋਣ ਦੇ ਕਾਰਨਾਂ ਦਾ ਪਤਾ ਕਰਨ ਦੀ ਕੋਸ਼ਿਸ਼ ਕਰੋ ਅਤੇ ਇਨ੍ਹਾਂ ਨੂੰ ਦੂਰ ਕਰਨ ਲਈ ਕਿਸੇ ਚੰਗੇ ਮਨੋਵਿਗਿਆਨੀ ਨਾਲ ਗੱਲਬਾਤ ਕਰੋ।

× ਬੱਚੇ ਨਾਲ ਦੋਸਤਾਂ ਵਾਂਗ ਪੇਸ਼ ਆਓ ਅਤੇ ਉਸ ਨਾਲ ਹਾਸਾ-ਮਜ਼ਾਕ ਕਰੋ, ਤਾਂ ਕਿ ਉਹ ਖੁਸ਼ ਹੋ ਸਕੇ।

× ਬੱਚੇ ਨਾਲ ਮਾਰ-ਕੁੱਟ ਜਾਂ ਗਾਲੀ-ਗਲੋਚ ਨਾ ਕਰੋ ਅਤੇ ਭੁੱਲ ਕੇ ਵੀ ਕਦੇ ਤਾਹਨੇ-ਮਿਹਣੇ ਨਾ ਮਾਰੋ। ਨਹੀਂ ਤਾਂ ਬੱਚਾ ਪਹਿਲਾਂ ਨਾਲੋਂ ਜ਼ਿਆਦਾ ਪ੍ਰੇਸ਼ਾਨ ਹੋ ਸਕਦਾ ਹੈ।

× ਬੱਚੇ ਨੂੰ ਖਾਣੇ ਵਿਚ ਉਸ ਦੀ ਪਸੰਦ ਪੁੱਛੋ ਅਤੇ ਉਸ ਲਈ ਵਿਸ਼ੇਸ਼ ਤੌਰ 'ਤੇ ਉਹ ਖਾਣਾ ਬਣਾਓ, ਜਿਹੜਾ ਉਸ ਨੂੰ ਪਸੰਦ ਹੈ।

× ਸਾਰੇ ਪਰਿਵਾਰਕ ਜੀਅ ਇਕੱਠੇ ਬੈਠ ਕੇ ਟੀ.ਵੀ. ਦੇਖੋ ਜਾਂ ਫ਼ਿਲਮ ਵਗੈਰਾ ਦੇਖੋ, ਤਾਂ ਕਿ ਉਹ ਤੁਹਾਡੇ ਨਾਲ ਖੁੱਲ੍ਹ ਕੇ ਗੱਲਬਾਤ ਕਰ ਸਕੇ।

× ਬੱਚੇ ਨਾਲ ਬਾਹਰ ਘੁੰਮਣ ਲਈ ਨਿਕਲੋ ਅਤੇ ਉਸ ਦੇ ਦੋਸਤਾਂ-ਮਿੱਤਰਾਂ ਦੇ ਘਰ ਜਾਓ।

× ਬੱਚੇ ਨੂੰ ਪਿਆਰ ਨਾਲ ਸਕੂਲ ਦਾ ਕੰਮ ਕਰਵਾਓ। ਉਸ ਨੂੰ ਪੜ੍ਹਾਈ ਦੀ ਅਹਿਮੀਅਤ ਬਾਰੇ ਜਾਣਕਾਰੀ ਦਿਓ।

× ਬੱਚੇ ਦੀਆਂ ਕਮੀਆਂ ਉਸ ਦੇ ਯਾਰਾਂ-ਦੋਸਤਾਂ ਦੇ ਸਾਹਮਣੇ ਨਾ ਦੱਸੋ।

× ਆਪਣੇ ਬੱਚੇ ਦੀ ਤੁਲਨਾ ਦੂਜੇ ਬੱਚਿਆਂ ਨਾਲ ਨਾ ਕਰੋ, ਕਿਉਂਕਿ ਹਰ ਬੱਚੇ ਦੇ ਸੋਚਣ ਅਤੇ ਕੰਮ ਕਰਨ ਦੀ ਯੋਗਤਾ ਵੱਖਰੀ-ਵੱਖਰੀ ਹੁੰਦੀ ਹੈ।

× ਸਕੂਲ ਵਿਚ ਜਾ ਕੇ ਉਸ ਦੇ ਅਧਿਆਪਕ ਨਾਲ ਗੱਲ ਕਰੋ ਅਤੇ ਉਨ੍ਹਾਂ ਨੂੰ ਮਦਦ ਲਈ ਬੇਨਤੀ ਕਰੋ।

× ਬੱਚੇ ਸਾਹਮਣੇ ਆਪਣੇ ਪਤੀ/ਪਤਨੀ ਨਾਲ ਲੜਾਈ-ਝਗੜਾ ਨਾ ਕਰੋ, ਨਹੀਂ ਤਾਂ ਬੱਚੇ ਦੇ ਮਨ 'ਤੇ ਬੁਰਾ ਪ੍ਰਭਾਵ ਪੈਂਦਾ ਹੈ।

× ਬੱਚੇ ਨੂੰ ਉਸ ਦੀਆਂ ਪਸੰਦ ਦੀਆਂ ਵਸਤਾਂ ਜਿਵੇਂ ਕੱਪੜੇ, ਬੂਟ, ਖਿਡੌਣੇ ਅਤੇ ਮਨੋਰੰਜਨ ਦੀਆਂ ਚੀਜ਼ਾਂ ਲੈ ਕੇ ਦਿਓ।

# ਤੰਦਰੁਸਤ ਰਹਿਣ ਲਈ ਦਫ਼ਤਰ ਵਿਚ ਕਰੋ ਕੁਝ ਕਸਰਤ

ਅਕਸਰ ਜਦੋਂ ਫਿਟਨੈਸ ਦੀ ਗੱਲ ਆਉਂਦੀ ਹੈ ਤਾਂ ਜ਼ਿਆਦਾ ਲੋਕਾਂ ਦਾ ਕਹਿਣਾ ਹੁੰਦਾ ਹੈ ਕਿ ਕੀ ਕਰੀਏ, ਸਮਾਂ ਹੀ ਨਹੀਂ ਮਿਲਦਾ। ਇਹ ਆਮ ਸ਼ਿਕਾਇਤ ਨੌਕਰੀ ਕਰਨ ਵਾਲਿਆਂ ਅਤੇ ਘਰ ਵਿਚ ਰਹਿਣ ਵਾਲੀਆਂ ਔਰਤਾਂ ਦੀ ਹੁੰਦੀ ਹੈ। ਜੇਕਰ ਸੋਚ ਲਓ ਕਿ ਅਸੀਂ ਸਿਹਤਮੰਦ ਰਹਿਣਾ ਹੈ ਤਾਂ ਸਮਾਂ ਕੱਢਣਾ ਵੀ ਜ਼ਿਆਦਾ ਮੁਸ਼ਕਿਲ ਨਹੀਂ ਹੈ।

ਘੰਟਿਆਂ ਬੱਧੀ ਦਫ਼ਤਰ ਵਿਚ ਬੈਠ ਕੇ ਕੰਮ ਕਰਨ, ਕੋਈ ਵੀ ਸਰੀਰਕ ਕਿਰਿਆ ਨਾ ਕਰਨ ਨਾਲ ਸਾਡੀ ਸਿਹਤ 'ਤੇ ਕਾਫੀ ਅਸਰ ਪੈਂਦਾ ਹੈ। ਆਪਣੀ ਮੇਜ਼-ਕੁਰਸੀ ਦਾ ਸਹਾਰਾ ਲੈ ਕੇ ਅਸੀਂ ਕੁਝ ਆਸਾਨ ਕਸਰਤ ਕਰਕੇ ਆਪਣੇ ਸਰੀਰ ਨੂੰ ਫਿੱਟ ਰੱਖ ਸਕਦੇ ਹਾਂ।

× ਕੁਰਸੀ 'ਤੇ ਬੈਠੇ-ਬੈਠੇ ਦੋਵਾਂ ਨੂੰ ਸਿੱਧਾ ਸਟ੍ਰੇਚ ਕਰੋ, ਫਿਰ ਢਿੱਲਾ ਛੱਡੋ। ਇਸੇ ਤਰ੍ਹਾਂ 5 ਵਾਰ ਇਸ ਕਿਰਿਆ ਨੂੰ ਦੁਹਰਾ ਲਓ।

× ਕੁਰਸੀ 'ਤੇ ਬੈਠੇ ਹੋਏ ਦੋਵਾਂ ਪੈਰਾਂ ਦੀਆਂ ਉਂਗਲੀਆਂ ਖੋਲ੍ਹੋ, ਬੰਦ ਕਰੋ। ਇਸ ਤਰ੍ਹਾਂ 5 ਤੋਂ 10 ਵਾਰ ਕਰੋ। ਅਜਿਹਾ ਕਰਨ ਨਾਲ ਪੈਰਾਂ ਅਤੇ ਉਂਗਲੀਆਂ ਵਿਚ ਖੂਨ ਦਾ ਸੰਚਾਰ ਚੰਗੀ ਤਰ੍ਹਾਂ ਹੋਵੇਗਾ।

× ਕੁਰਸੀ 'ਤੇ ਬੈਠੋ ਫਿਰ ਦੋਵੇਂ ਪੈਰ ਮਿਲਾ ਕੇ ਦੋਵਾਂ ਨੂੰ ਸੱਜੇ ਪਾਸੇ, ਖੱਬੇ ਪਾਸੇ ਲੈ ਜਾਓ। ਉਨ੍ਹਾਂ ਨੂੰ ਗੋਲ-ਗੋਲ ਘੁਮਾਓ, 5 ਵਾਰ ਕਲਾਕ ਵਾਈਜ਼, 5 ਵਾਰ ਐਂਟੀ ਕਲਾਕ ਵਾਈਜ਼। ਗਿੱਟਿਆਂ ਵਿਚ ਖਿਚਾਅ ਮਹਿਸੂਸ ਹੋਵੇਗਾ।

× ਦੋਵਾਂ ਮੋਢਿਆਂ ਨੂੰ ਉੱਪਰ ਚੁੱਕਦੇ ਹੋਏ ਕੰਨਾਂ ਤੱਕ ਲੈ ਜਾਣ ਦੀ ਕੋਸ਼ਿਸ਼ ਕਰੋ, ਵਾਪਸ ਲਿਆਓ। 5 ਵਾਰ ਕਰੋ। ਦੋਵਾਂ ਮੋਢਿਆਂ ਤੋਂ ਬਾਹਾਂ ਨੂੰ ਗੋਲ ਘੁਮਾਓ, ਕਲਾਕ ਵਾਈਜ਼, ਐਂਟੀ ਕਲਾਕ ਵਾਈਜ਼। ਮੋਢੇ ਪ੍ਰਭਾਵਿਤ ਹੋਣਗੇ। ਉਨ੍ਹਾਂ ਵਿਚ ਫਲੈਕਸੀਬਿਲਟੀ ਵਧੇਗੀ।

× ਦੋਵੇਂ ਹੱਥਾਂ ਨੂੰ ਕੁਰਸੀ ਦੇ ਪਿੱਛੇ ਸਿੱਧੇ ਫੈਲਾਉਂਦੇ ਹੋਏ ਛੱਤ ਵੱਲ ਦੇਖੋ, ਰਿਲੈਕਸ ਕਰੋ। ਮੋਢੇ ਪ੍ਰਭਾਵਿਤ ਹੋਣਗੇ।

× ਵਾਰ-ਵਾਰ ਇੰਟਰਕਾਮ 'ਤੇ ਗੱਲ ਕਰਨ ਦੀ ਬਜਾਏ ਵਿਚ-ਵਿਚ ਉੱਠ ਕੇ ਸਹਿਕਰਮੀ ਦੇ ਕੋਲ ਜਾ ਕੇ ਗੱਲਬਾਤ ਕਰੋ।



× ਦਫ਼ਤਰ ਵਿਚ ਪੌੜੀਆਂ ਦੀ ਵਰਤੋਂ ਕਰੋ।

× ਦਫ਼ਤਰ ਵਿਚ ਥੋੜ੍ਹੀ ਦੇਰ ਲਈ ਆਪਣੀ ਸੀਟ 'ਤੇ ਖੜ੍ਹੇ ਹੋ ਕੇ ਕੰਮ ਕਰੋ।

× ਪੈਂਟ੍ਰੀ ਵਿਚ ਖੁਦ ਜਾ ਕੇ ਖਾਣ-ਪੀਣ ਦਾ ਸਾਮਾਨ ਲਿਆਓ।

× ਕੰਪਿਊਟਰ 'ਤੇ ਕੰਮ ਕਰਦੇ ਸਮੇਂ ਬਾਡੀ ਪਾਸ਼ਚਰ 'ਤੇ ਧਿਆਨ ਦਿਓ।

× ਖੱਬੇ ਪੈਰ 'ਤੇ ਸੱਜੇ ਪੈਰ ਨੂੰ ਕ੍ਰਾਸ ਕਰਕੇ ਰੱਖੋ ਅਤੇ ਪਿੱਠ ਨੂੰ ਸੱਜੇ ਪਾਸੇ ਮੋੜਨ ਦੀ ਕੋਸ਼ਿਸ਼ ਕਰੋ। ਇਸੇ ਤਰ੍ਹਾਂ ਇਹੀ ਕਿਰਿਆ ਪੈਰ ਬਦਲ ਕੇ ਕਰੋ।

× ਕੁਰਸੀ 'ਤੇ ਬੈਠੇ ਹੋਏ ਦੋਵੇਂ ਹਥੇਲੀਆਂ ਨੂੰ ਇੰਟਰਲਾਕ ਕਰਕੇ ਸਿਰ 'ਤੇ ਰੱਖੋ, ਫਿਰ ਸੱਜੇ ਪਾਸੇ ਕਮਰ ਤੋਂ ਝੁਕੋ। ਇਸੇ ਤਰ੍ਹਾਂ ਖੱਬੇ ਪਾਸੇ ਥੋੜ੍ਹਾ ਝੁਕੋ। 3-4 ਵਾਰ ਇਸ ਨੂੰ ਦੁਹਰਾਓ।

# ਸਿਹਤ ਲਈ ਖ਼ਤਰਨਾਕ ਹੈ ਕੁਦਰਤ ਨਾਲ ਖਿਲਵਾੜ

ਦੀਪਕ ਲਾਲਵਾਨੀ

ਮਾਨਵਤਾ ਅਤੇ ਵਾਤਾਵਰਨ ਨਾਲ ਲਗਾਤਾਰ ਕੀਤੇ ਜਾ ਰਹੇ ਖਿਲਵਾੜ ਦੇ ਦੌਰ ਵਿਚ ਜੇ ਮਨੁੱਖ ਇਸ ਮਹੱਤਵ ਨੂੰ ਨਹੀਂ ਸਮਝ ਸਕਿਆ ਤਾਂ ਮਹਾਂਵਿਨਾਸ਼ ਨਿਸਚਿਤ ਸਮਝੋ। ਮਨੁੱਖੀ ਸਮਾਜ ਇਸ ਸਮੇਂ ਇਕ ਅਜਿਹੇ ਚੌਰਾਹੇ 'ਤੇ ਖੜ੍ਹਾ ਹੈ, ਜਿਥੇ ਉਸ ਨੇ ਤੈਅ ਕਰਨਾ ਹੈ ਕਿ ਧਾਰਮਿਕ ਕੱਟੜਤਾ, ਸਾਮਵਾਦੀ ਜਨੂੰਨ ਅਤੇ ਪੂੰਜੀਪਤੀਆਂ ਦੇ ਸ਼ੋਸ਼ਣ ਦੇ ਰਾਹ 'ਤੇ ਹੀ ਚਲਦੇ ਰਹਿਣਾ ਹੈ ਜਾਂ ਫਿਰ ਅਜਿਹਾ ਰਾਹ ਤਲਾਸ਼ ਕਰਨਾ ਹੈ ਜੋ ਮਨੁੱਖੀ ਜੀਵਨ ਅਤੇ ਵਾਤਾਵਰਨ ਨੂੰ ਤੰਦਰੁਸਤ, ਸੁੰਦਰ ਅਤੇ ਖੁਸ਼ਹਾਲ ਬਣਾਵੇ। ਜੋ ਲੋਕ ਇਹ ਸੋਚਦੇ ਹਨ ਕਿ ਅਸੀਂ ਦੂਜਿਆਂ ਦੀ ਹੋਂਦ ਮਿਟਾ ਕੇ ਹੀ ਸੁਖੀ ਰਹਿ ਸਕਦੇ ਹਾਂ ਜਾਂ ਆਪਣੀ ਸੱਤਾ ਕਾਇਮ ਕਰ ਸਕਦੇ ਹਾਂ, ਉਹ ਜ਼ਰਾ ਇਤਿਹਾਸ ਵਿਚ ਝਾਕ ਕੇ ਦੇਖਣ। ਹਿੰਸਕ ਸਮਾਜ ਆਪਣੀ ਹੋਂਦ ਖੁਦ ਖੋ ਬੈਠਦਾ ਹੈ। ਜਦੋਂ ਕਿ ਨਹੀਂ ਰਹੇਗਾ ਤਾਂ ਦੂਜਾ ਵੀ ਨਹੀਂ ਰਹੇਗਾ। ਸਾਰੇ ਇਕ-ਦੂਜੇ ਨਾਲ ਜੁੜੇ ਹਨ। ਧਰਤੀ 'ਤੇ ਰੁੱਖ ਨਹੀਂ ਰਹਿਣਗੇ ਤਾਂ ਬਾਕੀ ਹੋਰ ਕਿਸੇ ਦੇ ਬਚਣ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਅੱਜ ਹਾਲਾਤ ਇਹ ਹਨ ਕਿ ਮਨੁੱਖ ਹਰ ਤਰੀਕੇ ਨਾਲ ਵਾਤਾਵਰਨ ਨੂੰ ਨੁਕਸਾਨ ਪਹੁੰਚਾ ਕੇ ਇਹ ਸਮਝਦਾ ਹੈ ਕਿ ਉਹ ਬਚ ਜਾਵੇਗਾ। ਪਰ ਇਹ ਉਸ ਦੀ ਭੁੱਲ ਹੈ।

ਛੋਟੀਆਂ-ਮੋਟੀਆਂ ਬਿਮਾਰੀਆਂ ਦੀ ਇਕ ਪ੍ਰਮੁੱਖ ਵਜ੍ਹਾ ਹੈ ਹਰ ਪਾਸੇ ਫੈਲੀ ਗੰਦਗੀ, ਵਧਦਾ ਹੋਇਆ ਪ੍ਰਦੂਸ਼ਣ, ਦੂਸ਼ਿਤ ਪਾਣੀ ਅਤੇ ਘਟੀਆ ਪੱਧਰ ਦੀ ਖਾਧ ਸਮੱਗਰੀ ਦੀ ਖੁੱਲ੍ਹੇਆਮ ਵਿਕਰੀ। ਜਨਤਕ ਸਥਾਨਾਂ 'ਤੇ ਸਾਫ਼-ਸਫ਼ਾਈ ਦੀ ਲੋੜੀਂਦੀ ਵਿਵਸਥਾ ਦਾ ਨਾ ਹੋਣਾ ਵੀ



ਬਦਕਿਸਮਤੀ ਹੀ ਕਹੀ ਜਾ ਸਕਦੀ ਹੈ। ਵਾਤਾਵਰਨ ਅਤੇ ਕੁਦਰਤ ਦੇ ਨਾਲ ਖਿਲਵਾੜ ਸਮਝਦਾਰੀ ਨਹੀਂ ਹੈ। ਦਿਨ ਅਤੇ ਰਾਤ ਦੀਆਂ ਕਿਰਿਆਵਾਂ ਦਾ ਕੁਦਰਤ ਦੇ ਨਾਲ ਸਿੱਧਾ ਸਬੰਧ ਹੈ ਪਰ ਅੱਜਕਲ੍ਹ ਇਨ੍ਹਾਂ ਸਬੰਧਾਂ ਵਿਚ ਕਠੋਰਤਾ ਪੈਦਾ ਹੋ ਰਹੀ ਹੈ। ਵੱਡੇ-ਬਜ਼ੁਰਗ ਹੀ ਜਦੋਂ ਜੀਵਨ ਸ਼ੈਲੀ ਵਿਚ ਆਏ ਬਦਲਾਵਾਂ ਤੋਂ ਬੇਫਿਕਰ ਹੋ ਜਾਣ ਤਾਂ ਇਸ ਦਾ ਖਮਿਆਜ਼ਾ ਨਵੀਂ ਪੀੜ੍ਹੀ ਨੂੰ ਤਾਂ ਭੁਗਤਣਾ ਹੀ ਪਵੇਗਾ। ਕਈ ਫੈਕਟਰੀਆਂ ਦੀਆਂ ਚਿਮਨੀਆਂ ਜ਼ਹਿਰੀਲਾ ਧੂੰਆਂ ਛੱਡਦੀਆਂ ਰਹਿੰਦੀਆਂ ਹਨ, ਜਿਸ ਨਾਲ ਵਾਤਾਵਰਨ ਦਾ ਮਜ਼ਾਕ ਵੀ ਉਡਦਾ ਰਹਿੰਦਾ ਹੈ। ਚਿਮਨੀਆਂ ਵਿਚੋਂ ਨਿਕਲਣ ਵਾਲਾ ਜ਼ਹਿਰੀਲਾ ਧੂੰਆਂ ਅਤੇ ਪ੍ਰਦੂਸ਼ਤ ਪਾਣੀ ਨਦੀਆਂ ਅਤੇ ਨਾਲਿਆਂ ਵਿਚ ਵਹਾ ਦਿੱਤਾ ਜਾਂਦਾ ਹੈ, ਜਿਸ ਕਾਰਨ ਨਦੀਆਂ ਅਤੇ ਨਾਲਿਆਂ ਦੇ ਆਸ-ਪਾਸ ਦੇ ਖੇਤਰ ਵੀ ਪ੍ਰਦੂਸ਼ਿਤ ਹੁੰਦੇ ਜਾ ਰਹੇ ਹਨ।

ਵਾਤਾਵਰਨ ਦੇ ਨਾਲ ਹੋ ਰਿਹਾ ਇਹ ਖਿਲਵਾੜ ਕਰੋੜਾਂ ਲੋਕਾਂ ਲਈ ਖ਼ਤਰੇ ਦੀ ਘੰਟੀ ਹੈ। ਤੇਜ਼ੀ ਦੇ ਵਿਕਾਸ ਦੇ ਨਾਂਅ 'ਤੇ ਕਈ ਵਿਦੇਸ਼ੀ ਕੰਪਨੀਆਂ ਨੂੰ ਭਾਰਤ ਵਿਚ ਆਉਣ ਦੀ ਖੁੱਲ੍ਹ ਦੇ ਰੱਖੀ ਹੈ। ਇਥੇ ਬੇਰੁਜ਼ਗਾਰੀ ਦੇ ਨਾਂਅ ਦਾ ਡੰਕਾ ਵਜਾ ਕੇ ਵਿਦੇਸ਼ੀ ਕੰਪਨੀਆਂ ਨੂੰ ਖੁੱਲ੍ਹੀ ਛੁੱਟੀ ਦੇ ਕੇ ਧੜੱਲੇ ਨਾਲ ਜੰਗਲਾਂ ਦੀ ਕਟਾਈ ਕਰਕੇ ਆਪਣੇ ਕਾਰਖਾਨੇ ਖੋਲ੍ਹ ਰਹੇ ਹਨ। 'ਭਾੜ ਮੇਂ ਜਾਏ ਜਨਤਾ, ਅਪਨਾ ਕਾਮ ਬਨਤਾ' ਕਹਾਵਤ ਨੂੰ ਚਰਿਤਾਰਥ ਕਰਕੇ ਵਿਦੇਸ਼ੀ ਕੰਪਨੀਆਂ ਇਥੋਂ ਧੰਨ ਕਮਾ ਕੇ ਆਪਣੇ ਦੇਸ਼ਾਂ ਵਿਚ ਲਿਜਾ ਕੇ ਜਮ੍ਹਾਂ ਕਰ ਰਹੀਆਂ ਹਨ ਅਤੇ ਆਮ ਆਦਮੀ ਦੀ ਸਿਹਤ ਨਾਲ ਖਿਲਵਾੜ ਕਰਕੇ ਵਾਤਾਵਰਨ ਲਈ ਖ਼ਤਰਾ ਪੈਦਾ ਕਰ ਰਹੀਆਂ ਹਨ, ਜਿਸ ਦਾ ਖਮਿਆਜ਼ਾ ਆਉਣ ਵਾਲੇ ਦਿਨਾਂ ਵਿਚ ਭਾਰਤ ਵਾਸੀਆਂ ਨੂੰ ਹੀ ਭੁਗਤਣਾ ਪਵੇਗਾ।

# ਪਹਿਲਾਂ ਖਾਈ ਜਾਓ, ਫਿਰ ਪਛਤਾਈ ਜਾਓ

ਸੀਤੇਸ਼ ਕੁਮਾਰ



ਡਟ ਕੇ ਖਾਣ-ਪੀਣ ਦੀ ਪਰੰਪਰਾ ਜਿਹੀ ਚੱਲ ਪਈ ਹੈ। ਛੋਟੀ-ਵੱਡੀ ਸਫਲਤਾ ਮਿਲਣ ਅਤੇ ਖੁਸ਼ੀ ਹੋਣ 'ਤੇ ਲੋਕ ਖਾਣ ਅਤੇ ਖਵਾਉਣ ਲਈ ਤਿਆਰ ਮਿਲ ਜਾਂਦੇ ਹਨ। ਭੁੱਖ ਨਹੀਂ, ਭੁੱਖੇ ਨਹੀਂ, ਫਿਰ ਵੀ ਲੋਕ ਡਟ ਕੇ ਖਾਣੇ ਲਈ ਤਿਆਰ ਰਹਿੰਦੇ ਹਨ। ਪਾਰਟੀਆਂ ਦੇਣਾ, ਲੈਣਾ ਆਮ ਹੋ ਗਿਆ ਹੈ। ਖਾਈ ਜਾਓ, ਖਾਈ ਜਾਓ ਦਾ ਖ਼ਤਰਨਾਕ ਰਿਵਾਜ ਵਧ ਰਿਹਾ ਹੈ। ਲੋਕ ਬੇਪ੍ਰਵਾਹ ਹੋ ਕੇ ਭੋਜਨ ਕਰਨ ਲਈ ਤਤਪਰ ਰਹਿੰਦੇ ਹਨ।

ਪਾਰਟੀਆਂ ਵਗੈਰਾ ਵਿਚ ਲੋਕ ਡਟ ਕੇ ਖਾ ਰਹੇ ਹਨ। ਬੇਮੇਲ ਅਤੇ ਬੇਵਜ੍ਹਾ ਭੋਜਨ ਕਰ ਰਹੇ ਹਨ। ਘਰਾਂ ਵਿਚ ਟੀ. ਵੀ. ਦੇਖਦੇ ਸਮੇਂ ਖਾਣ ਦੀ ਆਦਤ ਪੈ ਗਈ ਹੈ। ਖਾਣੇ ਦਾ ਉਲਟਾ ਜਿਹਾ ਰਿਵਾਜ ਚੱਲਣ ਲੱਗਾ ਹੈ। ਰਾਤ ਨੂੰ ਜਦੋਂ ਦਿਨ ਦੇ ਮੁਕਾਬਲੇ ਘੱਟ ਖਾਣਾ ਚਾਹੀਦਾ ਹੈ, ਉਦੋਂ ਹੀ ਲੋਕ ਪਾਰਟੀ, ਸਮਾਗਮ ਵਿਚ ਜਾਂ ਟੀ. ਵੀ. ਦੇ ਸਾਹਮਣੇ ਡਟ ਕੇ ਜਾਂ ਤੁੰਨ-ਤੁੰਨ ਕੇ ਖਾ ਰਹੇ ਹੁੰਦੇ ਹਨ। ਇਸ ਤਰ੍ਹਾਂ ਵਾਧੂ ਖਾਣ ਨਾਲ ਮੋਟਾਪਾ ਅਤੇ ਬਿਮਾਰੀਆਂ ਦੀਆਂ ਸਮੱਸਿਆਵਾਂ ਵਧ ਰਹੀਆਂ ਹਨ। ਆਧੁਨਿਕ ਆਜੀਵਿਕਾ ਅਤੇ ਦੌੜ-ਭੱਜ ਵਾਲੀ ਜੀਵਨ ਸ਼ੈਲੀ ਨੇ ਖਾਣ-ਪੀਣ ਦੇ ਤਰੀਕੇ ਅਤੇ ਸਮੇਂ ਨੂੰ ਬਦਲ ਦਿੱਤਾ ਹੈ, ਜੋ ਅਜਿਹੀਆਂ ਮੁਸੀਬਤਾਂ ਨੂੰ ਵਧਾਉਣ ਵਿਚ ਸਹਾਇਕ ਸਿੱਧ ਹੋ ਰਿਹਾ ਹੈ।

**ਬੇਪ੍ਰਵਾਹ ਖਾਣ-ਪੀਣ :** ਪਾਰਟੀ, ਸਮਾਗਮ ਜਾਂ ਟੀ. ਵੀ. ਦੇ ਸਾਹਮਣੇ ਖਾਣ ਦੇ ਕਾਰਨ ਸਾਡਾ ਧਿਆਨ ਵੀ ਪਾਰਟੀ, ਸਮਾਗਮ ਜਾਂ ਟੀ. ਵੀ. ਵੱਲ ਹੁੰਦਾ ਹੈ ਅਤੇ ਅਸੀਂ ਬੇਧਿਆਨੀ ਵਿਚ ਖਾਂਦੇ ਰਹਿੰਦੇ ਹਾਂ। ਕਿਹੋ ਜਿਹਾ ਖਾ ਰਹੇ ਹਾਂ ? ਕਿੰਨਾ ਖਾ ਰਹੇ ਹਾਂ ? ਜਾਂ ਕਿਸ ਦੇ ਨਾਲ ਕੀ ਖਾ ਰਹੇ ਹਾਂ ? ਇਹ ਸਭ ਭੁੱਲ ਜਾਂਦੇ ਹਾਂ। ਸਵਾਦ ਜਾਂ ਖਾਣੇ ਦੇ ਸੱਦੇ ਅਤੇ ਖਾਣੇ ਦੀਆਂ ਚੀਜ਼ਾਂ ਨੂੰ ਦੇਖ ਕੇ ਅਸੀਂ ਇਸ ਅਧੀਨ ਹੋ ਕੇ ਸਭ ਕੁਝ ਖਾਣੇ 'ਤੇ ਟੁੱਟ ਪੈਂਦੇ ਹਾਂ। ਅਜਿਹੇ ਵਿਚ ਲੋਕ ਲੋੜ ਤੋਂ ਜ਼ਿਆਦਾ ਖਾਂਦੇ ਹਨ।

**ਬੇਮੇਲ ਖਾਣ-ਪੀਣ :** ਪਾਰਟੀਆਂ ਵਗੈਰਾ 'ਚ ਅਸੀਂ ਕੀ ਖਾਂਦੇ ਹਾਂ, ਕਿਸ ਦੇ ਨਾਲ ਜਾਂ ਕਿਸ ਤੋਂ ਬਾਅਦ ਕੀ ਖਾਣਾ ਚਾਹੀਦਾ ਜਾਂ ਕੀ ਨਹੀਂ ਖਾਣਾ ਚਾਹੀਦਾ, ਇਹ ਅਸੀਂ ਭੁੱਲ ਜਾਂਦੇ ਹਾਂ। ਨਤੀਜੇ ਵਜੋਂ ਸਭ ਕੁਝ ਬੇਮੇਲ ਹੋ ਜਾਂਦਾ ਹੈ। ਖਾਣ ਵਾਲੇ ਨੂੰ ਖਾਣੇ ਦੇ ਸਵਾਦ ਦਾ ਜਾਂ ਉਸ ਤੋਂ ਤ੍ਰਿਪਤੀ ਦਾ ਮਜ਼ਾ ਜ਼ਰੂਰ ਆਉਂਦਾ ਹੈ ਪਰ ਸਨੈਕਸ, ਖਾਣਾ, ਕੌਫੀ, ਕੋਲਡ ਡ੍ਰਿੰਕਸ, ਆਈਸਕ੍ਰੀਮ, ਸਭ ਚੀਜ਼ਾਂ ਪੇਟ ਵਿਚ ਇਕੱਠੀਆਂ ਮਿਲ ਕੇ ਜਦੋਂ ਬਖੇੜਾ ਖੜ੍ਹਾ ਕਰਦੀਆਂ ਹਨ ਤਾਂ ਉਦੋਂ ਸਾਨੂੰ ਬਾਅਦ ਵਿਚ ਹੋਸ਼ ਆਉਂਦੀ ਹੈ ਅਤੇ ਗੜਬੜੀ ਦਾ ਪਤਾ ਲਗਦਾ ਹੈ।

**ਖਾਈ ਜਾਓ ਦਾ ਖਮਿਆਜ਼ਾ :** ਖਾਈ ਜਾਓ ਦੀ ਸੋਚ ਦਾ ਮਾੜਾ ਨਤੀਜਾ ਖਾਣ ਵਾਲੇ ਨੂੰ ਖਾਣੇ ਤੋਂ ਬਾਅਦ ਹੀ ਪਤਾ ਲਗਦਾ ਹੈ। ਪਾਰਟੀ ਜਾਂ ਸਮਾਗਮ ਵਿਚ ਲੋਕ ਸਨੈਕਸ ਅਤੇ ਭੋਜਨ ਵਾਲੀਆਂ ਚੀਜ਼ਾਂ ਇਕੱਠੀਆਂ ਹੀ ਖਾ ਜਾਂਦੇ ਹਨ। ਕੋਲਡ ਡ੍ਰਿੰਕਸ, ਆਈਸਕ੍ਰੀਮ, ਚਾਹ, ਕੌਫੀ ਸਭ ਡਕਾਰ ਜਾਂਦੇ ਹਨ। ਇਹ ਕਬਜ਼, ਅਪਚ, ਪੇਟ ਦਰਦ, ਅਮਲਤਾ, ਪੇਟ ਵਿਚ ਜਲਣ, ਮੋਟਾਪਾ, ਦਿਲ ਦੇ ਰੋਗ ਅਤੇ ਨਾਲ ਹੀ ਹੋਰ ਰੋਗਾਂ ਦਾ ਕਾਰਨ ਬਣਦਾ ਹੈ।

ਖਾਈ ਜਾਓ, ਖਾਈ ਜਾਓ ਤੋਂ ਬਾਅਦ ਪਛਤਾਈ ਜਾਓ ਦੀ ਸਥਿਤੀ ਪੈਦਾ ਹੁੰਦੀ ਹੈ। ਇਸ ਖਾਈ ਜਾਓ ਦੇ ਕੁਝ ਮਾੜੇ ਨਤੀਜੇ ਛੇਤੀ ਪਤਾ ਲੱਗ ਜਾਂਦੇ ਹਨ ਅਤੇ ਕੁਝ ਬਾਅਦ ਵਿਚ ਪਤਾ ਲੱਗਦੇ ਹਨ। ਪਹਿਲਾਂ-ਪਹਿਲ ਤਾਂ ਸਰੀਰ ਬਹੁਤ ਕੁਝ ਝੱਲ ਜਾਂਦਾ ਹੈ, ਟਾਲ ਜਾਂਦਾ ਹੈ, ਫਿਰ ਬਾਅਦ ਵਿਚ ਜਦੋਂ ਵੱਡੀਆਂ ਪ੍ਰੇਸ਼ਾਨੀਆਂ ਸਾਹਮਣੇ ਆਉਂਦੀਆਂ ਹਨ ਤਾਂ ਅਸੀਂ ਸਮਝਦੇ ਹਾਂ ਅਤੇ ਜਾਗਦੇ ਹਾਂ। ਉਦੋਂ ਤੱਕ ਕੁਝ ਬਿਮਾਰੀਆਂ ਨੂੰ ਸਰੀਰ ਵਿਚ ਘਰ ਬਣਾਉਣ ਦਾ ਮੌਕਾ ਮਿਲ ਚੁੱਕਾ ਹੁੰਦਾ ਹੈ।

**ਨਤੀਜਾ, ਹੱਲ ਅਤੇ ਸਾਵਧਾਨੀਆਂ :** ਤੁਸੀਂ ਪਾਰਟੀ ਵਿਚ ਸ਼ਾਮਿਲ ਜ਼ਰੂਰ ਹੋਵੋ ਪਰ ਪੂਰੀ ਪਾਰਟੀ ਜਾਂ ਸਮੂਹ ਭੋਜਨ ਦੇ ਦੌਰਾਨ ਤੁਸੀਂ ਹੋਸ਼ ਬਣਾਈ ਰੱਖੋ। ਖਾਣੇ ਦੇ ਸੱਦੇ ਅਤੇ ਪੇਸ਼ ਕੀਤੀਆਂ ਗਈਆਂ ਚੀਜ਼ਾਂ 'ਤੇ ਵਿਵੇਕਪੂਰਨ ਫੈਸਲਾ ਲਓ। ਮੇਜ਼ 'ਤੇ ਰੱਖੀਆਂ ਗਈਆਂ ਜਾਂ ਪਾਰਟੀ ਵਿਚ ਪਰੋਸੀਆਂ ਗਈਆਂ ਖਾਣ-ਪੀਣ ਦੀਆਂ ਚੀਜ਼ਾਂ ਨੂੰ ਪਹਿਲਾਂ ਦੇਖੋ, ਫਿਰ ਤੈਅ ਕਰੋ ਕਿ ਸਵਾਦ ਲਈ ਖਾਓਗੇ ਜਾਂ ਸਿਹਤ ਲਈ।

ਹਮੇਸ਼ਾ ਪਲੇਟ ਛੋਟੀ ਲਓ। ਚਮਚ ਛੋਟਾ ਲਓ। ਪਲੇਟ ਵਿਚ ਘੱਟ ਮਾਤਰਾ ਵਿਚ ਆਪਣੇ ਸਵਾਦ ਵਾਲੀ ਚੀਜ਼ਾਂ ਜਾਂ ਸਿਹਤ ਵਾਲੀ ਚੀਜ਼ ਰੱਖੋ ਅਤੇ ਉਸ ਨੂੰ ਚਮਚ ਨਾਲ ਥੋੜ੍ਹਾ-ਥੋੜ੍ਹਾ ਕਰਕੇ ਆਰਾਮ ਨਾਲ ਖਾਓ। ਜੇ ਸੂਪ ਹੈ ਤਾਂ ਉਸ ਨੂੰ ਖਾਣੇ ਤੋਂ ਪਹਿਲਾਂ ਇਕ ਕਟੋਰੀ ਜਾਂ ਕੱਪ ਸੂਪ ਲੈ ਲਓ। ਫਿਰ ਕੁਝ ਦੇਰ ਦੇ ਫਰਕ ਨਾਲ ਆਪਣੀ ਮਨਪਸੰਦ ਜਾਂ ਸਿਹਤਮੰਦ ਚੀਜ਼ ਘੱਟ ਮਾਤਰਾ ਵਿਚ ਪਲੇਟ ਵਿਚ ਰੱਖ ਕੇ ਚਮਚ ਨਾਲ ਥੋੜ੍ਹਾ-ਥੋੜ੍ਹਾ ਕਰਕੇ ਖਾਓ। ਅਜਿਹਾ ਕਰੋਗੇ ਤਾਂ ਸਵਾਦ ਵਾਲੀਆਂ ਚੀਜ਼ਾਂ ਨਾਲ ਤੁਸੀਂ ਛੇਤੀ ਸੰਤੁਸ਼ਟ ਹੋ ਜਾਓਗੇ ਅਤੇ ਜ਼ਿਆਦਾ ਖਾਣੇ ਤੋਂ ਬਚ ਜਾਓਗੇ। ਸਿਹਤ ਲਈ ਸਲਾਦ, ਫਲ, ਜੂਸ 'ਤੇ ਧਿਆਨ ਦਿਓ। ਪੁੰਗਰੀਆਂ ਚੀਜ਼ਾਂ ਹਨ ਤਾਂ ਉਨ੍ਹਾਂ ਨੂੰ ਲਓ ਪਰ ਆਰਾਮ ਨਾਲ ਥੋੜ੍ਹਾ-ਥੋੜ੍ਹਾ ਖਾਓ। ਖਾਣਾ ਕੁਝ ਵੀ ਖਾਓ ਪਰ ਅਖੀਰ ਵਿਚ ਚਾਹ, ਕੌਫੀ, ਕੋਲਡ ਡ੍ਰਿੰਕਸ ਜਾਂ ਆਈਸਕ੍ਰੀਮ ਕਦੇ ਨਾ ਲਓ। ਜੋ ਵੀ ਲੈਣ ਦੀ ਇੱਛਾ ਹੋਵੇ, ਘੱਟ ਮਾਤਰਾ ਵਿਚ ਲਓ ਅਤੇ ਬੜੇ ਆਰਾਮ ਨਾਲ ਫੁਰਸਤੀਆ ਅੰਦਾਜ਼ ਵਿਚ ਖਾਓ। ਖਾਂਦੇ ਸਮੇਂ ਗੱਲਾਂ ਘੱਟ ਕਰੋ। ਹਮੇਸ਼ਾ ਘੱਟ ਮਾਤਰਾ ਵਿਚ ਪੋਸ਼ਕ ਚੀਜ਼ਾਂ ਖਾਓ। ਤੇਜ਼ ਮਸਾਲਾ, ਗ੍ਰੇਵੀ, ਕੋਲਡ ਡ੍ਰਿੰਕਸ, ਆਈਸਕ੍ਰੀਮ ਤੋਂ ਤੌਬਾ ਕਰੋ ਜਾਂ ਘੱਟ ਮਾਤਰਾ ਵਿਚ ਲਓ। ਕਿਸੇ ਦੇ ਕਹਿਣ 'ਤੇ ਵਿਵੇਕਪੂਰਨ ਫੈਸਲਾ ਲਓ। ਸਿਹਤ ਦੀ ਕੁੰਜੀ ਤੁਹਾਡੇ ਆਪਣੇ ਹੱਥ ਵਿਚ ਹੈ।

# ਚਿੱਟੀ ਮੱਖੀ ਦੀ ਰੋਕਥਾਮ ਲਈ ਖੇਤੀ ਯੂਨੀਵਰਸਿਟੀ ਵੱਲੋਂ ਕੀਤੇ ਉਪਰਾਲੇ



ਕਿਸਾਨ ਵੀਰੋ, ਜਿਵੇਂ ਕਿ ਤੁਸੀਂ ਜਾਣਦੇ ਹੋ ਕਿ ਸਾਲ 2016 ਦੌਰਾਨ ਸਾਇੰਸਦਾਨਾਂ, ਖੇਤੀਬਾੜੀ ਮਾਹਿਰਾਂ ਅਤੇ ਤੁਹਾਡੇ ਸਹਿਯੋਗ ਨਾਲ ਚਿੱਟੀ ਮੱਖੀ 'ਤੇ ਕਾਬੂ ਪਾਇਆ ਗਿਆ। ਜਿਸ ਦੇ ਨਤੀਜੇ ਵਜੋਂ ਪਿਛਲੇ ਸਾਲ ਨਰਮੇ ਦੀ ਰਿਕਾਰਡ ਪੈਦਾਵਾਰ 756 ਕਿੱਲੋ ਪ੍ਰਤੀ ਹੈਕਟੇਅਰ ਹੋਈ। ਪਿਛਲੇ ਸਾਲ ਦੀ ਤਰ੍ਹਾਂ ਇਸ ਸਾਲ ਵੀ ਪੰਜਾਬ ਸਰਕਾਰ ਵੱਲੋਂ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੇ ਵਾਈਸ ਚਾਂਸਲਰ, ਡਾ: ਬੀ. ਐਸ. ਢਿੱਲੋਂ ਦੀ ਅਗਵਾਈ ਹੇਠ ਤਿੰਨ ਰਾਜਾਂ ਪੰਜਾਬ, ਹਰਿਆਣਾ ਅਤੇ ਰਾਜਸਥਾਨ ਦੀ ਅੰਤਰਰਾਜੀ ਕਮੇਟੀ ਦਾ ਗਠਨ ਹੋਇਆ ਹੈ। ਇਹ ਕਮੇਟੀ ਨਰਮਾ ਪੱਟੀ ਦੇ ਵੱਖ-ਵੱਖ ਜ਼ਿਲ੍ਹਿਆਂ ਵਿਚ ਚਿੱਟੀ ਮੱਖੀ ਦੇ ਸੰਭਾਵਿਤ ਹਮਲੇ ਸਬੰਧੀ ਨਰਮੇ ਦੀ ਫ਼ਸਲ ਦਾ ਅਧਿਐਨ ਕਰਦੀ ਹੈ ਅਤੇ ਲੋੜ ਮੁਤਾਬਕ ਚਿੱਟੀ ਮੱਖੀ ਦੀ ਰੋਕਥਾਮ ਲਈ ਕਾਰਜ-ਨੀਤੀ ਉਲੀਕਦੀ ਹੈ। ਹੁਣ ਤੱਕ ਇਸ ਕਮੇਟੀ ਦੁਆਰਾ ਨਰਮਾ ਪੱਟੀ ਵਿਚ ਪੰਜ ਮੀਟਿੰਗਾਂ ਹੋ ਚੁੱਕੀਆਂ ਹਨ ਅਤੇ ਛੇਵੀਂ ਮੀਟਿੰਗ ਬਠਿੰਡਾ ਵਿਖੇ 12 ਅਗਸਤ, 2017 ਨੂੰ ਹੋ ਗਈ ਹੈ। ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵਲੋਂ ਫਰਵਰੀ ਮਹੀਨੇ ਤੋਂ ਨਰਮਾ ਪੱਟੀ ਦੇ ਵੱਖ-ਵੱਖ ਜ਼ਿਲ੍ਹਿਆਂ ਵਿਚ ਚਿੱਟੀ ਮੱਖੀ ਦੇ ਮੇਜ਼ਬਾਨ ਨਦੀਨ ਜਿਵੇਂ ਕਿ ਪੀਲੀ ਬੂਟੀ, ਕੰਘੀ ਬੂਟੀ, ਪੁੱਠ ਕੰਡਾ, ਧਤੂਰਾ, ਕਾਂਗਰਸ ਘਾਹ, ਜੰਗਲੀ ਸੂਰਜਮੁਖੀ ਅਤੇ ਹੋਰ ਫ਼ਸਲਾਂ ਜਿਵੇਂ ਕਿ ਬੈਂਗਣ, ਕੱਦੂ ਜਾਤੀ ਦੀਆਂ ਫ਼ਸਲਾਂ (ਖੀਰਾ, ਤਰ, ਵੰਗਾਂ, ਕੱਦੂ), ਮੂੰਗੀ, ਮਾਂਹ, ਭਿੰਡੀ, ਮਿਰਚਾਂ, ਟਮਾਟਰ ਦਾ ਲਗਾਤਾਰ ਸਰਵੇਖਣ ਕੀਤਾ ਜਾ ਰਿਹਾ ਹੈ। ਮਾਰਚ-ਅਪ੍ਰੈਲ ਮਹੀਨੇ ਦੌਰਾਨ ਜੰਗੀ ਪੱਧਰ 'ਤੇ ਮਹਿਕਮਾ ਖੇਤੀਬਾੜੀ ਵੱਲੋਂ ਚਿੱਟੀ ਮੱਖੀ ਦੇ ਮੇਜ਼ਬਾਨ ਪੌਦਿਆਂ ਦਾ ਪਿੰਡ ਪੱਧਰ 'ਤੇ ਖਾਤਮਾ ਕਰਵਾਇਆ ਗਿਆ। ਮਾਰਚ ਮਹੀਨੇ ਦੌਰਾਨ ਯੂਨੀਵਰਸਿਟੀ ਵੱਲੋਂ ਬੀ. ਟੀ. ਨਰਮੇ ਦੀਆਂ 45 ਕਿਸਮਾਂ ਦੀ ਸਿਫਾਰਸ਼ ਕੀਤੀ ਗਈ। ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵਲੋਂ ਕਿਸਾਨਾਂ ਦੀ ਜਾਣਕਾਰੀ ਲਈ ਨਰਮੇ ਦੀ ਸੁਚੱਜੀ ਕਾਸ਼ਤ ਸਬੰਧੀ ਜ਼ਰੂਰੀ ਨੁਕਤਿਆਂ ਦਾ ਪਰਚਾ ਤਿਆਰ ਕੀਤਾ ਗਿਆ ਜੋ ਕਿ ਵੱਖ-ਵੱਖ ਟ੍ਰੇਨਿੰਗ ਕੈਂਪਾਂ ਅਤੇ ਕਿਸਾਨ ਮੇਲਿਆਂ ਦੌਰਾਨ ਕਿਸਾਨਾਂ ਵਿਚ ਵੰਡਿਆ ਗਿਆ। ਇਸ ਤੋਂ ਇਲਾਵਾ ਨਰਮਾ-ਕਣਕ ਫ਼ਸਲੀ ਚੱਕਰ ਦਾ ਕੈਲੰਡਰ ਵੀ ਤਿਆਰ ਕੀਤਾ ਗਿਆ, ਜਿਸ ਵਿਚ ਵੱਖ-ਵੱਖ ਮਹੀਨਿਆਂ ਵਿਚ ਹੋਣ ਵਾਲੇ ਖੇਤੀ ਕੰਮਾਂ ਦੀ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਗਈ ਹੈ। ਕਿਸਾਨਾਂ ਦੀ ਮਦਦ ਲਈ ਯੂਨੀਵਰਸਿਟੀ ਵੱਲੋਂ ਚਿੱਟੀ ਮੱਖੀ ਅਤੇ ਹੋਰ ਕੀੜਿਆਂ ਦੀ ਰੋਕਥਾਮ ਲਈ ਸਿਫਾਰਸ਼ ਕੀਟਨਾਸ਼ਕਾਂ ਦਾ ਚਾਰਟ ਤਿਆਰ ਕੀਤਾ ਗਿਆ, ਜਿਸ ਨੂੰ ਖੇਤੀਬਾੜੀ ਵਿਭਾਗ ਦੁਆਰਾ ਦਵਾਈ ਵਿਕਰੇਤਾਵਾਂ ਦੀਆਂ ਦੁਕਾਨਾਂ 'ਤੇ ਲਗਾਇਆ ਗਿਆ ਤਾਂ ਜੋ ਕਿਸਾਨ ਉਸ ਨੂੰ ਪੜ੍ਹ ਕੇ ਸਿਫਾਰਸ਼ ਕੀਟਨਾਸ਼ਕ ਖਰੀਦ ਸਕਣ। ਇਸ ਤੋਂ ਇਲਾਵਾ ਸਕਾਊਟਾਂ ਅਤੇ ਕੀਟਨਾਸ਼ਕ ਵੇਚਣ ਵਾਲੇ ਡੀਲਰਾਂ ਨੂੰ ਨਰਮਾ ਪੱਟੀ ਦੇ ਕ੍ਰਿਸ਼ੀ ਵਿਗਿਆਨ ਕੇਂਦਰਾਂ ਵਿਖੇ ਟ੍ਰੇਨਿੰਗ ਦਿੱਤੀ ਗਈ ਤਾਂ ਜੋ ਉਹ ਆਪਣੇ ਪਿੰਡਾਂ ਵਿਚ ਜਾ ਕੇ ਲੋਕਾਂ ਨੂੰ ਲੋੜੀਂਦੀ ਜਾਣਕਾਰੀ ਦੇ ਸਕਣ। ਰੇਡੀਓ, ਦੂਰਦਰਸ਼ਨ, ਨਿੱਜੀ ਚੈਨਲ ਅਤੇ ਅਖਬਾਰਾਂ ਰਾਹੀਂ ਵੀ ਕਿਸਾਨਾਂ ਨੂੰ ਚਿੱਟੀ ਮੱਖੀ ਅਤੇ ਹੋਰ ਕੀੜਿਆਂ ਸਬੰਧੀ ਸਮੇਂ-ਸਮੇਂ 'ਤੇ ਲੋੜੀਂਦੀ ਜਾਣਕਾਰੀ ਦਿੱਤੀ ਗਈ। ਸ਼ੁਰੂਆਤੀ ਅਵਸਥਾ ਵਿਚ ਹਫਤੇ ਵਿਚ ਦੋ ਵਾਰ ਅਤੇ ਜੁਲਾਈ ਮਹੀਨੇ ਤੋਂ ਰੋਜ਼ਾਨਾ ਪੀ.ਏ.ਯੂ. ਦੀਆਂ ਟੀਮਾਂ ਦੁਆਰਾ ਤੁਹਾਡੇ ਖੇਤਾਂ ਦਾ ਨਿਰੀਖਣ ਕਰ ਰਹੀਆਂ ਹਨ। ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵੱਲੋਂ ਬਣਾਏ ਗਏ ਨਵੇਂ ਸਪਰੇਅ ਪੰਪ ਵੀ ਨਰਮਾ ਪੱਟੀ ਦੇ ਹਰ ਜ਼ਿਲ੍ਹੇ ਦੇ ਕ੍ਰਿਸ਼ੀ ਵਿਗਿਆਨ ਕੇਂਦਰਾਂ ਵਿਖੇ ਪਹੁੰਚਾਏ ਗਏ ਹਨ ਤਾਂ ਜੋ ਚਿੱਟੀ ਮੱਖੀ 'ਤੇ ਸਹੀ ਢੰਗ ਨਾਲ ਸਪਰੇਅ ਕਰਕੇ ਇਸ ਉੱਪਰ ਕਾਬੂ ਪਾਇਆ ਜਾ ਸਕੇ। ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਅਤੇ ਖੇਤੀਬਾੜੀ ਵਿਭਾਗ ਵੱਲੋਂ ਨਰਮਾ ਪੱਟੀ ਵਿਚ ਰਸ ਚੂਸਣ ਵਾਲੇ ਕੀੜੇ ਜਿਵੇਂ ਕਿ ਚਿੱਟੀ ਮੱਖੀ, ਹਰੇ ਤੇਲੇ ਅਤੇ ਭੂਰੀ ਜੂੰ (ਥਰਿਪ) ਦੇ ਹਮਲੇ ਦਾ ਲਗਾਤਾਰ ਸਰਵੇਖਣ ਕੀਤਾ ਜਾ ਰਿਹਾ ਹੈ। ਤਾਜ਼ੇ ਸਰਵੇਖਣ ਦੌਰਾਨ ਪਤਾ ਲੱਗਾ ਹੈ ਕਿ ਚਿੱਟੀ ਮੱਖੀ ਦੀ ਗਿਣਤੀ ਆਮ ਤੌਰ 'ਤੇ ਆਰਥਿਕ ਕਗਾਰ (6 ਚਿੱਟੀ ਮੱਖੀ ਪ੍ਰਤੀ ਪੱਤਾ) ਤੋਂ ਘੱਟ ਹੈ ਪਰ ਕੁਝ ਖੇਤਰਾਂ ਵਿਚ ਜਿਵੇਂ ਕਿ ਫਾਜ਼ਿਲਕਾ ਅਤੇ ਬਠਿੰਡਾ ਜ਼ਿਲ੍ਹੇ ਵਿਚ ਚਿੱਟੀ ਮੱਖੀ ਦੀ ਗਿਣਤੀ ਆਰਥਿਕ ਕਗਾਰ ਤੋਂ ਵੱਧ ਪਾਈ ਗਈ ਹੈ। ਕਿਸਾਨਾਂ ਨੂੰ ਚਿੱਟੀ ਮੱਖੀ ਤੋਂ ਘਬਰਾਉਣ ਦੀ ਲੋੜ ਨਹੀਂ ਸਗੋਂ ਚਿੱਟੀ ਮੱਖੀ ਦਾ ਲਗਾਤਾਰ ਸਰਵੇਖਣ ਕਰਦੇ ਰਹਿਣ। ਜੇਕਰ ਚਿੱਟੀ ਮੱਖੀ ਦਾ ਹਮਲਾ ਆਰਥਿਕ ਕਗਾਰ ਤੋਂ ਵਧੇਰੇ ਹੋਵੇ ਤਾਂ 200 ਗ੍ਰਾਮ ਪੋਲੋ/ਰੂਬੀ/ਕਰੇਜ਼/ਲੂਡੋ 25 ਡਬਲਯੂ. ਪੀ. (ਡਾਇਆਫੈਨਥੀਯੂਰੋਨ) ਜਾਂ 80 ਗ੍ਰਾਮ ਉਲਾਲਾ 50 ਡਬਲਯੂ ਜੀ (ਫਲੋਨੀਕਾਮਿਡ) ਦਾ ਛਿੜਕਾਅ ਕਰੋ। ਇਸ ਤੋਂ ਬਾਅਦ ਲੋੜ ਮੁਤਾਬਿਕ ਅਗਲੀ ਸਪਰੇਅ 500 ਮਿਲੀਲਿਟਰ ਲੈਨੋ 10 ਈ. ਸੀ. (ਪਾਈਰੀਪਰੋਕਸੀਫਿਨ) ਜਾਂ 200 ਮਿਲੀਲਿਟਰ ਉਬਰੇਨ 22.9 ਐਸ. ਸੀ. (ਸਪਾਈਰੋਮੈਸੀਫਿਨ) ਦਾ ਛਿੜਕਾਅ ਕਰੋ। ਕੀੜੇ-ਮਕੌੜਿਆਂ ਤੋਂ ਨਰਮੇ ਨੂੰ ਬਚਾਉਣ ਦੇ ਨਾਲ-ਨਾਲ ਪਾਣੀ ਅਤੇ ਖਾਦ ਦਾ ਵੀ ਧਿਆਨ ਰੱਖੋ। ਇਸ ਸਮੇਂ ਨਰਮੇ ਉੱਪਰ ਫੁੱਲ ਡੋਡੀ ਲੱਗੀ ਹੋਈ ਹੈ, ਇਸ ਲਈ ਆਪਣੇ ਖੇਤਾਂ ਨੂੰ ਔੜ ਨਾ ਲੱਗਣ ਦਿਓ ਕਿਉਂਕਿ ਔੜ ਕਾਰਨ ਫੁੱਲ ਡੋਡੀ ਜ਼ਿਆਦਾ ਕਿਰਦੀ ਹੈ। ਲੋੜ ਮੁਤਾਬਿਕ ਨਾਈਟ੍ਰੋਜ਼ਨ ਖਾਦ ਦੀ ਵਰਤੋਂ ਕਰਨੀ ਜ਼ਰੂਰੀ ਹੈ। ਇਸ ਤੋਂ ਇਲਾਵਾ 2



# ਤੁਹਾਡਾ ਸਿਰਹਾਣਾ ਕਿਹੋ ਜਿਹਾ ਹੋਵੇ ?



ਅੰਜਲੀ ਰੁਪਰੇਲਾ

ਰਾਤ ਨੂੰ ਸੌਣ ਸਮੇਂ ਸਿਰਹਾਣੇ ਦੀ ਅਹਿਮ ਭੂਮਿਕਾ ਹੁੰਦੀ ਹੈ, ਕਿਉਂਕਿ ਸਿਰਹਾਣਾ ਸਾਡੇ ਸਿਰ ਅਤੇ ਮੋਢਿਆਂ ਨੂੰ ਸਹਾਰਾ ਦਿੰਦਾ ਹੈ। ਕੁੰਭਕਰਨ ਦੀ ਤਰ੍ਹਾਂ 6 ਮਹੀਨੇ ਨਾ ਸਹੀ ਪਰ ਸਾਡੀ ਜ਼ਿੰਦਗੀ ਦਾ ਇਕ-ਤਿਹਾਈ ਹਿੱਸਾ ਤਾਂ ਸੌਣ ਵਿਚ ਹੀ ਨਿਕਲ ਜਾਂਦਾ ਹੈ। ਫਿਰ ਕਿਉਂ ਨਾ ਥੋੜ੍ਹਾ-ਬਹੁਤ ਸਮਾਂ ਸਹੀ ਸਿਰਹਾਣਾ ਚੁਣਨ ਵਿਚ ਲਗਾਇਆ ਜਾਵੇ, ਜਿਸ ਨਾਲ ਧੌਣ ਅਤੇ ਸਿਰਦਰਦ ਦੀ ਸਮੱਸਿਆ ਨਾ ਹੋਵੇ ਅਤੇ ਨੀਂਦ ਵੀ ਚੰਗੀ ਆਵੇ। ਇਨ੍ਹਾਂ ਸਿਰਹਾਣਿਆਂ ਨੂੰ ਅਜ਼ਮਾ ਕੇ ਦੇਖੋ। ਇਨ੍ਹਾਂ ਨਾਲ ਤੁਹਾਨੂੰ ਆਰਾਮ ਜ਼ਰੂਰ ਮਿਲੇਗਾ।

**ਸਖ਼ਤ ਸਿਰਹਾਣਾ :** ਜੇਕਰ ਤੁਸੀਂ ਇਕ ਵੱਖੀ ਭਾਰ ਸੌਂਦੇ ਹੋ ਤਾਂ ਇਹ ਸਿਰਹਾਣਾ ਤੁਹਾਡੇ ਲਈ ਬਿਹਤਰੀਨ ਸਾਬਤ ਹੋਵੇਗਾ। ਤੁਹਾਨੂੰ ਬਸ ਇਕ ਗੱਲ ਦਾ ਧਿਆਨ ਰੱਖਣਾ ਪਵੇਗਾ ਕਿ ਤੁਹਾਡੇ ਸਿਰਹਾਣੇ ਦੀ ਉਚਾਈ ਤੁਹਾਡੇ ਮੋਢਿਆਂ ਦੀ ਉਚਾਈ ਤੱਕ ਆਵੇ।

**ਦਰਮਿਆਨੇ ਨਾਲੋਂ ਸਖ਼ਤ ਸਿਰਹਾਣਾ :** ਪਿੱਠ ਦੇ ਭਾਰ ਸੌਣ ਵਾਲਿਆਂ ਲਈ ਅਜਿਹੇ ਸਿਰਹਾਣੇ ਜੋ ਥੋੜ੍ਹੇ ਘੱਟ ਨਰਮ ਹੁੰਦੇ ਹਨ, ਚੰਗੇ ਰਹਿੰਦੇ ਹਨ। ਇਨ੍ਹਾਂ ਦੀ ਵਰਤੋਂ ਨਾਲ ਨਾ ਤਾਂ ਤੁਹਾਨੂੰ ਅੱਗੇ ਵੱਲ ਹੋ ਕੇ ਅਤੇ ਨਾ ਹੀ ਪਿੱਛੇ ਵੱਲ ਸਿਰ ਝੁਕਾ ਕੇ ਸੌਣ ਦੀ ਲੋੜ ਹੈ।

**ਮੁਲਾਇਮ ਸਿਰਹਾਣਾ :** ਪੇਟ ਦੇ ਭਾਰ ਸੌਣਾ ਠੀਕ ਨਹੀਂ ਰਹਿੰਦਾ, ਫਿਰ ਵੀ ਪੇਟ ਦੇ ਭਾਰ ਸੌਣ ਦੇ ਆਦੀ ਹੋ ਤਾਂ ਇਹ ਸਿਰਹਾਣਾ ਤੁਹਾਡੇ ਲਈ ਆਰਾਮਦਾਇਕ ਸਾਬਤ ਹੋਵੇਗਾ। ਪਰ ਇਹ ਏਨੇ ਮੁਲਾਇਮ ਹੁੰਦੇ ਹਨ ਕਿ ਇਨ੍ਹਾਂ 'ਤੇ ਸੌਂਦੇ ਸਮੇਂ ਸਿਰ ਅੱਗੇ-ਪਿੱਛੇ ਹੁੰਦਾ ਹੈ, ਜਿਸ ਨਾਲ ਧੌਣ ਅਤੇ ਰੀੜ੍ਹ ਦੀ ਹੱਡੀ ਵਿਚ ਤਣਾਅ ਪੈਦਾ ਹੁੰਦਾ ਹੈ।

**ਸਿਰਹਾਣੇ ਦੀ ਦੇਖਭਾਲ :** × ਸਿਰਹਾਣੇ ਨੂੰ ਨਿਯਮਤ ਰੂਪ ਨਾਲ ਸਾਫ਼ ਕਰੋ। ਸਿੰਥੈਟਿਕ ਸਿਰਹਾਣਿਆਂ ਨੂੰ ਵਾਸ਼ਿੰਗ ਮਸ਼ੀਨ ਵਿਚ ਧੋਤਾ ਜਾ ਸਕਦਾ ਹੈ, ਦੂਜੇ ਸਿਰਹਾਣਿਆਂ ਨੂੰ ਡ੍ਰਾਈਕਲੀਨ ਕਰਵਾਓ।

× ਰੂੰ ਦੇ ਸਿਰਹਾਣੇ ਨੂੰ ਕਦੇ ਵੀ ਵਾਸ਼ਿੰਗ ਮਸ਼ੀਨ ਵਿਚ ਨਾ ਧੋਵੋ, ਨਾ ਹੀ ਇਨ੍ਹਾਂ ਨੂੰ ਮੋੜ ਕੇ ਪੈਰਾਂ ਦੇ ਵਿਚ ਲਗਾਓ। ਅਜਿਹਾ ਕਰਨ ਨਾਲ ਰੂੰ ਇਕਦਮ ਟੁੱਟ ਜਾਵੇਗਾ।

× ਸਿਰਹਾਣੇ 'ਤੇ ਹਮੇਸ਼ਾ ਗਿਲਾਫ ਜਾਂ ਕਵਰ ਚੜ੍ਹਾ ਕੇ ਰੱਖੋ। ਇਹ ਗਿਲਾਫ ਸੂਤੀ ਅਤੇ ਜਿਪ ਵਾਲੇ ਹੋਣ ਤਾਂ ਚੰਗਾ ਹੈ। ਇਸ ਨਾਲ ਸਿਰਹਾਣਾ ਜ਼ਿਆਦਾ ਸਮੇਂ ਤੱਕ ਚਲਦਾ ਹੈ ਅਤੇ ਸੂਤੀ ਗਿਲਾਫ ਹੋਣ 'ਤੇ ਗਰਮ ਵੀ ਨਹੀਂ ਰਹਿੰਦਾ ਅਤੇ ਨੀਂਦ ਚੰਗੀ ਆਉਂਦੀ ਹੈ।

× ਸੇਮਲ ਦੀ ਰੂੰ ਦਾ ਸਿਰਹਾਣਾ ਵਰਤੋ। ਇਹ ਬੇਹੱਦ ਕੋਮਲ ਅਤੇ ਆਰਾਮਦਾਇਕ ਰਹਿੰਦਾ ਹੈ।

× ਫੋਮ ਦੇ ਸਿਰਹਾਣੇ ਸਿਰ ਦੇ ਤਾਪਮਾਨ ਅਤੇ ਭਾਰ ਦੇ ਹਿਸਾਬ ਨਾਲ ਆਕਾਰ ਲੈ ਲੈਂਦੇ ਹਨ। ਇਹ ਵੀ ਆਰਾਮਦਾਇਕ ਸਾਬਤ ਹੁੰਦੇ ਹਨ। ਇਹ ਸਿਰਹਾਣੇ ਕਾਫੀ ਲੰਬੇ ਸਮੇਂ ਤੱਕ ਬਿਨਾਂ ਟੁੱਟੇ ਚੱਲ ਜਾਂਦੇ ਹਨ।

× ਸਿਰਹਾਣੇ ਦੇ ਰੂੰ ਨੂੰ ਘੱਟ ਤੋਂ ਘੱਟ ਸਾਲ ਵਿਚ ਦੋ ਵਾਰ ਜ਼ਰੂਰ ਪਿੰਜਾਓ। ਸਿਰਹਾਣਿਆਂ ਨੂੰ ਵੀ ਗੱਦੇ ਦੀ ਤਰ੍ਹਾਂ ਧੁੱਪ ਵਿਚ ਰੱਖੋ। ਇਸ ਨਾਲ ਇਨ੍ਹਾਂ ਵਿਚ ਖਟਮਲ ਨਹੀਂ ਹੁੰਦੇ।

× ਸਿਰਹਾਣੇ ਸਾਲਾਂ ਪੁਰਾਣੇ ਹੋਣ ਤਾਂ ਉਨ੍ਹਾਂ ਨੂੰ ਬਦਲ ਲਓ। ਹਫ਼ਤੇ ਵਿਚ ਇਕ ਵਾਰ ਸਿਰਹਾਣਾ ਗਿਲਾਫ਼ ਅਤੇ ਬੈੱਡ ਕਵਰ ਜ਼ਰੂਰ ਧੋਵੋ।

× ਆਪਣਾ ਸਿਰਹਾਣਾ ਹਮੇਸ਼ਾ ਅਲੱਗ ਰੱਖੋ, ਕਿਉਂਕਿ ਇਹ ਤੁਹਾਡੇ ਸਿਰ ਦਾ ਆਕਾਰ ਲੈ ਕੇ ਤੁਹਾਡੇ ਹਿਸਾਬ ਦਾ ਬਣ ਜਾਂਦਾ ਹੈ।

× ਬੱਚਿਆਂ ਲਈ ਹਮੇਸ਼ਾ ਮੁਲਾਇਮ ਸਿਰਹਾਣਾ ਲਓ। ਉਨ੍ਹਾਂ ਨੂੰ ਕਦੇ ਵੀ ਮੋਟੇ ਸਿਰਹਾਣੇ ਨਾ ਦਿਓ।

# ਹੜ੍ਹ ਪ੍ਰਭਾਵਿਤ ਇਲਾਕਿਆਂ 'ਚ ਬਿਮਾਰੀਆਂ ਦੀ ਰੋਕਥਾਮ ਲਈ ਝੋਕੀ ਸਰਕਾਰੀ ਮਸ਼ੀਨਰੀ

**ਚੰਡੀਗੜ੍ਹ, 16 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਰਾਹਤ ਕਾਰਜ ਜੰਗੀ ਪੱਧਰ 'ਤੇ ਚੱਲ ਰਹੇ ਹਨ। ਬਿਮਾਰੀਆਂ ਦੀ ਰੋਕਥਾਮ ਲਈ ਸਿਹਤ, ਵੈਟਰਨਰੀ ਤੇ ਹੋਰ ਵਿਭਾਗਾਂ ਦਾ ਸਮੁੱਚਾ ਅਮਲਾ ਦਿਨ-ਰਾਤ ਜੁਟਿਆ ਹੋਇਆ ਹੈ। ਪੰਜਾਬ ਦੇ ਸਿੱਖਿਆ ਅਤੇ ਸੂਚਨਾ ਤੇ ਲੋਕ ਸੰਪਰਕ ਮੰਤਰੀ ਹਰਜੋਤ ਸਿੰਘ ਬੈਂਸ ਨੇ ਦੱਸਿਆ ਕਿ ਡਿਪਟੀ ਕਮਿਸ਼ਨਰ ਰੂਪਨਗਰ ਵਰਜੀਤ ਵਾਲੀਆ ਨਾਲ ਮੀਟਿੰਗ ਕਰਕੇ ਹੜ੍ਹਾਂ ਦੌਰਾਨ ਹੋਏ ਖਰਾਬੇ ਅਤੇ ਨੁਕਸਾਨ ਦੀ ਸਮੀਖਿਆ ਕੀਤੀ ਗਈ ਹੈ ਅਤੇ ਸਪੈਸ਼ਲ ਗਿਰਦਾਵਰੀ ਦਾ ਕੰਮ 50 ਪ੍ਰਤੀਸ਼ਤ ਮੁਕੰਮਲ ਕਰਵਾ ਲਿਆ ਹੈ।

ਉਨ੍ਹਾਂ ਕਿਹਾ ਕਿ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਰਾਹਤ ਕੰਮ ਵੀ ਲਗਾਤਾਰ ਚੱਲ ਰਹੇ ਹਨ। ਬੈਂਸ ਨੇ ਦੱਸਿਆ ਕਿ ਮਲੇਰੀਆ ਤੇ ਹੋਰ ਬਿਮਾਰੀਆਂ ਦੇ ਖਤਰੇ ਨੂੰ ਦੇਖਦੇ ਹੋਏ ਫੌਗਿੰਗ ਮਸ਼ੀਨਾਂ ਇਲਾਕੇ ਵਿੱਚ ਭੇਜੀਆਂ ਜਾ ਰਹੀਆਂ ਹਨ। ਵੱਡੇ ਪਿੰਡਾਂ ਵਿੱਚ ਇਹ ਮਸ਼ੀਨਾਂ ਲਗਾਤਾਰ ਚਲਾਈਆਂ ਜਾਣਗੀਆਂ ਅਤੇ ਮੈਡੀਕਲ ਕੈਂਪ ਵੀ ਲਗਾਤਾਰ ਜਾਰੀ ਰਹਿਣਗੇ।

ਵੈਟਰਨਰੀ ਟੀਮਾਂ ਨਿਰੰਤਰ ਹਲਕੇ ਵਿੱਚ ਪਸ਼ੂਆ ਦਾ ਇਲਾਜ ਅਤੇ ਵੈਕਸੀਨੇਸ਼ਨ ਕਰ ਰਹੀਆਂ ਹਨ। ਬੈਂਸ ਨੇ ਦੱਸਿਆ ਕਿ ਸਾਰੇ ਪਿੰਡਾਂ ਦੇ ਰਸਤੇ ਚਾਲੂ ਕੀਤੇ ਗਏ ਹਨ ਤਾਂ ਜੋ ਆਵਾਜਾਈ ਪ੍ਰਭਾਵਿਤ ਨਾ ਹੋਵੇ। ਪ੍ਰਸ਼ਾਸਨ ਪੂਰੀ ਤਰਾਂ ਚੌਕਸ ਹੈ ਅਤੇ ਰਾਹਤ ਤੇ ਬਚਾਅ ਕਾਰਜਾਂ ਲਈ ਟੀਮਾਂ ਵੀ ਤਾਇਨਾਤ ਕੀਤੀਆਂ ਹੋਈਆਂ ਹਨ।

ਉੱਧਰ ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਵੱਲੋਂ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਦੇ ਨਾਲ ਜ਼ਿਲ੍ਹਾ ਗੁਰਦਾਸਪੁਰ ਦੇ ਹੜ੍ਹ ਪ੍ਰਭਾਵਿਤ ਪਿੰਡ ਡੇਹਰੀਵਾਲ ਕਿਰਨ, ਰਣਸੀਕੇ ਤਿੱਲਾ, ਖੁਸ਼ਹਾਲਪੁਰ, ਰੱਤਾ ਅਤੇ ਸ਼ਾਹਪੁਰ ਜਾਜਨ ਦਾ ਦੌਰਾ ਕੀਤਾ ਗਿਆ। ਇਸ ਮੌਕੇ ਡਾ. ਬਲਬੀਰ ਸਿੰਘ ਵੱਲੋਂ ਆਪਣੀ ਨੇਕ ਕਮਾਈ ਵਿੱਚੋਂ ਅਤੇ ਆਪਣੇ ਸਾਥੀਆਂ ਦੇ ਸਹਿਯੋਗ ਨਾਲ ਹੜ੍ਹ ਪ੍ਰਭਾਵਿਤ ਪਰਿਵਾਰਾਂ ਨੂੰ 50-50 ਹਜ਼ਾਰ ਰੁਪਏ ਦੀ ਆਰਥਿਕ ਸਹਾਇਤਾ ਦੇ ਚੈੱਕ ਦਿੱਤੇ ਗਏ। ਦੂਜੇ ਪਾਸੇ ਸਮਾਜਿਕ ਸੁਰੱਖਿਆ ਮੰਤਰੀ ਡਾ. ਬਲਜੀਤ ਕੌਰ ਨੇ ਮਲੋਟ ਵਿਖੇ ਬਾਰਿਸ਼ ਕਾਰਨ ਜਿਨ੍ਹਾਂ ਘਰਾਂ ਦੀਆਂ ਛੱਤਾਂ ਡਿੱਗੀਆਂ ਸਨ ਉਨ੍ਹਾਂ ਘਰਾਂ ਦੇ ਮਾਲਕਾਂ ਨੂੰ ਮੌਕੇ 'ਤੇ ਹੀ ਖੁਦ ਪੈਸੇ ਦੇ ਕੇ ਵਿੱਤੀ ਸਹਾਇਤਾ ਕੀਤੀ। ਉਨ੍ਹਾਂ ਕਿਹਾ ਕਿ ਉਹ ਲਗਾਤਾਰ ਮਲੋਟ ਸ਼ਹਿਰ ਦੇ ਵਾਰਡਾਂ ਅਤੇ ਪਿੰਡਾਂ ਵਿਚ ਹੀ ਹਨ ਤੇ ਲੋਕਾਂ ਦੀ ਸਾਰ ਲੈ ਰਹੇ ਹਨ।



ਕੈਬਨਿਟ ਮੰਤਰੀ ਪੰਜਾਬ ਲਾਲਜੀਤ ਸਿੰਘ ਭੁੱਲਰ ਵਿਧਾਨ ਸਭਾ ਹਲਕਾ ਪੱਟੀ ਦੇ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਦਰਿਆਈ ਪਾਣੀ ਦੀ ਮਾਰ ਹੇਠ ਆਏ ਵੱਖ-ਵੱਖ ਪਿੰਡਾਂ ਦੇ ਲੋਕਾਂ ਨੂੰ ਲੋੜੀਂਦੀ ਰਾਹਤ ਸਮੱਗਰੀ, ਜ਼ਰੂਰੀ ਵਸਤੂਆਂ ਅਤੇ ਪਸ਼ੂਆਂ ਲਈ ਚਾਰਾ, ਫੀਡ ਅਤੇ ਚੋਕਰ ਆਦਿ ਦੀ ਵੰਡ ਕੀਤੀ। ਇਸ ਦੌਰਾਨ ਉਹ ਪਿੰਡ ਭਾਊਵਾਲ ਵਿਖੇ ਹੜ੍ਹ ਪ੍ਰਭਾਵਿਤ ਲੋਕਾਂ ਲਈ ਖੋਲ੍ਹੇ ਗਏ ਆਰਜ਼ੀ ਰਾਹਤ ਕੈਂਪ ਵਿੱਚ ਪਹੁੰਚੇ। ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਹਲਕਾ ਭੋਆ ਦੇ ਪਿੰਡ ਸਿਹੋੜਾ ਵਿਖੇ ਹੜ੍ਹ ਪ੍ਰਭਾਵਿਤ ਲੋਕਾਂ ਨੂੰ ਬੁਨਿਆਦੀ ਜ਼ਰੂਰਤਾਂ ਦਾ ਸਮਾਨ ਵੰਡਿਆ। ਹਰੇਕ ਪਰਿਵਾਰ ਨੂੰ ਦੋ ਫੋਲਡਿੰਗ ਮੰਜੇ, ਦੋ ਗੱਦੇ, ਇੱਕ ਗੈਸ ਸਿਲੰਡਰ ਅਤੇ ਇੱਕ ਇੱਕ ਮੱਛਰਦਾਨੀ ਦੀ ਵੰਡ ਕੀਤੀ ਗਈ ਹੈ।

ਇਸੇ ਦੌਰਾਨ ਜਲ ਸਰੋਤ ਮੰਤਰੀ ਬਰਿੰਦਰ ਕੁਮਾਰ ਗੋਇਲ ਵੱਲੋਂ ਮਕਰੌੜ ਸਾਹਿਬ ਅਤੇ ਮੂਨਕ ਵਿਖੇ ਟੋਹਾਣਾ ਪੁਲ 'ਤੇ ਘੱਗਰ ਦਾ ਜਾਇਜ਼ਾ ਲਿਆ। ਉਨ੍ਹਾਂ ਕਿਹਾ ਕਿ ਕਈ ਦਿਨਾਂ ਦੀ ਉਡੀਕ ਤੋਂ ਬਾਅਦ ਹੁਣ ਪਾਣੀ ਦਾ ਪੱਧਰ ਘਟਣਾ ਸ਼ੁਰੂ ਹੋ ਗਿਆ ਹੈ, ਜੋ ਕਿ ਸਾਰਿਆਂ ਲਈ ਰਾਹਤ ਵਾਲੀ ਗੱਲ ਹੈ।

ਮੋਹਾਲੀ ਜ਼ਿਲ੍ਹੇ ਦੇ ਡੇਰਾਬੱਸੀ ਹਲਕੇ ਦੇ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਸ਼ ?ਰੀ ਰਾਮ ਤਲਾਈ, ਡੇਰਾਬੱਸੀ ਵਿਖੇ ਲਗਭਗ 150 ਪ੍ਰਭਾਵਿਤ ਅਤੇ ਲੋੜਵੰਦ ਪਰਿਵਾਰਾਂ ਵਿੱਚ ਰਾਹਤ ਸਮੱਗਰੀ ਦੀ ਵੰਡ ਕੀਤੀ। ਫਾਜ਼ਿਲਕਾ ਦੇ ਵਿਧਾਇਕ ਨਰਿੰਦਰ ਪਾਲ ਸਿੰਘ ਸਵਨਾ ਨੇ ਪਿੰਡ ਮਹਾਤਮ ਨਗਰ ਵਿਖੇ ਹੜ੍ਹ ਪ੍ਰਭਾਵਿਤ ਲੋਕਾਂ ਦਾ ਹਾਲ ਜਾਣਿਆ ਅਤੇ ਰਾਹਤ ਸਮੱਗਰੀ ਵੰਡੀ। ਦੂਜੇ ਪਾਸੇ ਫਾਜ਼ਿਲਕਾ ਦੇ ਡਿਪਟੀ ਕਮਿਸ਼ਨਰ ਅਮਰਪ੍ਰੀਤ ਕੌਰ ਸੰਧੂ ਨੇ ਵੀ ਪ੍ਰਭਾਵਿਤ ਲੋਕਾਂ ਨੂੰ 15070 ਰਾਸ਼ਨ ਕਿੱਟਾਂ ਵੰਡੀਆਂ ਗਈਆਂ ਅਤੇ ਪਸ਼ੂ ਪਾਲਕਾਂ ਦੇ ਜਾਨਵਰਾਂ ਲਈ 6236 ਪੈਕੇਟ ਕੈਟਲ ਫੀਡ ਵੰਡੀ ਗਈ ਹੈ।

# ਪੰਜਾਬ ਦੇ ਐਨ.ਸੀ.ਸੀ. ਕੈਡਿਟਾਂ ਨੇ ਸਿਰਜਿਆ ਇਤਿਹਾਸ, ਲਗਾਤਾਰ ਦੂਜੀ ਵਾਰ ਜਿੱਤੀ ਕੌਮੀ ਚੈਂਪੀਅਨਸ਼ਿਪ



**ਚੰਡੀਗੜ੍ਹ,16 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਇਤਿਹਾਸਕ ਪ੍ਰਾਪਤੀ ਕਰਕੇ ਸੂਬੇ ਦਾ ਮਾਣ ਵਧਾਉਂਦਿਆਂ ਪੰਜਾਬ ਡਾਇਰੈਕਟੋਰੇਟ ਐਨ.ਸੀ.ਸੀ. ਦੇ ਕੈਡਿਟਾਂ ਨੇ ਲਗਾਤਾਰ ਦੂਜੇ ਸਾਲ (2024 ਅਤੇ 2025) ਵੱਕਾਰੀ ਆਲ ਇੰਡੀਆ ਥਲ ਸੈਨਿਕ ਕੈਂਪ (ਏ.ਆਈ.ਟੀ.ਐਸ.ਸੀ.) ਸੀਨੀਅਰ ਡਿਵੀਜ਼ਨ ਚੈਂਪੀਅਨਸ਼ਿਪ ਜਿੱਤ ਕੇ ਇਤਿਹਾਸ ਰਚ ਦਿੱਤਾ ਹੈ।

ਇਸ ਬੇਮਿਸਾਲ ਪ੍ਰਾਪਤੀ ਲਈ ਕੈਡਿਟਾਂ ਨੂੰ ਵਧਾਈ ਦਿੰਦਿਆਂ ਪੰਜਾਬ ਦੇ ਸਿੱਖਿਆ ਮੰਤਰੀ ਸ. ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਲਗਾਤਾਰ ਦੂਜੀ ਜਿੱਤ ਸਾਡੇ ਐਨ.ਸੀ.ਸੀ. ਕੈਡਿਟਾਂ ਦੇ ਅਡੋਲ ਇਰਾਦੇ, ਦ੍ਰਿੜ੍ਹਤਾ ਅਤੇ ਅਨੁਸ਼ਾਸਨ ਦਾ ਪ੍ਰਮਾਣ ਹੈ। ਦੱਸਣਯੋਗ ਹੈ ਕਿ ਇਨ੍ਹਾਂ ਕੈਡਿਟਾਂ (ਪੀ.ਐਚ.ਐਚ.ਪੀ. ਐਂਡ ਸੀ.) ਨੇ ਮਹਾਰਾਸ਼ਟਰ ਅਤੇ ਕਰਨਾਟਕ ਵਰਗੇ ਵੱਡੇ ਸੰਸਥਾਨਾਂ ਸਮੇਤ 16 ਤੋਂ ਵੱਧ ਡਾਇਰੈਕਟੋਰੇਟਾਂ 'ਤੇ ਜਿੱਤ ਦਰਜ ਕਰਕੇ ਨਵਾਂ ਕੌਮੀ ਰਿਕਾਰਡ ਕਾਇਮ ਕੀਤਾ ਹੈ।

ਸਿੱਖਿਆ ਮੰਤਰੀ ਨੇ ਜ਼ੋਰ ਦੇ ਕੇ ਕਿਹਾ ਕਿ ਇਹ ਜਿੱਤ ਸਿਰਫ਼ ਮੁਕਾਬਲਿਆਂ ਬਾਰੇ ਨਹੀਂ ਹੈ ਬਲਕਿ ਦੇਸ਼ ਪ੍ਰਤੀ ਡੂੰਘੀ ਵਚਨਬੱਧਤਾ ਨੂੰ ਦਰਸਾਉਂਦੀ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਕੈਡਿਟਾਂ ਨੇ ਸਮਾਜ ਲਈ ਔਖੀ ਘੜੀ ਵਿੱਚ ਵੀ ਆਪਣਾ ਲੋਹਾ ਮਨਵਾਇਆ ਹੈ, ਜਿਸ ਵਿੱਚ ਆਪ੍ਰੇਸ਼ਨ ਸਿੰਦੂਰ ਦੌਰਾਨ ਬੇਮਿਸਾਲ ਸੇਵਾ ਪ੍ਰਦਾਨ ਕਰਨ ਤੋਂ ਲੈ ਕੇ ਪੰਜਾਬ ਵਿੱਚ ਹਾਲ ਹੀ ਵਿੱਚ ਆਏ ਭਿਆਨਕ ਹੜ੍ਹਾਂ ਦੌਰਾਨ ਬਚਾਅ ਅਤੇ ਰਾਹਤ ਕਾਰਜਾਂ ਵਿੱਚ ਸਿਵਲ ਅਧਿਕਾਰੀਆਂ ਦੇ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੇ ਹੋਣਾ ਸ਼ਾਮਲ ਹੈ।

ਉਨ੍ਹਾਂ ਕਿਹਾ ਕਿ ਮੈਦਾਨ ਵਿੱਚ ਚੈਂਪੀਅਨ ਅਤੇ ਸਮਾਜ ਦੇ ਰਖਵਾਲਿਆਂ ਵਜੋਂ ਇਨ੍ਹਾਂ ਕੈਡਿਟਾਂ ਦੀ ਭੂਮਿਕਾ ਐਨ.ਸੀ.ਸੀ. ਦੇ ਮੁੱਖ ਸਿਧਾਂਤਾਂ ਅਤੇ ਡਾਇਰੈਕਟੋਰੇਟ ਦੇ ਮੋਟੋ ÷ਅਨੁਸ਼ਾਸਨ ਅਤੇ ਸੇਵਾ ਸਭ ਤੋਂ ਉੱਪਰ÷ ਨੂੰ ਦਰਸਾਉਂਦੀ ਹੈ।

ਸਿੱਖਿਆ ਮੰਤਰੀ ਨੇ ਕਿਹਾ ਕਿ ਇਨ੍ਹਾਂ ਕੈਡਿਟਾਂ ਦੀ ਸਫਲਤਾ ਪੰਜਾਬ ਡਾਇਰੈਕਟੋਰੇਟ ਨੂੰ ਕੌਮੀ ਪੱਧਰ 'ਤੇ ਮਿਲਟਰੀ ਅਨੁਸ਼ਾਸਨ ਅਤੇ ਲੀਡਰਸ਼ਿਪ ਦੇ ਮਾਰਗਦਰਸ਼ਕ ਵਜੋਂ ਸਥਾਪਤ ਕਰਦੀ ਹੈ। ਉਨ੍ਹਾਂ ਕਿਹਾ ਕਿ ਜਿੱਤਾਂ ਦਾ ਸਿਲਸਿਲਾ ਇਥੇ ਹੀ ਖ਼ਤਮ ਨਹੀਂ ਹੁੰਦਾ, ਸਗੋਂ ਇੱਕ ਨਵੇਂ ਯੁੱਗ ਦੀ ਸ਼ੁਰੂਆਤ ਹੈ ਅਤੇ ਪੰਜਾਬ ਪੂਰੇ ਦੇਸ਼ ਲਈ ਉੱਤਮਤਾ ਦੀ ਮਿਸਾਲ ਬਣੇਗਾ।

ਸ. ਬੈਂਸ ਨੇ ਕੈਡਿਟਾਂ ਨੂੰ ਸੁਨਹਿਰੀ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਇਸ ਸ਼ਾਨਦਾਰ ਪ੍ਰਾਪਤੀ ਲਈ ਉਨ੍ਹਾਂ ਦੇ ਇੰਸਟਰਕਟਰਾਂ ਅਤੇ ਸਮੁੱਚੇ ਐਨ.ਸੀ.ਸੀ. ਫੈਟਰਨਟੀ ਦੇ ਯਤਨਾਂ ਦੀ ਸ਼ਲਾਘਾ ਕੀਤੀ।

# ਵਿਧਾਇਕ ਸ਼ੈਰੀ ਕਲਸੀ ਨੇ ਲੋਕ ਮਿਲਣੀ ਕਰਕੇ ਲੋਕਾਂ ਦੀਆਂ ਸੁਣੀਆਂ ਮੁਸ਼ਕਿਲਾਂ



**ਬਟਾਲਾ, 16 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਬਟਾਲਾ ਦੇ ਨੌਜਵਾਨ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੇ ਲੋਕ ਮਿਲਣੀ ਦੌਰਾਨ ਲੋਕਾਂ ਦੀਆਂ ਮੁਸ਼ਕਿਲਾਂ ਸੁਣਨ ਉਪਰੰਤ ਕਿਹਾ ਕਿ ਵਿਧਾਨ ਸਭਾ ਹਲਕਾ ਬਟਾਲਾ ਦਾ ਚਹੁਪੱਖੀ ਵਿਕਾਸ ਉਨਾਂ ਦੀ ਪਹਿਲੀ ਤਰਜੀਹ ਹੈ ਅਤੇ ਹਲਕੇ ਦੇ ਵਿਕਾਸ ਲਈ ਉਹ ਯਤਨਸ਼ੀਲ ਹਨ।

ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਬਟਾਲਾ ਹਲਕਾ ਵਾਸੀਆਂ ਨੇ ਜੋ ਜ਼ਿੰਮੇਵਾਰੀ ਉਨਾਂ ਸੌਂਪੀ ਹੈ, ਉਹ ਦਿਨ-ਰਾਤ ਲੋਕਾਂ ਦੀ ਸੇਵਾ ਵਿੱਚ ਹਾਜ਼ਰ ਹਨ ਅਤੇ ਲੋਕਾਂ ਦੀਆਂ ਚਿਰੋਕਣੀਆਂ ਮੰਗਾਂ ਨੂੰ ਪੂਰਾ ਕੀਤਾ ਜਾ ਰਿਹਾ ਹੈ ਅਤੇ ਲੋਕਾਂ ਨੂੰ ਮਿਲ ਕੇ ਉਨਾਂ ਦੀਆਂ ਦੁੱਖ-ਤਕਲੀਫਾਂ ਦੂਰ ਕੀਤੀਆਂ ਜਾ ਰਹੀਆਂ ਹਨ।

ਉਨਾਂ ਅੱਗੇ ਦੱਸਿਆ ਕਿ ਹਲਕੇ ਦੇ ਪਿੰਡਾਂ ਵਿੱਚ ਗੰਦੇ ਪਾਣੀ ਦੀ ਨਿਕਾਸੀ ਲਈ ਛੱਪੜਾਂ ਦੇ ਨਵੀਨੀਕਰਨ ਦਾ ਕੰਮ ਚੱਲ ਰਿਹਾ ਹੈ। ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਕਰਨ ਦੇ ਮੰਤਵ ਨਾਲ ਖੇਡ ਮੈਦਾਨ ਉਸਾਰੇ ਜਾ ਰਹੇ ਹਨ। ਖੂਬਸੂਰਤ ਪਾਰਕਾਂ ਉਸਾਰੀਆਂ ਜਾ ਰਹੀਆਂ ਹਨ। ਸਟਰੀਟ ਲਗਾਈਆਂ ਗਈਆਂ ਹਨ ਅਤੇ ਗਲੀਆਂ ਤੇ ਡੇਰਿਆਂ ਦੇ ਰਸਤੇ ਪੱਕੇ ਗਏ ਹਨ।

ਬਟਾਲਾ ਸ਼ਹਿਰ ਦੇ ਵਿਕਾਸ ਕਾਰਜਾਂ ਦੀ ਗੱਲ ਕਰਦਿਆਂ ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਲੋਕਾਂ ਦੀ ਆਵਾਜਾਈ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਸ਼ਹਿਰ ਵਿਚਲੀਆਂ ਸੜਕਾਂ ਅਤੇ ਚੌਂਕਾਂ ਨੂੰ ਚੌੜਾ ਕੀਤਾ ਗਿਆ ਹੈ। ਸ਼ਹਿਰ ਵਿਚਲੇ ਚੌਂਕਾਂ ਨੂੰ ਚੌੜਿਆਂ ਕਰਕੇ ਖੂਬਸੂਰਤ ਦਿੱਖ ਦਿੱਤੀ ਗਈ ਹੈ। ਇੱਕ ਛੱਤ ਹੇਠਾਂ ਵੱਖ-ਵੱਖ ਸਹੂਲਤਾਂ ਦੇਣ ਦੇ ਮਕਸਦ ਨਾਲ ਨਵੇਂ ਤਹਿਸੀਲ ਕੰਪਲੈਕਸ ਦੀ ਉਸਾਰੀ ਕਰਵਾਈ ਗਈ ਹੈ, ਜਿਸ ਦਾ ਜਲਦ ਉਦਘਾਟਨ ਕੀਤਾ ਜਾ ਰਿਹਾ ਹੈ। ਸ਼ਹਿਰ ਵਿੱਚ ਲਾਇਬ੍ਰੇਰੀ ਦੀ ਇਮਾਰਤ ਜਿਸਦੀ ਹਾਲਤ ਬਹੁਤ ਖਸਤਾ ਸੀ, ਉਸ ਦੀ ਨਵੀ ਇਮਾਰਤ ਉਸਾਰੀ ਗਈ ਹੈ। ਸੁੱਖਾ ਸਿੰਘ-ਮਹਿਤਾਬ ਸਿੰਘ ਚੌਂਕ ਵਿੱਖੇ ਸ਼ਾਨਦਾਰ ਕਲਾਕ ਟਾਵਰ ਲਗਾਉਣ ਲਈ ਉਸਾਰੀ ਦਾ ਕੰਮ ਚੱਲ ਰਿਹਾ ਹੈ।

# ਖੇਤੀਬਾੜੀ ਵਿਭਾਗ ਦੀ ਰਾਜ ਪੱਧਰੀ ਕਪਾਹ ਕੀਟ ਨਿਗਰਾਨ ਟੀਮ ਵੱਲੋਂ ਫਾਜ਼ਿਲਕਾ ਜ਼ਿਲ੍ਹੇ ਦਾ ਦੌਰਾ



**ਫਾਜ਼ਿਲਕਾ, 16 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਰਾਜ ਪੱਧਰੀ ਨਰਮਾ/ਕਪਾਹ ਕੀਟ ਨਿਗਰਾਨ ਟੀਮ ਵੱਲੋਂ ਜ਼ਿਲ੍ਹਾ ਫਾਜ਼ਿਲਕਾ ਦੇ ਬਲਾਕ ਅਬੋਹਰ ਦੇ ਨਰਮੇ ਦੀ ਬਿਜਾਂਦ ਵਾਲੇ ਵੱਖ ਵੱਖ ਪਿੰਡਾਂ ਦਾ ਦੌਰਾ ਕੀਤਾ ਗਿਆ ਹੈ। ਸਾਰੇ ਸਥਾਨਾਂ 'ਤੇ ਨਰਮੇ ਦਾ ਰਸ ਚੂਸਣ ਵਾਲੇ ਕੀਟ (ਚਿੱਟੀ ਮੱਖੀ ਅਤੇ ਤੇਲੇ) ਦੀ ਸੰਖਿਆ ਨੁਕਸਾਨ ਦੀ ਹੱਦ ਦੇ ਪੱਧਰ ਤੋਂ ਘੱਟ ਸੀ।

ਇਹ ਜਾਣਕਾਰੀ ਮੁੱਖ ਖੇਤੀਬਾੜੀ ਅਫ਼ਸਰ ਰਾਜਿੰਦਰ ਕੁਮਾਰ ਕੰਬੋਜ ਨੇ ਦਿੱਤੀ। ਇਸ ਟੀਮ ਵਿਚ ਟੀਮ ਮੈਂਬਰ ਚਰਨਜੀਤ ਸਿੰਘ ਡਿਪਟੀ ਡਾਇਰੈਕਟਰ ਕਾਟਨ ਸ੍ਰੀ ਮੁਕਤਸਰ ਸਾਹਿਬ, ਯਾਦਵਿੰਦਰ ਸਿੰਘ ਸਹਾਇਕ ਮੰਡੀਕਰਨ ਅਫਸਰ ਫਰੀਦਕੋਟ ਅਤੇ ਸ੍ਰੀ ਅਮਨ ਕੇਸ਼ਵ ਪ੍ਰੋਜੈਕਟ ਡਾਇਰੈਕਟਰ ਆਤਮਾ ਫਰੀਦਕੋਟ ਸਾਮਿਲ ਸਨ। ਇਸ ਮੌਕੇ ਬਲਾਕ ਖੇਤੀਬਾੜੀ ਅਫਸਰ ਅਬੋਹਰ ਸੀਸ਼ਪਾਲ ਗੋਦਾਰਾ, ਖੇਤੀਬਾੜੀ ਵਿਸਥਾਰ ਅਫ਼ਸਰ ਗਿਆਨ ਚੰਦ,
ਖੇਤੀਬਾੜੀ ਵਿਕਾਸ ਅਫ਼ਸਰ ਰਜਿੰਦਰ ਵਰਮਾ ਅਤੇ ਖੇਤੀਬਾੜੀ ਉਪਨੀਰਿਖਣ ਵਿਪਨ ਕੁਮਾਰ ਵੀ ਹਾਜਰ ਸਨ।
ਇਸ ਦੌਰਾਨ ਮੌਕੇ ਤੇ ਮੌਜੂਦ ਕਿਸਾਨਾਂ ਅਤੇ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਐਡਵਾਈਜਰੀ ਜਾਰੀ ਕਰਦੇ ਹੋਏ ਕਿਹਾ ਗਿਆ ਕਿ ਜੇਕਰ ਚਿੱਟੀ ਮੱਖੀ ਜਾਂ ਤੇਲੇ ਦੀ ਸੰਖਿਆ ਨੁਕਸਾਨ ਦੀ ਹੱਦ ਤੋਂ ਵੱਧ ਜਾਂਦੀ ਹੈ, ਤਾਂ ਫਲੋਨੀਕਾਮਿਡ 50 ਡਬਲਯੂਜੀ 80 ਗ੍ਰਾਮ/ਏਕੜ ਜਾਂ ਡਾਇਨੋਟੇਫੁਰਾਨ 20 ਐਸਜੀ 60 ਗ੍ਰਾਮ/ਏਕੜ ਦਾ ਛਿੜਕਾਅ ਕੀਤਾ ਜਾਵੇ; ਚਿੱਟੀ ਮੱਖੀ ਦੇ ਬਾਲਗਾਂ ਅਤੇ ਨਿੰਫ ਦੀ ਆਬਾਦੀ ਦੇ ਜ਼ਿਆਦਾ ਹਮਲੇ ਦੀ ਸਥਿਤੀ ਵਿੱਚ, 5-7 ਦਿਨਾਂ ਦੇ ਅੰਤਰਾਲ ਨਾਲ ਅਫੀਡੋਪਾਇਰੋਪੇਨ 400ਮਿਲੀ/ਏਕੜ ਜਾਂ ਪਾਇਰੀਫਲੂਕੁਇਟਜ਼ੋਨ 200 ਗ੍ਰਾਮ/ਏਕੜ ਨੂੰ ਤਰਜੀਹ ਦਿਓ ਅਤੇ ਉਸ ਤੋਂ ਬਾਅਦ ਪਾਇਰੀਪ੍ਰੋਕਸੀਫੇਨ 500 ਮਿਲੀ/ਏਕੜ ਨੂੰ ਤਰਜੀਹ ਦਿਓ।

ਜਿੱਥੇ ਵੀ ਗੁਲਾਬੀ ਸੁੰਡੀ ਦੀ ਘਟਨਾ ਦੇਖੀ ਗਈ, ਉੱਥੇ ਕੀਟਨਾਸ਼ਕਾਂ ਜਿਵੇਂ ਕਿ ਪ੍ਰੋਫੇਨੋਫੋਸ 50 ਈਸੀ 500 ਮਿਲੀ ਪ੍ਰਤੀ ਏਕੜ ਜਾਂ ਇਮੈਮਕਟੀਨ ਬੈਨਜੋਏਟ 5 ਐਸਜੀ 0 100 ਗ੍ਰਾਮ/ਏਕੜ ਦਾ ਛਿੜਕਾਅ ਕਰਨ ਦੀ ਸਲਾਹ ਦਿੱਤੀ ਗਈ।

ਕਿਸਾਨਾਂ ਨੂੰ ਸਲਾਹ ਦਿੱਤੀ ਗਈ ਕੇ ਜਿੱਥੇ ਕਿਤੇ ਟਿੰਡਿਆਂ ਦੇ ਗਲਣ , ਜਾਂ ਪੱਤਿਆਂ ਦੇ ਗਲਣ ਦੀ ਬਿਮਾਰੀ ਨਜ਼ਰ ਆਉਂਦੀ ਹੈ ਜਾਂ ਜਿੱਥੇ ਬਾਰਿਸ਼ ਕਾਰਨ ਫਸਲ ਡਿੱਗ ਗਈ ਹੋਵੇ, ਉੱਥੇ ਐਮਿਸਟਾਰ ਟੌਪ 2 ਮਿ.ਲੀ./ਲੀਟਰ ਪਾਣੀ ਦਾ ਛਿੜਕਾਅ ਕੀਤਾ ਜਾਵੇ।

ਭਾਰੀ ਮੀਂਹ ਤੋਂ ਬਾਅਦ ਕੁਝ ਖੇਤਾਂ ਵਿੱਚ ਪੈਰਾ ਵਿਲਟ ਕਾਰਨ ਮੁਰਝਾਅ ਦੇਖਿਆ ਗਿਆ ਅਤੇ ਕਿਸਾਨਾਂ ਨੂੰ ਸਲਾਹ ਦਿੱਤੀ ਗਈ ਕਿ ਉਹ ਮੁਰਝਾਅ ਦੇ ਸ਼ੁਰੂਆਤੀ ਪੜਾਅ 'ਤੇ ਪ੍ਰਭਾਵਿਤ ਪੌਦਿਆਂ 'ਤੇ ਕੋਬਾਲਟ ਕਲੋਰਾਈਡ 10 ਮਿਲੀਗ੍ਰਾਮ/ਲੀਟਰ ਪਾਣੀ ਦਾ ਛਿੜਕਾਅ ਕਰਨ।

ਬਾਕੀ ਸਾਰੀਆਂ ਥਾਵਾਂ ਉੱਤੇ ਸਮੁੱਚੇ ਤੌਰ ਤੇ ਫਸਲ ਦੀ ਸਥਿਤੀ ਚੰਗੀ ਹੈ ਅਤੇ ਕਿਸਾਨਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ 13-0-45 ਦਾ ਛਿੜਕਾਅ ਕਰਨ ਅਤੇ ਕੀੜਿਆਂ ਦੇ ਹਮਲੇ ਲਈ ਨਿਯਮਤ ਤੌਰ 'ਤੇ ਆਪਣੇ ਖੇਤਾਂ ਦੀ ਨਿਗਰਾਨੀ ਕਰਦੇ ਰਹਿਣ।

# ਸਰਕਾਰ ਨੇ ਝੋਨੇ ਦੀ ਫ਼ਸਲ ਲਈ ਨਮੀਂ ਦੀ ਮਾਤਰਾ 17 ਫ਼ੀਸਦੀ ਨਿਰਧਾਰਿਤ ਕੀਤੀ

**ਗੁਰਦਾਸਪੁਰ, 16 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਵਧੀਕ ਡਿਪਟੀ ਕਮਿਸ਼ਨਰ ਗੁਰਦਾਸਪੁਰ (ਜਨਰਲ) ਡਾ. ਹਰਜਿੰਦਰ ਸਿੰਘ ਬੇਦੀ ਨੇ ਜ਼ਿਲ੍ਹਾ ਦੇ ਸਮੂਹ ਕਿਸਾਨਾਂ ਨੂੰ ਅਪੀਲ ਕੀਤੀ ਹੈ ਕਿ ਇਸ ਵਾਰ ਝੋਨੇ ਦੀ ਕਟਾਈ ਝੋਨਾ ਪੂਰੀ ਤਰ੍ਹਾਂ ਪੱਕਣ ਤੇ ਹੀ ਕੀਤੀ ਜਾਵੇ ਅਤੇ ਖ਼ਰੀਫ਼ ਸੀਜ਼ਨ ਦੌਰਾਨ ਸੁੱਕਾ ਝੋਨਾ ਹੀ ਮੰਡੀਆਂ ਵਿੱਚ ਵੇਚਣ ਲਈ ਲਿਆਂਦਾ ਜਾਵੇ। ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਵੱਲੋਂ ਖ਼ਰੀਦ ਵੇਲੇ ਝੋਨੇ ਵਿੱਚ ਨਮੀਂ ਦੀ ਹੱਦ 17 ਫ਼ੀਸਦੀ ਨਿਰਧਾਰਿਤ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਕਿਸਾਨ ਦੇ ਝੋਨੇ ਦੀ ਫ਼ਸਲ ਵਿੱਚ 17 ਫ਼ੀਸਦੀ ਤੋਂ ਵੱਧ ਦੀ ਨਮੀਂ ਪਾਈ ਜਾਂਦੀ ਹੈ ਤਾਂ ਉਸ ਦੀ ਜਿਨਸ ਦੀ ਖ਼ਰੀਦ ਨਹੀਂ ਹੋ ਪਾਉਂਦੀ, ਜਿਸ ਕਾਰਨ ਕਿਸਾਨ ਨੂੰ ਮੰਡੀ ਵਿੱਚ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ।



ਉਨ੍ਹਾਂ ਕਿਹਾ ਕਿ ਜੇਕਰ ਝੋਨੇ ਦੀ ਫ਼ਸਲ ਪੂਰੀ ਤਰ੍ਹਾਂ ਪੱਕਣ ਤੇ ਹੀ ਵਢਾਈ ਜਾਵੇ ਤਾਂ ਉਸ ਵਿੱਚ ਨਮੀਂ ਦੀ ਮਾਤਰਾ ਸਹੀ ਹੁੰਦੀ ਹੈ। ਉਨ੍ਹਾਂ ਦੱਸਿਆ ਕਿ ਕੇਂਦਰ ਸਰਕਾਰ ਵੱਲੋਂ ਇਸ ਸਾਲ ਝੋਨੇ ਦੀ ਫ਼ਸਲ ਦਾ ਮੁੱਲ 2389/- ਰੁਪਏ ਪ੍ਰਤੀ ਕੁਇੰਟਲ ਨਿਰਧਾਰਿਤ ਕੀਤਾ ਗਿਆ ਹੈ ਅਤੇ ਜੇਕਰ ਕਿਸਾਨ ਮੰਡੀਆਂ ਵਿੱਚ ਸੁੱਕਾ ਝੋਨਾ ਲੈ ਕੇ ਆਉਣਗੇ ਤਾਂ ਉਨ੍ਹਾਂ ਨੂੰ ਆਪਣੀ ਜਿਨਸ ਦਾ ਪੂਰਾ ਮੁੱਲ ਮਿਲੇਗਾ।

ਵਧੀਕ ਡਿਪਟੀ ਕਮਿਸ਼ਨਰ ਨੇ ਜ਼ਿਲ੍ਹੇ ਦੇ ਮੁੱਖ ਖੇਤੀਬਾੜੀ ਅਫ਼ਸਰ ਨੂੰ ਵੀ ਹਦਾਇਤ ਕੀਤੀ ਹੈ ਕਿ ਉਹ ਪਿੰਡਾਂ ਵਿੱਚ ਵਿਸ਼ੇਸ਼ ਕੈਂਪ ਲਗਾ ਕੇ ਕਿਸਾਨਾਂ ਨੂੰ ਮੰਡੀਆਂ ਵਿੱਚ ਝੋਨੇ ਦੀ ਸੁੱਕੀ ਫ਼ਸਲ ਲਿਆਉਣ ਲਈ ਜਾਗਰੂਕ ਕਰਨ।

ਇਸ ਦੇ ਨਾਲ ਹੀ ਉਨ੍ਹਾਂ ਨੇ ਕੰਬਾਈਨ ਓਪਰੇਟਰਾਂ ਨੂੰ ਵੀ ਹਦਾਇਤ ਕੀਤੀ ਹੈ ਕਿ ਝੋਨੇ ਦੇ ਸੀਜ਼ਨ ਦੌਰਾਨ ਸਵੇਰੇ 10:00 ਵਜੇ ਤੋਂ ਸ਼ਾਮ 6:00 ਵਜੇ ਤੱਕ ਹੀ ਝੋਨੇ ਦੀ ਕਟਾਈ ਕੀਤੀ ਜਾਵੇ। ਉਨ੍ਹਾਂ ਕਿਸਾਨਾਂ ਨੂੰ ਵੀ ਅਪੀਲ ਕੀਤੀ ਕਿ ਉਹ ਕੇਵਲ ਦਿਨ ਵੇਲੇ ਹੀ ਆਪਣੀ ਝੋਨੇ ਦੀ ਪੱਕੀ ਹੋਈ ਫ਼ਸਲ ਦੀ ਕਟਾਈ ਕਰਵਾਉਣ।

# ਸ਼ਹਿਰ ਦੇ ਵਿਕਾਸ ਕਾਰਜਾਂ ਲਈ 28 ਕਰੋੜ ਰੁਪਏ ਦੀ ਪ੍ਰਵਾਨਗੀ



**ਹੁਸ਼ਿਆਰਪੁਰ, 16 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਨਗਰ ਨਿਗਮ ਹੁਸ਼ਿਆਰਪੁਰ ਦੀ ਹਾਊਸ ਮੀਟਿੰਗ ਵਿਚ ਸ਼ਹਿਰ ਦੇ ਵਿਕਾਸ ਕਾਰਜਾਂ ਅਤੇ ਸਫ਼ਾਈ ਪ੍ਰਬੰਧਨ ਨੂੰ ਬਿਹਤਰ ਬਣਾਉਣ ਲਈ ਕਈ ਮਹੱਤਵਪੂਰਨ ਫ਼ੈਸਲੇ ਲਏ ਗਏ। ਜਾਣਕਾਰੀ ਦਿੰਦਿਆਂ ਵਿਧਾਇਕ ਬ੍ਰਮ ਸ਼ੰਕਰ ਜਿੰਪਾ ਅਤੇ ਮੇਅਰ ਸੁਰਿੰਦਰ ਕੁਮਾਰ ਨੇ ਕਿਹਾ ਕਿ ਸ਼ਹਿਰ ਵਾਸੀਆਂ ਨੂੰ ਬਿਹਤਰ ਸਹੂਲਤਾਂ ਪ੍ਰਦਾਨ ਕਰਨਾ ਪੰਜਾਬ ਸਰਕਾਰ ਦੀ ਤਰਜੀਹ ਹੈ। ਉਨ੍ਹਾਂ ਕਿਹਾ ਕਿ ਮੀਟਿੰਗ 'ਚ ਸ਼ਹਿਰ ਵਿਚ ਸੜਕਾਂ ਦੇ ਨਿਰਮਾਣ, ਜਲ ਸਪਲਾਈ ਅਤੇ ਸੀਵਰੇਜ ਲਾਈਨਾਂ ਲਈ 28 ਕਰੋੜ ਰੁਪਏ ਦੇ ਖ਼ਰਚ ਨੂੰ ਪ੍ਰਵਾਨਗੀ ਦਿੱਤੀ ਗਈ। ਇਸ ਦੇ ਨਾਲ ਹੀ ਸ਼ਹਿਰ ਦੀ ਸਫ਼ਾਈ ਪ੍ਰਣਾਲੀ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਲਈ ਕੂੜਾ ਇਕੱਠਾ ਕਰਨ ਅਤੇ ਪ੍ਰੋਸੈਸਿੰਗ ਦਾ ਕੰਮ ਇੱਕ ਨਿੱਜੀ ਕੰਪਨੀ ਨੂੰ ਸੌਂਪਣ ਦਾ ਫ਼ੈਸਲਾ ਕੀਤਾ ਗਿਆ, ਜੋ ਵੱਖ-ਵੱਖ ਥਾਵਾਂ 'ਤੇ ਕੂੜੇ ਦੇ ਢੇਰਾਂ ਤੋਂ ਰਾਹਤ ਪ੍ਰਦਾਨ ਕਰੇਗੀ।

ਮੀਟਿੰਗ ਵਿਚ ਡੇਂਗੂ ਅਤੇ ਮਲੇਰੀਆ ਦੀ ਰੋਕਥਾਮ ਲਈ 4 ਹੈਂਡੀ ਫੌਗਿੰਗ ਮਸ਼ੀਨਾਂ ਅਤੇ ਸੀਵਰੇਜ ਬਲਾਕੇਜ ਨੂੰ ਦੂਰ ਕਰਨ ਲਈ 3 ਛੋਟੀਆਂ ਮਸ਼ੀਨਾਂ ਖਰੀਦਣ ਲਈ 9.75 ਲੱਖ ਰੁਪਏ ਦੀ ਪ੍ਰਵਾਨਗੀ ਦਿੱਤੀ ਗਈ। ਇਸ ਤੋਂ ਇਲਾਵਾ ਅਸੁਰੱਖਿਅਤ ਅਤੇ ਖੰਡਰ ਇਮਾਰਤਾਂ ਨੂੰ ਢਾਹੁਣ ਅਤੇ ਹਰ ਘਰ ਤੋਂ ਕੂੜਾ ਸਿੱਧਾ ਪਿੱਪਲਾਂਵਾਲਾ ਪ੍ਰੋਸੈਸਿੰਗ ਸੈਂਟਰ ਤੱਕ ਪਹੁੰਚਾਉਣ ਦੀ ਇਜਾਜ਼ਤ ਦਿੱਤੀ ਗਈ।

ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਨੇ ਸ਼ਹਿਰਾਂ ਨੂੰ ਇਕ ਆਦਰਸ਼ ਰੂਪ ਦੇਣ ਲਈ ਲਗਾਤਾਰ ਯਤਨ ਤੇਜ਼ ਕੀਤੇ ਹਨ। ਹੁਸ਼ਿਆਰਪੁਰ ਸ਼ਹਿਰ ਨੂੰ ਆਧੁਨਿਕ ਸਹੂਲਤਾਂ ਨਾਲ ਲੈਸ ਕਰਨ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਮੀਟਿੰਗ ਵਿਚ ਇਹ ਵੀ ਫ਼ੈਸਲਾ ਕੀਤਾ ਗਿਆ ਕਿ ਸ਼ਹੀਦਾਂ ਦੀ ਯਾਦ ਵਿਚ ਨਗਰ ਨਿਗਮ ਦੀ ਇਕ ਏਕੜ ਜ਼ਮੀਨ 'ਤੇ ਇਕ ਜੰਗੀ ਯਾਦਗਾਰ ਬਣਾਈ ਜਾਵੇਗੀ ਮੇਅਰ ਸੁਰਿੰਦਰ ਕੁਮਾਰ ਨੇ ਕਿਹਾ ਕਿ ਨਗਰ ਨਿਗਮ ਸ਼ਹਿਰ ਵਾਸੀਆਂ ਨੂੰ 100 ਫੀਸਦੀ ਮੁੱਢਲੀਆਂ ਸਹੂਲਤਾਂ ਪ੍ਰਦਾਨ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ।

ਇਸ ਮੌਕੇ ਨਗਰ ਨਿਗਮ ਕਮਿਸ਼ਨਰ ਜਿਓਤੀ ਬਾਲਾ ਮੱਟੂ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਲਤਾ ਸੈਣੀ, ਡਿਪਟੀ ਮੇਅਰ ਰਣਜੀਤ ਚੌਧਰੀ, ਵਿੱਤ ਕੰਟਰੈਕਟ ਕਮੇਟੀ ਦੇ ਚੇਅਰਮੈਨ ਬਲਵਿੰਦਰ ਕੁਮਾਰ ਬਿੰਦੀ ਸਮੇਤ ਸਾਰੇ ਕੌਂਸਲਰ, ਸੰਯੁਕਤ ਕਮਿਸ਼ਨਰ ਸੰਦੀਪ ਤਿਵਾੜੀ, ਸਹਾਇਕ ਕਮਿਸ਼ਨਰ ਅਜੇ ਕੁਮਾਰ, ਨਿਗਮ ਇੰਜੀਨੀਅਰ ਹਰਪ੍ਰੀਤ ਸਿੰਘ, ਨਿਗਮ ਇੰਜੀਨੀਅਰ ਕੁਲਦੀਪ ਸਿੰਘ, ਟਾਊਨ ਪਲਾਨਰ ਲਖਬੀਰ ਸਿੰਘ ਅਤੇ ਦਫ਼ਤਰ ਦੇ ਵੱਖ-ਵੱਖ ਅਧਿਕਾਰੀ ਮੌਜੂਦ ਸਨ।

# 2 ਕਿਲੋ ਭੁੱਕੀ ਤੋਂ ਵੱਧ ਸਣੇ ਮਹਿਲਾ ਕਾਬੂ

**ਰਤੀਆ, 16 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਨਸ਼ਿਆਂ ਨੂੰ ਰੋਕਣ ਲਈ ਪੁਲੀਸ ਵੱਲੋਂ ਚਲਾਈ ਗਈ ਮੁਹਿੰਮ ਤਹਿਤ ਪੁਲੀਸ ਟੀਮ ਨੇ ਇੱਕ ਮਹਿਲਾ ਮੁਲਜ਼ਮ ਨੂੰ ਗ੍ਰਿਫ਼ਤਾਰ ਕਰ ਕੇ ਉਸ ਦੇ ਕਬਜ਼ੇ ਵਿੱਚੋਂ 2 ਕਿਲੋ 10 ਗ੍ਰਾਮ ਭੁੱਕੀ ਬਰਾਮਦ ਕੀਤੀ ਹੈ। ਪੁੱਛਗਿੱਛ ਦੇ ਆਧਾਰ 'ਤੇ ਪੁਲੀਸ ਨੇ ਨਸ਼ਿਆਂ ਦੇ ਅਸਲ ਸਪਲਾਇਰ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਹੈ। ਜਾਣਕਾਰੀ ਦਿੰਦੇ ਹੋਏ ਸਬ-ਇੰਸਪੈਕਟਰ ਰਣਜੀਤ ਸਿੰਘ ਨੇ ਦੱਸਿਆ ਕਿ ਏ ਐੱਸ ਆਈ ਹਰਪਾਲ ਸਿੰਘ ਪੁਲੀਸ ਟੀਮ ਨਾਲ ਗਸ਼ਤ 'ਤੇ ਸੀ। ਇਸ ਦੌਰਾਨ ਸਾਹਨਲ ਰੋਡ 'ਤੇ ਹੈਫੇਡ ਗੋਦਾਮ ਨੇੜੇ ਸ਼ੱਕੀ ਹਾਲਾਤ ਵਿੱਚ ਪੁਲੀਸ ਟੀਮ ਨੂੰ ਦੇਖ ਕੇ ਇੱਕ ਔਰਤ ਤੇਜ਼ ਕਦਮਾਂ ਨਾਲ ਪਿੱਛੇ ਹਟਣ ਲੱਗੀ। ਪੁਲੀਸ ਨੇ ਸ਼ੱਕ ਦੇ ਆਧਾਰ 'ਤੇ ਔਰਤ ਨੂੰ ਰੋਕਿਆ ਅਤੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ। ਪੁੱਛਗਿੱਛ ਦੌਰਾਨ ਉਸ ਦੀ ਪਛਾਣ ਸਤਪਾਲ ਕੌਰ ਉਰਫ਼ ਪਾਲ ਕੌਰ ਵਾਸੀ ਢਾਣੀ ਜਖਨ ਦਾਦੀ, ਵਾਰਡ ਨੰਬਰ 4, ਰਤੀਆ ਵਜੋਂ ਹੋਈ। ਇਸ ਦੌਰਾਨ ਉਸ ਦੇ ਬੈਗ ਵਿੱਚੋਂ 2 ਕਿਲੋ 10 ਗ੍ਰਾਮ ਭੁੱਕੀ ਪਾਊਡਰ ਬਰਾਮਦ ਕੀਤਾ ਗਿਆ। ਬਰਾਮਦ ਕੀਤੇ ਗਏ ਨਸ਼ੀਲੇ ਪਦਾਰਥ ਨੂੰ ਕਾਨੂੰਨੀ ਪ੍ਰਕਿਰਿਆ ਅਧੀਨ ਸੀਲ ਕਰ ਦਿੱਤਾ ਗਿਆ ਅਤੇ ਪੁਲੀਸ ਹਿਰਾਸਤ ਵਿੱਚ ਲੈ ਲਿਆ ਗਿਆ। ਇਸ ਸਬੰਧੀ ਔਰਤ ਵਿਰੁੱਧ ਐੱਨ ਡੀ ਪੀ ਐੱਸ ਐਕਟ ਤਹਿਤ ਕੇਸ ਦਰਜ ਕੀਤਾ ਗਿਆ ਹੈ। ਮੁੱਢਲੀ ਪੁੱਛਗਿੱਛ ਵਿੱਚ ਸਤਪਾਲ ਕੌਰ ਨੇ ਖੁਲਾਸਾ ਕੀਤਾ ਕਿ ਉਹ ਇਹ ਨਸ਼ੀਲਾ ਪਦਾਰਥ ਅਨੀਤਾ ਨਿਵਾਸੀ ਵਾਰਡ ਨੰਬਰ 12, ਰਤੀਆ ਤੋਂ ਲੈ ਕੇ ਆਈ ਸੀ। ਪੁਲੀਸ ਟੀਮ ਨੇ ਅਸਲ ਸਪਲਾਇਰ ਅਨੀਤਾ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਹੈ। ਦੋਵੇਂ ਮਹਿਲਾ ਮੁਲਜ਼ਮਾਂ ਦਾ ਪੁਲੀਸ ਰਿਮਾਂਡ ਲੈ ਕੇ ਡੂੰਘਾਈ ਨਾਲ ਜਾਂਚ ਕੀਤੀ ਜਾਵੇਗੀ।

# ਦੋ ਰੋਜ਼ਾ ਪ੍ਰਤਿਭਾ ਖੋਜ ਮੁਕਾਬਲਾ

**ਨਾਰਾਇਣਗੜ੍ਹ, 16 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਕੁਰੂਕਸ਼ੇਤਰ ਯੂਨੀਵਰਸਿਟੀ ਦੇ ਯੁਵਾ ਅਤੇ ਸੱਭਿਆਚਾਰਕ ਵਿਭਾਗ ਦੇ ਨਿਰਦੇਸ਼ਾਂ ਹੇਠ ਸਰਕਾਰੀ ਪੋਸਟ ਗ੍ਰੈਜੂਏਟ ਕਾਲਜ, ਨਾਰਾਇਣਗੜ੍ਹ ਵਿਖੇ ਦੋ ਰੋਜ਼ਾ ਪ੍ਰਤਿਭਾ ਖੋਜ ਮੁਕਾਬਲਾ ਕਰਵਾਇਆ ਗਿਆ। ਇਸ ਮੁਕਾਬਲੇ ਦਾ ਪਹਿਲਾ ਸੈਸ਼ਨ ਕਾਲਜ ਪ੍ਰਿੰਸੀਪਲ ਡਾ. ਰੇਣੂ ਰਿਸ਼ੀ ਦੇ ਨਿਰਦੇਸ਼ਾਂ 'ਤੇ ਕਾਰਜਕਾਰੀ ਪ੍ਰਿੰਸੀਪਲ ਡਾ. ਦੇਵੇਂਦਰ ਢੀਂਗਰਾ ਦੀ ਅਗਵਾਈ ਹੇਠ ਸੱਭਿਆਚਾਰਕ ਅਤੇ ਕਲਾ ਇੰਚਾਰਜ ਕਵਿਤਾ ਪਾਠ, ਭਾਸ਼ਣ, ਪੇਂਟਿੰਗ, ਸੰਗੀਤ ਵਜਾਉਣਾ ਅਤੇ ਹੋਰ ਵੱਖ-ਵੱਖ ਮੁਕਾਬਲੇ ਕਰਵਾਏ ਗਏ।

# ਮੇਰਾ ਯੁਵਾ ਭਾਰਤ ਤਰਨ ਤਾਰਨ ਵੱਲੋਂ ਪਿੰਡ ਮੁਠਿਆਂਵਾਲਾ ਵਿੱਚ ਸਿਹਤ ਵਿਭਾਗ ਅਤੇ ਆਰਮੀ ਯੂਨਿਟ 18 ਡੋਗਰਾ ਦੇ ਸਹਿਯੋਗ ਨਾਲ ਲਗਾਇਆ ਗਿਆ ਮੈਡੀਕਲ ਕੈਂਪ

**ਤਰਨ ਤਾਰਨ, 16 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮੇਰਾ ਯੁਵਾ ਭਾਰਤ ਤਰਨ ਤਾਰਨ ਵੱਲੋਂ ਪਿੰਡ ਮੁਠਿਆਂਵਾਲਾ, ਬਲਾਕ ਵਲਟੋਹਾ ਵਿੱਚ ਸਿਹਤ ਵਿਭਾਗ ਅਤੇ ਆਰਮੀ ਯੂਨਿਟ 18 ਡੋਗਰਾ ਦੇ ਸਹਿਯੋਗ ਨਾਲ ਇੱਕ ਮੈਡੀਕਲ ਕੈਂਪ ਲਗਾਇਆ ਗਿਆ।

ਇਹ ਕੈਂਪ ਡਿਪਟੀ ਡਾਇਰੈਕਟਰ ਮੈਡਮ ਜਸਲੀਨ ਕੌਰ ਦੀ ਦੇਖ-ਰੇਖ ਹੇਠ ਆਯੋਜਿਤ ਕੀਤਾ ਗਿਆ, ਜਿਸ ਦਾ ਮੁੱਖ ਉਦੇਸ਼ ਹੜ੍ਹ ਪ੍ਰਭਾਵਿਤ ਲੋਕਾਂ ਨੂੰ ਮੁਫ਼ਤ ਦਵਾਈਆਂ ਵੰਡਣਾ ਅਤੇ ਉਨ੍ਹਾਂ ਨੂੰ ਤੁਰੰਤ ਸਿਹਤ ਸੇਵਾਵਾਂ ਉਪਲਬਧ ਕਰਵਾਉਣਾ ਸੀ।ਸਿਹਤ ਵਿਭਾਗ ਦੇ ਡਾਕਟਰਾਂ ਅਤੇ 18 ਡੋਗਰਾ ਯੂਨਿਟ ਦੇ ਆਰਮੀ ਡਾਕਟਰਾਂ ਵੱਲੋਂ ਮਰੀਜ਼ ਦੀ ਜਾਂਚ ਕੀਤੀ ਗਈ, ਜ਼ਰੂਰੀ ਇਲਾਜ ਦਿੱਤਾ ਗਿਆ ਅਤੇ ਪ੍ਰਭਾਵਿਤ ਪਰਿਵਾਰਾਂ ਨੂੰ ਮੁਫ਼ਤ ਦਵਾਈਆਂ ਵੰਡੀਆਂ ਗਈਆਂ।ਇਸ ਮੁਹਿੰਮ ਦਾ ਮੰਤਵ ਬਿਮਾਰੀਆਂ ਦੇ ਫੈਲਾਅ ਨੂੰ ਰੋਕਣਾ ਅਤੇ ਹੜ੍ਹ ਪੀੜਤ ਖੇਤਰਾਂ ਵਿੱਚ ਲੋਕਾਂ ਨੂੰ ਸਿਹਤ ਸੇਵਾਵਾਂ ਪ੍ਰਦਾਨ ਕਰਨਾ ਸੀ।



ਡਿਪਟੀ ਡਾਇਰੈਕਟਰ ਮੈਡਮ ਜਸਲੀਨ ਕੌਰ ਨੇ ਸਿਹਤ ਅਧਿਕਾਰੀਆਂ, ਆਰਮੀ ਜਵਾਨਾਂ ਅਤੇ ਮੇਰਾ ਯੁਵਾ ਭਾਰਤ ਦੇ ਸੇਵਾਦਾਰਾਂ ਦੀ ਇਸ ਮਨੁੱਖਤਾ ਭਰੀ ਸੇਵਾ ਲਈ ਸ਼ਲਾਘਾ ਕੀਤੀ ਅਤੇ ਸਮਾਜ ਨੂੰ ਅਪੀਲ ਕੀਤੀ ਕਿ ਹੜ੍ਹ ਪ੍ਰਭਾਵਿਤ ਲੋਕਾਂ ਦੀ ਮਦਦ ਲਈ ਅੱਗੇ ਆਉਣ।ਪਿੰਡ ਵਾਸੀਆਂ ਨੇ ਮੇਰਾ ਯੁਵਾ ਭਾਰਤ ਤਰਨ ਤਾਰਨ, ਸਿਹਤ ਵਿਭਾਗ ਅਤੇ ਆਰਮੀ 18 ਡੋਗਰਾ ਦਾ ਸਮੇਂ-ਸਿਰ ਸਹਿਯੋਗ ਅਤੇ ਸੇਵਾਵਾਂ ਲਈ ਧੰਨਵਾਦ ਕੀਤਾ।

# ਕੈਬਨਿਟ ਮੰਤਰੀ ਸਲਾਲਜੀਤ ਸਿੰਘ ਭੁੱਲਰ ਵਿਧਾਨ ਸਭਾ ਹਲਕਾ ਪੱਟੀ ਦੇ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਪਹੁੰਚੇ

**ਤਰਨ ਤਾਰਨ, 16 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਕੈਬਨਿਟ ਮੰਤਰੀ ਪੰਜਾਬ ਸ. ਲਾਲਜੀਤ ਸਿੰਘ ਭੁੱਲਰ ਅੱਜ ਵਿਧਾਨ ਸਭਾ ਹਲਕਾ ਪੱਟੀ ਦੇ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਪਹੁੰਚੇ ਅਤੇ ਦਰਿਆਈ ਪਾਣੀ ਦੀ ਮਾਰ ਹੇਠ ਆਏ ਵੱਖ-ਵੱਖ ਪਿੰਡਾਂ ਦੇ ਲੋਕਾਂ ਨੂੰ ਲੋੜੀਂਦੀ ਰਾਹਤ ਸਮੱਗਰੀ, ਜ਼ਰੂਰੀ ਵਸਤੂਆਂ ਅਤੇ ਪਸ਼ੂਆਂ ਲਈ ਚਾਰਾ, ਫੀਡ ਅਤੇ ਚੋਕਰ ਆਦਿ ਦੀ ਵੰਡ ਕੀਤੀ।

ਇਸ ਦੌਰਾਨ ਕੈਬਨਿਟ ਮੰਤਰੀ ਪਿੰਡ ਭਾਊਵਾਲ ਵਿਖੇ ਹੜ੍ਹ ਪ੍ਰਭਾਵਿਤ ਲੋਕਾਂ ਲਈ ਖੋਲ੍ਹੇ ਗਏ ਆਰਜ਼ੀ ਰਾਹਤ ਕੈਂਪ ਵਿੱਚ ਪਹੁੰਚੇ। ਇਸ ਮੌਕੇ ਸੰਗਰੂਰ ਤੋਂ ਆਏ ਵੈਟਨਰੀ ਡਾਕਟਰ ਕੈਮਿਸਟ ਐਸੋਸੀਏਸ਼ਨ ਦੇ ਨੁਮਾਇੰਦੇ, ਜੋ ਕਿ ਰਾਹਤ ਕੈਂਪ ਵਿੱਚ ਪਸ਼ੂਆਂ ਲਈ ਦਵਾਈਆਂ ਆਦਿ ਲੈਕੇ ਪੁੱਜੇ ਸਨ, ਉਹਨਾਂ ਦਾ ਧੰਨਵਾਦ ਕੀਤਾ।

ਇਸ ਦੌਰਾਨ ਸ੍ਰ. ਲਾਲਜੀਤ ਸਿੰਘ ਭੁੱਲਰ ਨੇ ਲੁਧਿਆਣਾ ਅਤੇ ਯੂ. ਪੀ. ਤੋਂ ਆਏ ਮੁਸਲਿਮ ਭਾਈਚਾਰੇ ਦਾ ਵੀ ਧੰਨਵਾਦ ਕੀਤਾ ਜੋ ਕਿ ਹਲਕੇ ਦੇ ਹੜ੍ਹ ਪ੍ਰਭਾਵਿਤ ਲੋਕਾਂ ਲਈ ਤਰਪਾਲਾਂ, ਰਾਸ਼ਨ ਅਤੇ ਖਾਣ-ਪੀਣ ਦੀਆਂ ਵਸਤੂਆਂ ਆਦਿ ਲੈਕੇ ਰਾਹਤ ਕੈਂਪ ਵਿੱਚ ਪਹੁੰਚੇ ਸਨ।



ਜ਼ਿਕਰਯੋਗ ਹੈ ਕਿ ਕੈਬਨਿਟ ਮੰਤਰੀ ਸ. ਲਾਲਜੀਤ ਸਿੰਘ ਭੁੱਲਰ ਵੱਲੋਂ ਵਿਧਾਨ ਸਭਾ ਹਲਕਾ ਪੱਟੀ ਦੇ ਪਿੰਡ ਭਾਓਵਾਲ ਵਿਖੇ ਹੜ੍ਹ ਪੀੜ੍ਹਤ ਲੋਕਾਂ ਦੀ ਸਹਾਇਤਾ ਲਈ ਆਰਜ਼ੀ ਰਾਹਤ ਕੈਂਪ ਖੋਲ੍ਹਿਆ ਗਿਆ ਹੈ, ਜਿੱਥੇ ਲੋਕਾਂ ਵੱਲੋਂ ਸੇਵਾ ਦੇ ਰੂਪ ਵਿੱਚ ਆਈ ਰਾਹਤ ਸਮੱਗਰੀ ਨੂੰ ਹੜ੍ਹ ਪ੍ਰਭਾਵਿਤ ਪਿੰਡਾਂ ਦੇ ਲੋੜਵੰਦਾਂ ਲੋਕਾਂ ਵਿੱਚ ਵੰਡਿਆ ਜਾ ਰਿਹਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਸ੍ਰ. ਭੁੱਲਰ ਨੇ ਦੱਸਿਆ ਕਿ ਧੁੱਸੀ ਬੰਨ ਨੂੰ ਮਜ਼ਬੂਤ ਕਰਨ ਲਈ ਬੰਨ੍ਹ 'ਤੇ ਮਿੱਟੀ ਪਾਉਣ ਦੀ ਸੇਵਾ ਕਰਨ ਵਾਲੇ ਸੇਵਾਦਾਰਾਂ ਨੂੰ ਰਾਹਤ ਕੈਂਪ ਵਿੱਚੋਂ ਟਰੈਕਟਰ ਵਿੱਚ ਡੀਜ਼ਲ ਵੀ ਪਾਇਆ ਜਾ ਰਿਹਾ ਹੈ।ਰਾਹਤ ਕੈਂਪ ਵਿੱਚ ਲੋੜਵੰਦਾਂ ਲਈ ਦਵਾਈਆਂ ਦਾ ਪ੍ਰਬੰਧ ਵੀ ਕੀਤਾ ਗਿਆ ਹੈ।

ਉਨ੍ਹਾਂ ਕਿਹਾ ਕਿ ਇਹ ਰਾਹਤ ਕੈਂਪ ਹੜ੍ਹ ਪ੍ਰਭਾਵਿਤ ਲੋਕਾਂ, ਇਲਾਕਾ ਵਾਸੀਆਂ ਅਤੇ ਕਿਸਾਨਾਂ ਦੀ ਸਹੂਲਤ ਲਈ 24 ਘੰਟੇ ਚੱਲ ਰਿਹਾ ਹੈ।

# ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਿਟੀ ਵੱਲੋਂ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਰਾਹਤ ਸਮਗਰੀ ਵੰਡੀ ਗਈ

**ਗੁਰਦਾਸਪੁਰ,16 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਨਯੋਗ ਮੈਂਬਰ ਸਕੱਤਰ, ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐਸ.ਏ.ਐਸ. ਨਗਰ ਅਤੇ ਮਾਨਯੋਗ ਜ਼ਿਲ੍ਹਾ ਅਤੇ ਸੈਸ਼ਨ ਜੱਜ-ਸਹਿਤ, ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਗੁਰਦਾਸਪੁਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸ੍ਰੀ ਹਰਪ੍ਰੀਤ ਸਿੰਘ, ਸੀ.ਜੇ.ਐਮ-ਸਹਿਤ-ਸਕੱਤਰ, ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਗੁਰਦਾਸਪੁਰ ਦੀ ਰਹਿਨੁਮਾਈ ਹੇਠ ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਗੁਰਦਾਸਪੁਰ ਦੀ ਸਾਰੀ ਟੀਮ ਵੱਲੋਂ ਅੱਜ ਜ਼ਿਲ੍ਹੇ ਦੇ ਹੜ੍ਹ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਰਾਹਤ ਸਮਗਰੀ ਵੰਡਣ ਦੇ ਨਾਲ ਹੜ੍ਹਾਂ ਦੀ ਮਾਰ ਹੇਠ ਆਏ ਸਰਕਾਰੀ ਸਕੂਲਾਂ ▾ਚ ਸਫ਼ਾਈ ਅਭਿਆਨ ਚਲਾਇਆ ਗਿਆ।

ਸ੍ਰੀ ਹਰਪ੍ਰੀਤ ਸਿੰਘ, ਸੀ.ਜੇ.ਐਮ-ਸਹਿਤ-ਸਕੱਤਰ, ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਗੁਰਦਾਸਪੁਰ ਦੀ ਰਹਿਨੁਮਾਈ ਹੇਠ ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਗੁਰਦਾਸਪੁਰ ਅਤੇ ਕੋਰ ਗਰੁੱਪ ਦੇ ਮੈਂਬਰਜ਼ ਵੱਲੋਂ ਅੱਜ ਹੜ੍ਹ ਪ੍ਰਭਾਵਿਤ ਪਿੰਡ ਕਾਦੀਆਂ, ਇਸਲਾਮਪੁਰ, ਹਰੂਵਾਲ, ਰੱਤਾ, ਅਬਦਾਲਾ, ਫਰੀਦਪੁਰ ਠੱਠੀ, ਚੰਦੂ ਵਡਾਲਾ, ਧੀਦੋਵਾਲੀ, ਧਰਮਕੋਟ ਰੰਧਾਵਾ, ਧਰਮਕੋਟ ਪਤਨ, ਖੋਦਾ ਬੇਟ, ਚੰਦੂਵਡਾਲਾ ਅਤੇ ਰਾਵੀ ਦਰਿਆ ਤੋਂ ਪਾਰਲੇ ਪੰਜ ਪਿੰਡਾਂ ਰਾਜਪੁਰਾ, ਤੂਰ,



ਚਿੱਬ, ਭਰਿਆਲ ਅਤੇ ਲਸੀਆਂ ਦਾ ਦੌਰਾ ਕਰਕੇ ਹੜ੍ਹ ਪ੍ਰਭਾਵਿਤ ਵਿਅਕਤੀਆਂ ਨੂੰ ਰਾਹਤ ਸਮਗਰੀ ਵਜੋਂ ਖਾਣ-ਪੀਣ ਦਾ ਸਮਾਨ, ਪੀਣ ਵਾਲੇ ਪਾਣੀ ਦੀਆਂ ਪੇਟੀਆਂ, ਮੈਡੀਕਲ ਕਿੱਟਾਂ, ਤਰਪਾਲਾਂ ਅਤੇ ਹੋਰ ਘਰੇਲੂ ਜ਼ਰੂਰਤ ਦਾ ਸਮਾਨ ਵੰਡਿਆ ਗਿਆ।

ਇਸੇ ਦੌਰਾਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਿਟੀ ਦੀ ਟੀਮ ਵੱਲੋਂ ਡੇਰਾ ਬਾਬਾ ਨਾਨਕ ਬਲਾਕ ਦੇ ਹੜ੍ਹ ਪ੍ਰਭਾਵਿਤ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸਿੰਘਪੁਰਾ ਵਿੱਚ ਸਫਾਈ ਅਭਿਆਨ ਚਲਾਇਆ ਗਿਆ।

ਇਸ ਸਕੂਲ ਵਿੱਚ ਮਸ਼ੀਨ ਦੁਆਰਾ ਵਾਧੂ ਘਾਹ ਕੱਟਿਆ ਗਿਆ ਅਤੇ ਸਕੂਲ ਦੇ ਸਾਰੇ ਕਮਰਿਆਂ ਦੀ ਚੰਗੀ ਤਰ੍ਹਾਂ ਸਫਾਈ ਕੀਤੀ ਗਈ ਤਾਂ ਜੋ ਸਕੂਲ ਵਿੱਚ ਬੱਚਿਆਂ ਦੀ ਪੜ੍ਹਾਈ ਜਾਰੀ ਕੀਤੀ ਜਾ ਸਕੇ।

ਸ੍ਰੀ ਹਰਪ੍ਰੀਤ ਸਿੰਘ ਨੇ ਦੱਸਿਆ ਕਿ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਗੁਰਦਾਸਪੁਰ ਵੱਲੋਂ ਵੱਖ-ਵੱਖ ਟੀਮਾਂ ਬਣਾਈਆਂ ਜਾ ਰਹੀਆਂ ਹਨ ਜੋ ਜ਼ਿਲ੍ਹੇ ਦੇ ਹੜ੍ਹ ਪ੍ਰਭਾਵਿਤ ਪਿੰਡਾਂ ਦੇ ਘਰ-ਘਰ ਵਿੱਚ ਜਾ ਕੇ ਲੋਕਾਂ ਨੂੰ ਮਿਲਣਗੀਆਂ ਅਤੇ ਉਹਨਾਂ ਦਾ ਹੜ੍ਹਾਂ ਨਾਲ ਜੋ ਨੁਕਸਾਨ ਹੋਇਆ ਹੈ ਉਸ ਬਾਰੇ ਜਾਣਕਾਰੀ ਇਕੱਠੀ ਕਰਨਗੀਆਂ।

ਟੀਮਾਂ ਵੱਲੋਂ ਇਸ ਸਬੰਧੀ ਰੀਪੋਰਟ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਗੁਰਦਾਸਪੁਰ ਨੂੰ ਦਿੱਤੀ ਜਾਵੇਗੀ ਅਤੇ ਫਿਰ ਇਹਨਾਂ ਮੁਸ਼ਕਿਲਾਂ ਨੂੰ ਜਿਲ੍ਹਾ ਪ੍ਰਸ਼ਾਸ਼ਨ, ਗੁਰਦਾਸਪੁਰ ਦੇ ਧਿਆਨ ਵਿੱਚ ਲਿਆ ਕਿ ਇਹਨਾਂ ਨੂੰ ਹੱਲ ਕੀਤਾ ਜਾਵੇਗਾ।

# ਪ੍ਰਧਾਨ ਮੰਤਰੀ ਮੋਦੀ ਦੇ ਜਨਮ ਦਿਨ ’ਤੇ ’ਨਮੋ ਪ੍ਰਗਤੀ ਦਿੱਲੀ- ਬਾਲ ਸਵਰ ਸੇ ਰਾਸ਼ਟਰ ਸਵਰ ਤਕ’ ਗੀਤ ਲਾਂਚ

**ਕੌਮੀ ਪਤ੍ਰਿਕਾ**

ਨਵੀਂ ਦਿੱਲੀ, 16 ਸਤੰਬਰ: ਦਿੱਲੀ ਸਕੱਤਰੇਤ ਭਾਵਨਾਵਾਂ, ਖੁਸ਼ੀ ਅਤੇ ਦੇਸ਼ ਭਗਤੀ ਨਾਲ ਭਰੇ ਇੱਕ ਇਤਿਹਾਸਕ ਪਲ ਦਾ ਗਵਾਹ ਬਣਿਆ। ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਜਨਮਦਿਨ ਦੇ ਮੌਕੇ ’ਤੇ ਵਿਸ਼ੇਸ਼ ਤੌਰ ’ਤੇ ਰਚਿਆ ਗਿਆ ਇੱਕ ਗੀਤ ’ਨਮੋ ਪ੍ਰਗਤੀ ਦਿੱਲੀ – ਬਾਲ ਸਵਰ ਸੇ ਰਾਸ਼ਟਰ ਸਵਰ ਤੱਕ’ ਅਧਿਕਾਰਤ ਤੌਰ ’ਤੇ ਲਾਂਚ ਕੀਤਾ। ਇਹ ਗੀਤ ਦਿੱਲੀ ਦੇ ਸਰਕਾਰੀ ਸਕੂਲਾਂ ਦੇ ਬੱਚਿਆਂ ਨੇ ਆਪਣੀਆਂ ਆਵਾਜ਼ਾਂ ਵਿੱਚ ਗਾਇਆ ਹੈ ਅਤੇ ਇਹ ਭਾਰਤ ਦੀਆਂ ਵੱਖ-ਵੱਖ ਭਾਸ਼ਾਵਾਂ ਦੀਆਂ ਧੁਨਾਂ ਦਾ ਮਿਸ਼ਰਣ ਹੈ। ਇਹ ਗੀਤ ਮਾਨਯੋਗ ਪ੍ਰਧਾਨ ਮੰਤਰੀ ਦੀ ਰਾਸ਼ਟਰ ਨਿਰਮਾਣ ਦੀ ਯਾਤਰਾ ਅਤੇ ’ਏਕ ਭਾਰਤ, ਸ੍ਰੇਸ਼ਠ ਭਾਰਤ’ ਲਈ ਉਨ੍ਹਾਂ ਦੇ ਸੰਕਲਪ ਦਾ ਇੱਕ ਸ਼ਕਤੀਸ਼ਾਲੀ ਪ੍ਰਤੀਕ ਹੈ। ਮੁੱਖ ਮੰਤਰੀ ਨੇ ਪਿਆਰ ਅਤੇ ਸਨੇਹ ਨਾਲ ਇੱਕ ਸੁੰਦਰ ਗੀਤ ਅਤੇ ਵੀਡੀਓ ਬਣਾਉਣ ਵਾਲੇ ਬੱਚਿਆਂ ਨੂੰ ਵਿਸ਼ੇਸ਼ ਤੌਰ ’ਤੇ ਵਧਾਈ ਦਿੱਤੀ ਅਤੇ ਵੱਖ-ਵੱਖ ਭਾਸ਼ਾਵਾਂ ਵਿੱਚ ਪ੍ਰਧਾਨ ਮੰਤਰੀ ਨੂੰ ਸ਼ੁਭਕਾਮਨਾਵਾਂ ਦਿੱਤੀਆਂ। ਉਨ੍ਹਾਂ ਨੇ ਇਸਨੂੰ ਪ੍ਰਧਾਨ ਮੰਤਰੀ ਲਈ ਇੱਕ ਵੱਡਾ ਅਤੇ ਅਨਮੋਲ ਤੋਹਫ਼ਾ ਕਿਹਾ। ਜਿਵੇਂ ਹੀ ਮੁੱਖ ਮੰਤਰੀ ਰੇਖਾ ਗੁਪਤਾ ਸਕੱਤਰੇਤ ਪਹੁੰਚੀ, ਦਿੱਲੀ ਦੇ ਸਰਕਾਰੀ ਸਕੂਲਾਂ ਦੇ ਬੱਚਿਆਂ ਨੇ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ। 50 ਤੋਂ ਵੱਧ ਸਰਕਾਰੀ ਸਕੂਲਾਂ ਨੇ ਇਸ ਵਿੱਚ ਸਰਗਰਮੀ




ਨਾਲ ਹਿੱਸਾ ਲਿਆ, ਜਿਸ ਵਿੱਚ ਗਾਇਕੀ, ਨ੍ਰਿਤ, ਫੋਟੋਗ੍ਰਾਫੀ, ਵੀਡੀਓਗ੍ਰਾਫੀ ਅਤੇ ਕੋਰੀਓਗ੍ਰਾਫੀ ਵਰਗੀਆਂ ਪ੍ਰਤਿਭਾਵਾਂ ਦਾ ਪ੍ਰਦਰਸ਼ਨ ਕੀਤਾ ਗਿਆ। ਇਸ ਤੋਂ ਇਲਾਵਾ, 400 ਤੋਂ ਵੱਧ ਵਿਦਿਆਰਥੀਆਂ ਨੇ ਇਸ ਵਿਸ਼ੇਸ਼ ਗੀਤ ਦੀ ਰਿਕਾਰਡਿੰਗ, ਰਚਨਾ ਅਤੇ ਪੇਸ਼ਕਾਰੀ ਵਿੱਚ ਯੋਗਦਾਨ ਪਾਇਆ, ਜੋ ਸਿੱਧੇ ਤੌਰ ’ਤੇ ਪ੍ਰਧਾਨ ਮੰਤਰੀ ਨੂੰ ਸਮਰਪਿਤ ਹੈ। ਗੀਤ ਤੋਂ ਇਲਾਵਾ, ਵਿਦਿਆਰਥੀਆਂ ਨੇ 300 ਤੋਂ ਵੱਧ ਹੱਥ ਨਾਲ ਬਣੇ ਗ੍ਰੀਟਿੰਗ ਕਾਰਡ ਵੀ ਤਿਆਰ ਕੀਤੇ, ਜਿਨ੍ਹਾਂ ਵਿੱਚ ਉਨ੍ਹਾਂ ਨੇ ਵਿਅਕਤੀਗਤ ਜਨਮਦਿਨ ਦੀਆਂ ਸ਼ੁਭਕਾਮਨਾਵਾਂ ਲਿਖੀਆਂ। ਇਹ ਕਾਰਡ ਮੁੱਖ ਮੰਤਰੀ ਨੂੰ ਸੌਂਪੇ ਗਏ, ਜਿਨ੍ਹਾਂ ਨੇ ਵਿਦਿਆਰਥੀਆਂ ਨੂੰ ਭਰੋਸਾ ਦਿੱਤਾ ਕਿ ਉਹ ਇਸ ਗੀਤ ਦੇ ਨਾਲ-ਨਾਲ ਉਨ੍ਹਾਂ ਨੂੰ ਨਿੱਜੀ ਤੌਰ ’ਤੇ ਪ੍ਰਧਾਨ ਮੰਤਰੀ ਮੋਦੀ ਤੱਕ ਪਹੁੰਚਾਉਣਗੇ। ਇਸ ਦੌਰਾਨ, ਮੁੱਖ ਮੰਤਰੀ ਨੇ ਬੱਚਿਆਂ ਨਾਲ ਗੱਲਬਾਤ ਕੀਤੀ, ਉਨ੍ਹਾਂ ਨੂੰ ਜੱਫੀ ਪਾ ਕੇ ਉਨ੍ਹਾਂ ਦਾ ਹੌਸਲਾ ਵਧਾਇਆ ਅਤੇ ਉਨ੍ਹਾਂ ਦੇ ਯਤਨਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਨੇ ਹਾਈ-ਟੀ ਵਿੱਚ ਸ਼ਾਮਲ ਹੋ ਕੇ ਬੱਚਿਆਂ ਨਾਲ ਸਮਾਂ ਬਿਤਾਇਆ ਅਤੇ ਇੱਕ ਸਮੂਹ ਸੈਲਫੀ ਵੀ ਲਈ। ਦਿੱਲੀ ਸਰਕਾਰ ਦੇ ਕੈਬਨਿਟ ਮੰਤਰੀ ਆਸ਼ੀਸ਼ ਸੂਦ ਅਤੇ ਮਨਜਿੰਦਰ ਸਿੰਘ ਸਿਰਸਾ ਵੀ ਇਸ ਮੌਕੇ ’ਤੇ ਮੌਜੂਦ ਸਨ। ਮੁੱਖ ਮੰਤਰੀ ਰੇਖਾ ਗੁਪਤਾ ਨੇ ਪ੍ਰਧਾਨ ਮੰਤਰੀ ਨੂੰ ਉਨ੍ਹਾਂ ਦੇ ਜਨਮਦਿਨ ’ਤੇ ਸ਼ੁਭਕਾਮਨਾਵਾਂ ਦਿੰਦੇ ਹੋਏ ਕਿਹਾ ਕਿ ਮੇਰੀ ਅਤੇ ਦਿੱਲੀ ਦੇ ਸਾਰੇ ਲੋਕਾਂ ਵੱਲੋਂ, ਮੈਂ ਭਾਰਤ ਦੇ ਆਉਣ ਵਾਲੇ ਪ੍ਰਧਾਨ ਮੰਤਰੀ ਨੂੰ ਜਨਮਦਿਨ ਦੀਆਂ ਬਹੁਤ-ਬਹੁਤ ਮੁਬਾਰਕਾਂ ਦਿੰਦੀ ਹਾਂ। ਪਰਮਾਤਮਾ ਦਾ ਆਸ਼ੀਰਵਾਦ ਤੁਹਾਡੇ ’ਤੇ ਅਤੇ ਤੁਹਾਡੇ ਰਾਹੀਂ ਪੂਰੇ ਭਾਰਤ ’ਤੇ ਰਹੇ। ਬੱਚਿਆਂ ਦੁਆਰਾ ਪੇਸ਼ ਕੀਤੇ ਗਏ ਗੀਤ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਸਿਰਫ਼ ਇੱਕ ਗੀਤ ਨਹੀਂ ਹੈ, ਸਗੋਂ ਰਾਸ਼ਟਰ ਦੀ ਸਮੂਹਿਕ ਭਾਵਨਾ ਦੀ ਆਵਾਜ਼ ਹੈ, ਜਿਸ ਨੂੰ ਇਨ੍ਹਾਂ ਛੋਟੇ ਬੱਚਿਆਂ ਨੇ ਸਾਕਾਰ ਕੀਤਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਬੱਚਿਆਂ ਦੀਆਂ ਸ਼ੁਭਕਾਮਨਾਵਾਂ ਅਤੇ ਉਨ੍ਹਾਂ ਦਾ ਆਸ਼ੀਰਵਾਦ ਪ੍ਰਧਾਨ ਮੰਤਰੀ ਲਈ ਸਭ ਤੋਂ ਵੱਡੀ ਪ੍ਰਾਪਤੀ ਹੈ। ਇਸ ਮੌਕੇ ਦਿੱਲੀ ਦੇ ਸਿੱਖਿਆ ਮੰਤਰੀ ਆਸ਼ੀਸ਼ ਸੂਦ ਨੇ ਕਿਹਾ ਕਿ ਪਿਛਲੇ 11 ਸਾਲਾਂ ਵਿੱਚ, ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ ਵਿੱਚ ਭਾਰਤ ਨੇ ਨਵੀਆਂ ਉਚਾਈਆਂ ਨੂੰ ਛੂਹਿਆ ਹੈ। ਉਨ੍ਹਾਂ ਦੀ ਦੂਰਦਰਸ਼ੀ ਸੋਚ ਅਤੇ ਅਜਿੱਤ ਸੰਕਲਪ ਨੇ ਵਿਭਿੰਨਤਾ ਨਾਲ ਭਰੇ ਭਾਰਤ ਨੂੰ ਵਿਸ਼ਵ ਮੰਚ ’ਤੇ ਇੱਕ ਮਜ਼ਬੂਤ ??ਅਤੇ ਸਵੈ-ਨਿਰਭਰ ਰਾਸ਼ਟਰ ਵਜੋਂ ਸਥਾਪਿਤ ਕੀਤਾ ਹੈ। ਉਨ੍ਹਾਂ ਦੱਸਿਆ ਕਿ ਪ੍ਰਧਾਨ ਮੰਤਰੀ ਦੇ ਜਨਮਦਿਨ ਦੇ ਮੌਕੇ ’ਤੇ, ਮੁੱਖ ਮੰਤਰੀ ਦੀ ਅਗਵਾਈ ਹੇਠ, ਦਿੱਲੀ ਸਕੂਲ ਸਿੱਖਿਆ ਵਿਭਾਗ ਨੇ ਇੱਕ ਵਿਸ਼ੇਸ਼ ਗੀਤ ਲਾਂਚ ਕੀਤਾ, ਜਿਸ ਵਿੱਚ ਵੱਖ-ਵੱਖ ਭਾਸ਼ਾਵਾਂ ਵਿੱਚ ਮੋਦੀ ਜੀ ਨੂੰ ਜਨਮਦਿਨ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ। ’ਏਕ ਭਾਰਤ- ਸ੍ਰੇਸ਼ਠ ਭਾਰਤ- ਵਿਕਸਿਤ ਭਾਰਤ’ ਦੇ ਇਸ ਸੰਗੀਤਕ ਤੋਹਫ਼ੇ ਰਾਹੀਂ ਪ੍ਰਧਾਨ ਮੰਤਰੀ ਨੂੰ ਸਨਮਾਨਿਤ ਕੀਤਾ ਗਿਆ। ਦਿੱਲੀ ਦੇ ਸਰਕਾਰੀ ਸਕੂਲਾਂ ਦੇ ਬੱਚਿਆਂ ਨੇ ਆਪਣੀਆਂ ਮਾਸੂਮ ਆਵਾਜ਼ਾਂ ਰਾਹੀਂ ’ਅਨੇਕਤਾ ਵਿੱਚ ਏਕਤਾ’ ਦਾ ਸੰਦੇਸ਼ ਪੇਸ਼ ਕੀਤਾ ਅਤੇ ਦੇਸ਼ ਦੀ ਸੇਵਾ ਲਈ ਸਮਰਪਿਤ ਪ੍ਰਧਾਨ ਮੰਤਰੀ ਦੇ ਜੀਵਨ ਨੂੰ ਸ਼ਰਧਾਂਜਲੀ ਦਿੱਤੀ।

## ਜਲੰਧਰ ਦੇ ਮੇਅਰ ਵਿਨੀਤ ਧੀਰ ਦਾ ਵਿਰੋਧੀ ਧਿਰ ’ਤੇ ਪਲਟਵਾਰ

ਜਲੰਧਰ 16 ਸਤੰਬਰ। ਨਗਰ ਨਿਗਮ ਵਿਚ ਵਿਕਾਸ ਕਾਰਜਾਂ ਨੂੰ ਲੈ ਕੇ ਵਿਰੋਧੀ ਅਤੇ ਸੱਤਾ ਧਿਰ ਆਹਮੋ-ਸਾਹਮਣੇ ਆ ਗਈਆਂ ਹਨ। ਅੱਜ ਭਾਜਪਾ ਕੌਂਸਲਰ ਦਲ ਨੇ ਇਕ ਪ੍ਰੈੱਸ ਕਾਨਫ਼ਰੰਸ ਕਰਕੇ ਨਿਗਮ ਪ੍ਰਸ਼ਾਸਨ, ਵਿਸ਼ੇਸ਼ ਕਰਕੇ ਮੇਅਰ ਅਤੇ ਕਮਿਸ਼ਨਰ ’ਤੇ ਦੋਸ਼ ਲਾਇਆ ਕਿ ਉਨ੍ਹਾਂ ਦੇ ਵਾਰਡਾਂ ਵਿਚ ਵਿਕਾਸ ਕਾਰਜਾਂ ਨੂੰ ਲੈ ਕੇ ਭੇਦਭਾਵ ਕੀਤਾ ਜਾ ਰਿਹਾ ਹੈ। ਪ੍ਰੈੱਸ ਕਾਨਫ਼ਰੰਸ ਦੇ ਤੁਰੰਤ ਬਾਅਦ ਮੇਅਰ ਵਨੀਤ ਧੀਰ ਨੇ ਵੀ ਵਿਰੋਧੀ ਕੌਂਸਲਰਾਂ ਦੇ ਦੋਸ਼ਾਂ ’ਤੇ ਪਲਟਵਾਰ ਅਤੇ ਵਿਅੰਗ ਕਰਦਿਆਂ ਕਿਹਾ ਕਿ ਪ੍ਰੈੱਸ ਕਾਨਫ਼ਰੰਸ ਵਿਚ ਬੈਠੇ ਕਈ ਭਾਜਪਾ ਕੌਂਸਲਰ ਰੋਜ਼ਾਨਾ ਸੋਸ਼ਲ ਮੀਡੀਆ ’ਤੇ ਲਾਈਵ ਹੋ ਕੇ ਇਹ ਦਾਅਵਾ ਕਰਦੇ ਹਨ ਕਿ ਨਿਗਮ ਉਨ੍ਹਾਂ ਦੇ ਵਾਰਡਾਂ ਵਿਚ ਲਗਾਤਾਰ ਵਿਕਾਸ ਕਾਰਜ ਕਰਵਾ ਰਿਹਾ ਹੈ। ਜੇਕਰ ਉਨ੍ਹਾਂ ਨਾਲ ਭੇਦਭਾਵ ਹੋ ਰਿਹਾ ਹੈ ਤਾਂ ਕੀ ਉਹ ਸੋਸ਼ਲ ਮੀਡੀਆ ਵਿਚ ਝੂਠ ਬੋਲ ਰਹੇ ਹਨ। ਮੇਅਰ ਨੇ ਕਿਹਾ ਕਿ ਰਾਜੀਵ ਢੀਂਗਰਾ, ਕੰਵਰ ਸਰਤਾਜ, ਅਮਿਤ ਸੰਧਾ, ਕੌਂਸਲਰ ਮੀਨੀਆ, ਤਰਵਿੰਦਰ ਸੋਈ ਸਮੇਤ ਅਨੇਕ ਭਾਜਪਾ ਕੌਂਸਲਰਾਂ ਦੇ ਸੋਸ਼ਲ ਮੀਡੀਆ ਅਕਾਊਂਟ ਸਾਫ ਦੱਸਦੇ ਹਨ ਕਿ ਉਨ੍ਹਾਂ ਦੇ ਵਾਰਡਾਂ ਵਿਚ ਸੁਪਰ ਸਕਸ਼ਨ ਮਸ਼ੀਨ, ਟਰਾਲੀ ਅਤੇ ਹੋਰ ਮਸ਼ੀਨਰੀ ਜ਼ਰੀਏ ਨਿਗਮ ਟੀਮਾਂ ਸਰਗਰਮ ਹਨ। ਉਨ੍ਹਾਂ ਕਿਹਾ ਕਿ ਕੌਂਸਲਰ ਢੰਡ ਦੇ ਵਾਰਡ ਵਿਚ 2 ਦਿਨ ਪਹਿਲਾਂ ਹੀ ਉਦਘਾਟਨ ਹੋਇਆ, ਜਿਸ ਵਿਚ ਉਹ ਖ਼ੁਦ ਨਿਗਮ ਤੋਂ ਸੰਤੁਸ਼ਟ ਨਜ਼ਰ ਆ ਰਹੇ ਸਨ। ਮੇਅਰ ਨੇ ਦਾਅਵਾ ਕੀਤਾ ਕਿ ਕੁਝ ਭਾਜਪਾ ਕੌਂਸਲਰਾਂ ਨੇ ਖ਼ੁਦ ਸਵੀਕਾਰ ਕੀਤਾ ਹੈ ਕਿ ਉਨ੍ਹਾਂ ਨੂੰ ਪਾਰਟੀ ਦੇ ਦਬਾਅ ਕਾਰਨ ਇਹ ਪ੍ਰੈੱਸ ਕਾਨਫ਼ਰੰਸ ਕਰਨੀ ਪਈ। ਉਨ੍ਹਾਂ ਕਿਹਾ ਕਿ ਇਹ ਸਮਾਂ ਸਿਆਸੀ ਰੋਟੀਆਂ ਸੇਕਣ ਦਾ ਨਹੀਂ ਹੈ, ਸਗੋਂ ਇਕਜੁੱਟ ਹੋ ਕੇ ਸ਼ਹਿਰ ਨੂੰ ਵਿਕਾਸ ਦੀ ਦਿਸ਼ਾ ਵਿਚ ਹੋਰ ਅੱਗੇ ਲਿਜਾਣ ਦਾ ਹੈ, ਜਿਸ ਵਿਚ ਸਾਰਿਆਂ ਦੇ ਸਹਿਯੋਗ ਦੀ ਲੋੜ ਹੈ। ਸੋਢਲ ਮੇਲੇ ਦਾ ਜ਼ਿਕਰ ਕਰਦਿਆਂ ਮੇਅਰ ਨੇ ਵਿਅੰਗ ਭਰੇ ਲਹਿਜ਼ੇ ਵਿਚ ਕਿਹਾ ਕਿ ਉਥੇ ਉਨ੍ਹਾਂ ਨੂੰ ਕੌਂਸਲਰ ਰਾਜੀਵ ਢੀਂਗਰਾ ਅਤੇ ਅਮਿਤ ਸਿੰਘ ਸੰਧਾ ਖ਼ੁਦ ਮਿਲੇ ਸਨ। ਉਨ੍ਹਾਂ ਤੋਂ ਪੁੱਛਿਆ ਜਾਣਾ ਚਾਹੀਦਾ ਹੈ ਕਿ ਕੀ ਉਹ ਮੇਲੇ ਵਿਚ ਤੈਰ ਕੇ ਗਏ ਸਨ ਜਾਂ ਉੱਡ ਕੇ।

## ਲਓ ਜੀ, ਲਾਗੂ ਹੋ ਗਏ ਨਵੇਂ ਨਿਯਮ ! ਜ਼ਿਲ੍ਹਾ ਮੈਜਿਸਟਰੇਟ ਨੇ ਲਾਈਆਂ ਵੱਖ-ਵੱਖ ਪਾਬੰਦੀਆਂ

ਜਲਾਲਾਬਾਦ 16 ਸਤੰਬਰ। ਜ਼ਿਲ੍ਹਾ ਮੈਜਿਸਟ?ਰੇਟ ਅਮਰਪ੍ਰੀਤ ਕੌਰ ਸੰਧੂ ਆਈ. ਏ. ਐੱਸ. ਨੇ ਭਾਰਤੀ ਨਾਗਰਿਕ ਸੁਰੱਖਿਆ ਸਹਿੰਤਾ 2023 ਦੀ ਧਾਰਾ 163 (ਪੁਰਾਣੀ ਸੀ. ਆਰ. ਪੀ. ਸੀ., 1973 ਦੀ ਧਾਰਾ 144) ਅਧੀਨ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹਾ ਫਾਜ਼ਿਲਕਾ ਦੀ ਹਦੂਦ ਅੰਦਰ ਝੋਨੇ ਦੀ ਪਰਾਲੀ ਅਤੇ ਰਹਿੰਦ-ਖੂੰਹਦ ਨੂੰ ਅੱਗ ਲਗਾਉਣ ’ਤੇ ਪਾਬੰਦੀ ਦੇ ਹੁਕਮ ਦਿੱਤੇ ਹਨ। ਇਹ ਹੁਕਮ 30 ਨਵੰਬਰ 2025 ਤੱਕ ਲਾਗੂ ਰਹਿਣਗੇ। ਮੌਜੂਦਾ ਸਾਲ 2025 ਦੀ ਫ਼ਸਲ ਝੋਨੇ (ਜੀਰੀ) ਦੀ ਕਟਾਈ ਦਾ ਸੀਜ਼ਨ ਸ਼ੁਰੂ ਹੋਣ ਵਾਲਾ ਹੈ। ਦੇਖਣ ’ਚ ਆਇਆ ਹੈ ਕਿ ਝੋਨੇ ਦੀ ਫ਼ਸਲ ਕੱਟਣ ਉਪਰੰਤ ਪਰਾਲੀ ਦੀ ਰਹਿੰਦ-ਖੂੰਹਦ ਨੂੰ ਸਬੰਧਿਤ ਮਾਲਕਾਂ ਵੱਲੋਂ ਅੱਗ ਲਗਾ ਦਿੱਤੀ ਜਾਂਦੀ ਹੈ। ਇਸ ਨਾਲ ਨੁਕਸਾਨ ਹੋਣ ਦਾ ਖ਼ਦਸ਼ਾ ਬਣਿਆ ਰਹਿੰਦਾ ਹੈ। ਹਵਾ ’ਚ ਧੂੰਏਂ ਨਾਲ ਬਹੁਤ ਪ੍ਰਦੂਸ਼ਣ ਫੈਲਦਾ ਹੈ, ਜਿਸ ਨਾਲ ਸਾਹ ਦੀਆਂ ਬੀਮਾਰੀਆਂ ਹੋ ਸਕਦੀਆਂ ਹਨ। ਰਹਿੰਦ-ਖੂੰਹਦ ਨੂੰ ਅੱਗ ਲੱਗਣ ਨਾਲ ਜ਼ਮੀਨ ਦੀ ਉਪਜਾਊ ਸ਼ਕਤੀ ਘੱਟਦੀ ਹੈ। ਇਸ ਨਾਲ ਆਲੇ-ਦੁਆਲੇ ਖੜ੍ਹੀ ਫ਼ਸਲ ਜਾਂ ਪਿੰਡ ’ਚ ਅੱਗ ਲੱਗਣ ਦਾ ਡਰ ਰਹਿੰਦਾ ਹੈ। ਇਸ ਨਾਲ ਕਈ ਵੱਡੇ ਹਾਦਸੇ ਵੀ ਵਾਪਰ ਸਕਦੇ ਹਨ। ਸੜਕ ਦੁਆਲੇ ਰਹਿੰਦ-ਖੂੰਹਦ ਨੂੰ ਅੱਗ ਲਗਾਉਣ ਨਾਲ ਆਵਾਜਾਈ ’ਚ ਵਿਘਨ ਪੈਂਦਾ ਹੈ ਅਤੇ ਕਈ ਹਾਦਸੇ ਹੋ ਜਾਂਦੇ ਹਨ। ਇਸ ਨਾਲ ਪਿੰਡਾਂ ’ਚ ਲੜਾਈ-ਝਗੜਾ ਹੋਣ ਦਾ ਡਰ ਵੀ ਰਹਿੰਦਾ ਹੈ। ਇਸ ਨੂੰ ਰੋਕਣਾ ਲੋਕ ਹਿੱਤ ’ਚ ਬਹੁਤ ਜ਼ਰੂਰੀ ਹੈ। ਦੁਰਲੱਭ ਅਤੇ ਲਾਭਦਾਇਕ ਜੀਵ-ਜੰਤੂਆਂ ਦੀ ਵਿਰਾਸਤ ਦਾ ਸਰਮਾਇਆ ਖ਼ਤਮ ਹੋ ਜਾਂਦਾ ਹੈ। ਲੋਕਾਂ ਦੀ ਸੁਰੱਖਿਆ ਅਤੇ ਅਮਨ-ਕਾਨੂੰਨ ਦੀ ਸਥਿਤੀ ਨੂੰ ਬਣਾਈ ਰੱਖਣ ਲਈ ਇਹ ਸਖ਼ਤ ਕਦਮ ਚੁੱਕਣ ਦੀ ਲੋੜ ਜਾਪਦੀ ਹੈ।

## ਮਹਿੰਗੇ ਸੋਨੇ ਤੋਂ ਗਾਹਕਾਂ ਨੇ ਕੀਤੀ ਤੋਬਾ, ਘਟੀ ਡਿਮਾਂਡ, ਚੀਨ ਦੇ ਰਿਹਾ ਭਾਰੀ ਛੋਟ

ਬਿਜ਼ਨਸ ਡੈਸਕ 16 ਸਤੰਬਰ। ਇਸ ਸਮੇਂ ਸੋਨੇ ਦੀਆਂ ਕੀਮਤਾਂ ਅਸਮਾਨ ਛੂਹ ਰਹੀਆਂ ਹਨ। ਇਹ ਵਾਧਾ ਇੰਨਾ ਜ਼ਿਆਦਾ ਹੈ ਕਿ ਇਹ ਆਮ ਆਦਮੀ ਦੀ ਪਹੁੰਚ ਤੋਂ ਬਾਹਰ ਹੁੰਦਾ ਜਾ ਰਿਹਾ ਹੈ। ਨਾ ਸਿਰਫ਼ ਭਾਰਤ ਵਿੱਚ, ਸਗੋਂ ਏਸ਼ੀਆ ਦੇ ਕਈ ਵੱਡੇ ਬਾਜ਼ਾਰਾਂ ਵਿੱਚ ਇਸ ਹਫ਼ਤੇ ਸੋਨੇ ਦੀ ਮੰਗ ਕਮਜ਼ੋਰ ਰਹੀ ਹੈ। ਮੰਗ ਬਣਾਈ ਰੱਖਣ ਲਈ, ਚੀਨ ਨੇ ਸੋਨੇ ’ਤੇ ਛੋਟ ਦੇਣੀ ਸ਼ੁਰੂ ਕਰ ਦਿੱਤੀ ਹੈ, ਜੋ ਕਿ ਪਿਛਲੇ ਨੌਂ ਮਹੀਨਿਆਂ ਵਿੱਚ ਸਭ ਤੋਂ ਵੱਧ ਹੈ। ਮੰਗਲਵਾਰ ਨੂੰ, ਸਪਾਟ ਸੋਨੇ ਦੀ ਕੀਮਤ 3,673.95 ਡਾਲਰ ਪ੍ਰਤੀ ਔਂਸ ਦੇ ਰਿਕਾਰਡ ਪੱਧਰ ’ਤੇ ਪਹੁੰਚ ਗਈ। ਚੀਨ ਵਿੱਚ ਡੀਲਰਾਂ ਨੇ ਗਲੋਬਲ ਬੈਂਚਮਾਰਕ ਕੀਮਤਾਂ ’ਤੇ 17-24 ਡਾਲਰ ਪ੍ਰਤੀ ਔਂਸ ਤੱਕ ਦੀ ਛੋਟ ਦਿੱਤੀ, ਜਦੋਂ ਕਿ ਪਿਛਲੇ ਹਫ਼ਤੇ ਇਹ ਛੋਟ 12-16 ਡਾਲਰ ਸੀ। ਇਸ ਦੇ ਬਾਵਜੂਦ, ਮੰਗ ਵਿੱਚ ਕੋਈ ਮਹੱਤਵਪੂਰਨ ਸੁਧਾਰ ਨਹੀਂ ਹੋਇਆ ਹੈ। ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਰਿਕਾਰਡ ਉੱਚ ਕੀਮਤਾਂ ਨੇ ਚੀਨ ਵਿੱਚ ਮੰਗ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ, ਖਾਸ ਕਰਕੇ ਗਹਿਣਿਆਂ ਲਈ। ਸ਼ੰਘਾਈ ਫਿਊਚਰਜ਼ ਐਕਸਚੇਂਜ ’ਤੇ ਭੌਤਿਕ ਸੋਨੇ ਦੀ ਹੋਲਡਿੰਗ 50 ਮੀਟ੍ਰਿਕ ਟਨ ਤੋਂ ਵੱਧ ਹੋ ਗਈ ਹੈ ਅਤੇ ਸ਼ੰਘਾਈ ਗੋਲਡ ਐਕਸਚੇਂਜ ’ਤੇ ਵਪਾਰਕ ਮਾਤਰਾ ਚਾਰ ਮਹੀਨਿਆਂ ਦੇ ਉੱਚ ਪੱਧਰ ’ਤੇ ਪਹੁੰਚ ਗਈ ਹੈ। ਇਸਦਾ ਮਤਲਬ ਹੈ ਕਿ ਲੋਕ ਸੋਨਾ ਖਰੀਦ ਰਹੇ ਹਨ ਪਰ ਗਹਿਣਿਆਂ ਦੀ ਬਜਾਏ ਨਿਵੇਸ਼ ਲਈ। ਇਸ ਦੇ ਨਾਲ ਹੀ, ਚੀਨ ਦਾ ਕੇਂਦਰੀ ਬੈਂਕ ਲਗਾਤਾਰ 10ਵੇਂ ਮਹੀਨੇ ਸੋਨਾ ਖਰੀਦ ਰਿਹਾ ਹੈ। ਭਾਰਤ ਵਿੱਚ ਵੀ ਸੋਨੇ ਦੀਆਂ ਕੀਮਤਾਂ ਰਿਕਾਰਡ ਪੱਧਰ ’ਤੇ ਹਨ। ਸ਼ੁੱਕਰਵਾਰ ਨੂੰ ਘਰੇਲੂ ਬਾਜ਼ਾਰ ਵਿੱਚ ਸੋਨਾ ਲਗਭਗ 1,09,500 ਰੁਪਏ ਪ੍ਰਤੀ 10 ਗ੍ਰਾਮ ਸੀ। ਇਸ ਹਫ਼ਤੇ ਦੇ ਸ਼ੁਰੂ ਵਿੱਚ, ਇਹ 1,09,840 ਰੁਪਏ ਤੱਕ ਪਹੁੰਚ ਗਿਆ ਸੀ। ਡੀਲਰਾਂ ਨੇ ਅਧਿਕਾਰਤ ਘਰੇਲੂ ਕੀਮਤਾਂ ’ਤੇ 6 ਡਾਲਰ ਦੀ ਛੋਟ ਅਤੇ 2 ਡਾਲਰ ਦਾ ਪ੍ਰੀਮੀਅਮ ਦਿੱਤਾ ਸੀ। ਪਿਛਲੇ ਹਫ਼ਤੇ ਇਹ ਛੋਟ 12 ਡਾਲਰ ਸੀ, ਜਿਸਦਾ ਮਤਲਬ ਹੈ ਕਿ ਭਾਰਤ ਵਿੱਚ ਸੋਨਾ ਹੋਰ ਮਹਿੰਗਾ ਹੋ ਗਿਆ ਹੈ। ਦਿੱਲੀ ਅਤੇ ਮੁੰਬਈ ਦੇ ਗਹਿਣੇ ਵਿਕਰੇਤਾਵਾਂ ਦਾ ਕਹਿਣਾ ਹੈ ਕਿ ਗਾਹਕ ਇਸ ਸਮੇਂ ਕੀਮਤਾਂ ਵਿੱਚ ਗਿਰਾਵਟ ਦੀ ਉਡੀਕ ਕਰ ਰਹੇ ਹਨ। ਇਸ ਦੇ ਨਾਲ ਹੀ, ਗਹਿਣੇ ਵਿਕਰੇਤਾ ਤਿਉਹਾਰਾਂ ਦੇ ਸੀਜ਼ਨ ਨੂੰ ਦੇਖਦੇ ਹੋਏ ਸਟਾਕ ਕਰਨਾ ਚਾਹੁੰਦੇ ਹਨ, ਪਰ ਉੱਚ ਕੀਮਤਾਂ ਦੇ ਕਾਰਨ, ਉਹ ਪ੍ਰਚੂਨ ਮੰਗ ਬਾਰੇ ਸ਼ੱਕੀ ਹਨ।

## ਪੰਜਾਬ ਦੇ ਹੜ੍ਹ ਪ੍ਰਭਾਵਿਤਾਂ ਦੇ ਮੁੜ ਵਸੇਬੇ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਵੈੱਬਸਾਈਟ ਦਾ ਐਲਾਨ

**ਕੌਮੀ ਪਤ੍ਰਿਕਾ**

ਅੰਮ੍ਰਿਤਸਰ 16 ਸਤੰਬਰ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਪੰਜਾਬ ਅੰਦਰ ਹੜ੍ਹਾਂ ਦੀ ਸਥਿਤੀ ਦੌਰਾਨ ਰਾਹਤ ਸੇਵਾਵਾਂ ਨਿਭਾਅ ਰਹੀਆਂ ਵੱਖ-ਵੱਖ ਸਿੱਖ ਸੰਸਥਾਵਾਂ, ਸਮੂਹਾਂ, ਸ਼ਖ਼ਸੀਅਤਾਂ, ਪੰਜਾਬੀ ਕਲਾਕਾਰਾਂ ਤੇ ਅਦਾਕਾਰਾਂ ਦੀ ਇੱਕ ਵਿਸ਼ੇਸ਼ ਇਕੱਤਰਤਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਦਫ਼ਤਰ ਵਿੱਚ ਕੀਤੀ ਗਈ। ਇਕੱਤਰਤਾ ਤੋਂ ਬਾਅਦ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਐਲਾਨ ਕੀਤਾ ਕਿ ਸੇਵਾਵਾਂ ਕਰ ਰਹੀਆਂ ਸਮੂਹ ਸੰਸਥਾਵਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਝੰਡੇ ਹੇਠ ਸੰਗਠਤ ਕਰਨ ਅਤੇ ਨੀਤੀਗਤ ਢੰਗ ਨਾਲ ਸੰਪੂਰਨ ਰਾਹਤ ਤੇ ਮੁੜ ਵਸੇਬੇ ਦੇ ਕਾਰਜ ਕਰਵਾਉਣ ਲਈ ਸੋਮਵਾਰ ਤੱਕ ਵੈੱਬਸਾਈਟ ਜਾਰੀ ਕਰ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸੇਵਾ ਕਰਨ ਵਾਲੀਆਂ ਸਮੂਹ ਸੰਸਥਾਵਾਂ ਇਸ ਵੈੱਬਸਾਈਟ ਉੱਤੇ ਸ੍ਰੀ ਅਕਾਲ ਤਖ਼ਤ ਸਾਹਿਬ ਪਾਸ ਰਜਿਸਟਰ ਹੋਣ ਅਤੇ ਉਨ੍ਹਾਂ ਨੂੰ ਰਾਹਤ ਕਾਰਜਾਂ ਲਈ ਢੁਕਵੀਂ ਸੇਵਾ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਜਿਹੜੀਆਂ ਵੱਖ-ਵੱਖ ਸੰਸਥਾਵਾਂ ਇਕੱਠੀਆਂ ਹੋ ਕੇ ਕੰਮ ਕਰਨਾ ਚਾਹੁੰਦੀਆਂ ਹਨ, ਉਹ ਵੀ ਆਪਣੀ ਜਾਣਕਾਰੀ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਦੇਣ। ਉਨ੍ਹਾਂ ਸਪੱਸ਼ਟ ਕੀਤਾ ਕਿ ਇਹ ਵੈੱਬਸਾਈਟ ਦਾ ਸਮੁੱਚਾ ਪ੍ਰਬੰਧ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕੋਲ ਹੋਵੇਗਾ। ਜਥੇਦਾਰ ਗੜਗੱਜ ਨੇ ਕਿਹਾ ਕਿ ਹਰ ਸੰਸਥਾ ਆਪਣੇ ਦੋ-ਦੋ ਵਲੰਟੀਅਰ



ਸੇਵਾਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨਾਲ ਰਾਬਤਾ ਰੱਖਣ ਅਤੇ ਰਾਹਤ ਕਾਰਜਾਂ ਵਿੱਚ ਤਾਲਮੇਲ ਤੇ ਸਹਿਯੋਗ ਬਣਾਉਣ ਲਈ ਦੇਣ। ਉਨ੍ਹਾਂ ਕਿਹਾ ਕਿ ਮੰਗਲਵਾਰ ਤੱਕ ਇੱਕ ਕੰਟਰੋਲ ਰੂਮ ਵੀ ਬਣਾ ਦਿੱਤਾ ਜਾਵੇਗਾ, ਜਿਸ ਰਾਹੀਂ ਸਮੂਹ ਸੰਸਥਾਵਾਂ ਤੇ ਸੇਵਾ ਕਾਰਜਾਂ ਨਾਲ ਸਬੰਧਤ ਜਾਣਕਾਰੀ ਦਾ ਆਦਾਨ-ਪ੍ਰਦਾਨ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਮੁੱਢਲੇ ਤੌਰ ਉੱਤੇ ਜਾਰੀ ਮੰਚ ਵੱਲੋਂ 20 ਪਿੰਡਾਂ ਪਿੱਛੇ ਇੱਕ ਵਲੰਟੀਅਰ ਦੀ ਸੇਵਾ ਲਗਾਈ ਜਾਵੇਗੀ ਅਤੇ ਪੰਜਾਬ ਦੇ ਲਗਭਗ 1600 ਹੜ੍ਹ ਪ੍ਰਭਾਵਿਤ ਪਿੰਡਾਂ ਤੱਕ ਸੰਗਠਤ ਪਹੁੰਚ ਕੀਤੀ ਜਾਵੇਗੀ। ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਪੰਜਾਬ ਵਿੱਚ ਸੇਵਾ ਕਰ ਰਹੀਆਂ ਸਿੱਖ ਸੰਸਥਾਵਾਂ ਵਿਰੁੱਧ ਨਕਲੀ ਨਿਹੰਗ ਹਰਜੀਤ ਸਿੰਘ ਰਸੂਲਪੁਰ ਵੱਲੋਂ ਮੀਡੀਆ ਰਾਹੀਂ ਗਲਤ ਬਿਰਤਾਂਤ ਘੜਿਆ ਗਿਆ ਕਿ ਸੇਵਾਵਾਂ ਕਰ ਰਹੀਆਂ ਸੰਸਥਾਵਾਂ ਵੱਲੋਂ ਜਾਤ ਅਧਾਰਤ ਵਿਤਕਰਾ ਕੀਤਾ ਜਾ ਰਿਹਾ ਹੈ। ਉਨ੍ਹਾਂ ਇਹ ਗੱਲ ਦਾਅਵੇ ਨਾਲ ਕਹੀ ਕਿ ਸਿੱਖ ਸੰਸਥਾਵਾਂ ਦੇ ਕਿਸੇ ਵੀ ਸੇਵਾਦਾਰ ਨੇ ਵਿਤਕਰਾ ਨਹੀਂ ਕੀਤਾ ਹੋਵੇਗਾ। ਜਥੇਦਾਰ ਗੜਗੱਜ ਨੇ ਕਿਹਾ ਕਿ ਅੱਜ ਦਾ ਇਹ ਇਕੱਠ ਹਰਜੀਤ ਸਿੰਘ ਰਸੂਲਪੁਰ ਨੂੰ ਬਹਿਰੂਪੀਆ ਕਰਾਰ ਕਰਦਾ ਹੈ। ਉਨ੍ਹਾਂ ਕਿਹਾ ਕਿ ਸਾਨੂੰ ਇਹੋ ਜਿਹੇ ਲੋਕਾਂ ਦੀ ਨਿਸ਼ਾਨਦੇਹੀ ਕਰਨੀ ਚਾਹੀਦੀ ਹੈ, ਜਿਹੜੀ ਆਪਣੇ ਹੀ ਲੋਕਾਂ, ਪੰਥ ਅਤੇ ਪੰਜਾਬ ਦੇ ਖਿਲਾਫ਼ ਬੋਲਦੇ ਹਨ। ਉਨ੍ਹਾਂ ਕਿਹਾ ਕਿ ਹੜ੍ਹਾਂ ਦੌਰਾਨ ਜਾਨਾਂ ਗੁਆਉਣ ਵਾਲੇ ਲੋਕਾਂ ਲਈ ਸਰਕਾਰ ਵੱਲੋਂ ਐਲਾਨੀ ਗਈ ਮੁਆਵਜ਼ਾ ਰਾਸ਼ੀ ਬਹੁਤ ਘੱਟ ਹੈ, ਇਸ ਨੂੰ ਵਧਾਇਆ ਜਾਣਾ ਚਾਹੀਦਾ ਹੈ ਅਤੇ ਜਿਹੜੀਆਂ ਸੰਸਥਾਵਾਂ ਦੇ ਸੇਵਾਦਾਰਾਂ ਦੀ ਸੇਵਾ ਕਰਦੇ ਹੋਏ ਜਾਨਾਂ ਗਈਆਂ ਹਨ ਉਨ੍ਹਾਂ ਨੂੰ ਵੀ ਮੁਆਵਜ਼ਾ ਦਿੱਤਾ ਜਾਣਾ ਚਾਹੀਦਾ ਹੈ। ਇਸ ਮੌਕੇ ਦੇਸ਼-ਵਿਦੇਸ਼ ਦੀਆਂ ਕਰੀਬ 100 ਸੰਸਥਾਵਾਂ ਦੇ ਆਗੂ ਅਤੇ ਨੁਮਾਇੰਦੇ ਅਤੇ ਵੱਖ-ਵੱਖ ਸ਼ਖ਼ਸੀਅਤਾਂ ਹਾਜ਼ਰ ਸਨ।

## ਸਕੋਡਾ ਆਟੋ ਦੀ ਵਿਕਾਸ ਰਣਨੀਤੀ ’ਚ ਭਾਰਤ ਨੂੰ ’ਦੂਜਾ ਥੰਮਹ’ ਬਣਾਉਣ ਦੀ ਤਿਆਰੀ: ਜੇਲਮਰ

**ਕੌਮੀ ਪਤ੍ਰਿਕਾ**

ਮਿਊਨਿਖ : ਚੈੱਕ ਆਟੋਮੋਬਾਈਲ ਕੰਪਨੀ ਸਕੋਡਾ ਆਟੋ ਭਾਰਤ ਨੂੰ ਆਪਣੀ ਵਿਕਾਸ ਰਣਨੀਤੀ ਦਾ ’ਦੂਜਾ ਥੰਮ?ਹ’ ਬਣਾਉਣ ਦੀ ਤਿਆਰੀ ਕਰ ਰਹੀ ਹੈ ਤਾਂ ਜੋ ਭਵਿੱਖ ਵਿੱਚ ਯੂਰਪੀ ਬਾਜ਼ਾਰ ’ਤੇ ਬਹੁਤ ਜ਼ਿਆਦਾ ਨਿਰਭਰਤਾ ਤੋਂ ਬਚਿਆ ਜਾ ਸਕੇ। ਕੰਪਨੀ ਦੇ ਮੁੱਖ ਕਾਰਜਕਾਰੀ ਅਧਿਕਾਰੀ (ਸੀ.ਈ.ਓ.) ਕਲੌਸ ਜ਼ੈਲਮਰਜ਼ ਨੇ ਇਸ ਗੱਲ ਦੀ ਜਾਣਕਾਰੀ ਦਿੱਤੀ। ਇਸ ਦੇ ਨਾਲ ਹੀ ਕੰਪਨੀ ਭਾਰਤ ਵਿੱਚ ਬੈਟਰੀ ਇਲੈਕਟ੍ਰਿਕ ਵਾਹਨ (5੭) ਸੈਗਮੈਂਟ ਵਿੱਚ ਵੱਡੇ ਪੱਧਰ ’ਤੇ ਪ੍ਰਵੇਸ਼ ਕਰਨ ਦੀ ਯੋਜਨਾ ਬਣਾ ਰਹੀ ਹੈ ਅਤੇ ਇਸ ਲਈ ਇਹ ਚੀਨ ਵਿੱਚ ਵਿਕਸਤ ’CMPBA’ ਪਲੇਟਫਾਰਮ ਨੂੰ ਪੂਰੀ ਤਰ੍ਹਾਂ ਸਥਾਨਕ ਬਣਾਉਣ ’ਤੇ ਕੰਮ ਕਰ ਰਹੀ ਹੈ। ਜ਼ੈਲਮਰ ਨੇ ਇੱਕ ਵਿਸ਼ੇਸ਼ ਇੰਟਰਵਿਊ ਵਿੱਚ ਕਿਹਾ, ਸਕੋਡਾ ਯੂਰਪ ਵਿੱਚ ਬਹੁਤ ਮਜ਼ਬੂਤ ??ਹੈ। ਅਸੀਂ ਯੂਰਪ ਵਿੱਚ ਤੀਜੇ ਸਥਾਨ ’ਤੇ ਹਾਂ ਪਰ ਸਿਰਫ਼ ਇੱਕ ਖੇਤਰ ’ਤੇ ਨਿਰਭਰ ਕਰਨਾ ਚੰਗਾ ਨਹੀਂ ਹੈ। ਇਸ ਲਈ ਅਸੀਂ ਭਾਰਤ ਨੂੰ ਆਪਣੇ ਕਾਰੋਬਾਰ ਦਾ ਦੂਜਾ ਥੰਮ?ਹ ਬਣਾਉਣਾ ਚਾਹੁੰਦੇ ਹਾਂ ਅਤੇ ਇਸੇ ਲਈ ਪੂਰੇ ਪਲੇਟਫਾਰਮ ਨੂੰ ਸਥਾਨਕ ਬਣਾਉਣ ਦੀ ਯੋਜਨਾ ਹੈ। ਉਨ੍ਹਾਂ ਕਿਹਾ ਕਿ CMPBA ਪਲੇਟਫਾਰਮ ਬੈਟਰੀ 5੭ ਤੱਕ ਸੀਮਿਤ ਨਹੀਂ ਹੋਵੇਗਾ ਅਤੇ ਪੈਟਰੋਲ ਇੰਜਣਾਂ ਵਾਲੇ ਵਾਹਨ ਵੀ ਇਸ ਦੇ ਆਧਾਰ ’ਤੇ ਬਣਾਏ ਜਾ ਸਕਦੇ ਹਨ। ਜ਼ੈਲਮ ਨੇ ਕਿਹਾ, ਈਵੀ ਦਾ ਅਸਲ ਖੇਡ ਉਦੋਂ ਸ਼ੁਰੂ ਹੋਵੇਗਾ ਜਦੋਂ ਅਸੀਂ ਆਪਣੇ ਪਲੇਟਫਾਰਮ ਨੂੰ ਸਥਾਨਕ ਬਣਾਵਾਂਗੇ। ਅਸੀਂ ਇਸਨੂੰ ਤਕਨਾਲੋਜੀ ਦੇ ਰੂਪ ਵਿੱਚ ਲਿਆਵਾਂਗੇ ਪਰ ਭਾਰਤ ਵਿੱਚ ਵਾਹਨ ਪਲੇਟਫਾਰਮ ਲਈ ਸਭ ਕੁਝ ਸਿਰਫ਼ ਭਾਰਤ ਤੋਂ ਹੀ ਪ੍ਰਾਪਤ ਕਰਾਂਗੇ। ਉਨ੍ਹਾਂ ਨੇ ਭਾਰਤ ਵਿੱਚ ਇੱਕ ਛੋਟਾ ਈਵੀ ਮਾਡਲ ਲਿਆਉਣ ਦੀ ਸੰਭਾਵਨਾ ਪ੍ਰਗਟਾਈ ਪਰ ਇਸ ਸਮੇਂ ਇਸਦੇ ਵੇਰਵੇ ਸਾਂਝੇ ਕਰਨ ਤੋਂ ਇਨਕਾਰ ਕਰ ਦਿੱਤਾ। ਉਹਨਾਂ



ਨੇ ਜੀਐਸਟੀ ਦਰਾਂ ਵਿੱਚ ਕਟੌਤੀ ਨੂੰ ਇੱਕ ਵਧੀਆ ਪਹਿਲ ਦੱਸਦੇ ਹੋਏ ਕਿਹਾ ਕਿ ਇਸ ਨਾਲ ਕਾਰ ਉਦਯੋਗ ਅਤੇ ਵਿਕਰੀ ਨੂੰ ਹੁਲਾਰਾ ਮਿਲੇਗਾ, ਜਿਸ ਨਾਲ ਪੂਰੇ ਉਦਯੋਗ ਨੂੰ ਲਾਭ ਹੋਵੇਗਾ। ਹਾਲਾਂਕਿ, ਜ਼ੈਲਮਰ ਨੇ ਵੋਲਕਸਵੈਗਨ ਗਰੁੱਪ ਵੱਲੋਂ ਭਾਰਤ ਵਿੱਚ ਇੱਕ ਅਰਬ ਯੂਰੋ ਵਾਧੂ ਨਿਵੇਸ਼ ਕਰਨ ਦੀਆਂ ਰਿਪੋਰਟਾਂ ਤੋਂ ਇਨਕਾਰ ਕੀਤਾ। ਭਾਰਤ ਵਿੱਚ ਕੰਪਨੀ ਅਤੇ ਵੋਲਕਸਵੈਗਨ ਸਮੂਹ ਦੇ ਮੌਜੂਦਾ ਪ੍ਰਦਰਸ਼ਨ ’ਤੇ ਸੰਤੁਸ਼ਟੀ ਪ੍ਰਗਟ ਕਰਦੇ ਉਨ੍ਹਾਂ ਕਿਹਾ, ਅਸੀਂ ਵੋਲਕਸਵੈਗਨ ਅਤੇ ਸਕੋਡਾ ਪੋਰਟਫੋਲੀਓ, ਖਾਸ ਕਰਕੇ ਕਿਲਾਕ ਐਸਯੂਵੀ ਤੋਂ ਸੰਤੁਸ਼ਟ ਹਾਂ। ਅਸੀਂ ਇਸ ਸਾਲ ਆਪਣੀ ਵਿਕਰੀ ਦੁੱਗਣੀ ਕਰ ਦਿੱਤੀ ਹੈ। ਭਾਰਤ ਵਿੱਚ ਵੋਲਕਸਵੈਗਨ ਸਮੂਹ ਦੀ ਅਗਵਾਈ ਕਰ ਰਹੀ ਸਕੋਡਾ ਆਟੋ ਦੇ ਤਹਿਤ ਪੰਜ ਬ੍ਰਾਂਡ - ਸਕੋਡਾ, ਵੋਲਕਸਵੈਗਨ, ਆਡੀ, ਪੋਰਸ਼ ਅਤੇ ਲੈਂਬੋਰਗਿਨੀ ਦਾ ਸੰਚਾਲਨ ਕੀਤਾ ਜਾਂਦਾ ਹੈ।

### ਸਿਵਲ ਸਰਜਨ ਨੇ ਬਲਾਕ ਐਜੂਕੇਟਰਾਂ ਨੂੰ ਦਿੱਤੇ ਦਿਸ਼ਾ-ਨਿਰਦੇਸ਼

ਬਠਿੰਡਾ 16 ਸਤੰਬਰ। ਪੰਜਾਬ ਸਰਕਾਰ ਦੇ ਹੁਕਮਾਂ ਅਨੁਸਾਰ ਬਠਿੰਡਾ ਜ਼ਿਲ੍ਹੇ ’ਚ ਸਿਹਤ ਵਿਭਾਗ ਡਾ. ਤਪਿੰਦਰਜੋਤ, ਸਿਵਲ ਸਰਜਨ ਦੀ ਨਿਗਰਾਨੀ ਹੇਠ ਲੋਕਾਂ ਨੂੰ ਬੀਮਾਰੀਆਂ ਪ੍ਰਤੀ ਜਾਗਰੂਕ ਕਰ ਰਿਹਾ ਹੈ। ਇਸ ਸਬੰਧ ਵਿਚ ਜ਼ਿਲ੍ਹੇ ਦੇ ਸਾਰੇ ਬਲਾਕ ਐਕਸਟੈਂਸ਼ਨ ਐਜੂਕੇਟਰਾਂ ਦੀ ਮਾਸਿਕ ਮੀਟਿੰਗ ਡਾ. ਤਪਿੰਦਰਜੋਤ, ਸਿਵਲ ਸਰਜਨ ਦੀ ਪ੍ਰਧਾਨਗੀ ਹੇਠ ਸਿਵਲ ਸਰਜਨ ਬਠਿੰਡਾ ਦੇ ਦਫ਼ਤਰ ’ਚ ਹੋਈ। ਇਸ ਦੌਰਾਨ ਡਿਪਟੀ ਮਾਸ ਮੀਡੀਆ ਅਫ਼ਸਰ ਰੋਹਿਤ ਜਿੰਦਲ, ਬੀ. ਈ. ਈ. ਮਾਲਵਿੰਦਰ ਸਿੰਘ, ਸਾਹਿਲ ਪੁਰੀ, ਹਰਸਿਮਰਤ ਕੌਰ, ਪਵਨਜੀਤ ਕੌਰ, ਜਗਤਾਰ ਸਿੰਘ ਅਤੇ ਗਗਨਦੀਪ ਸਿੰਘ ਭੁੱਲਰ ਨੇ ਸ਼ਿਰਕਤ ਕੀਤੀ। ਡਾ. ਤਪਿੰਦਰਜੋਤ ਨੇ ਹਦਾਇਤ ਕੀਤੀ ਕਿ ਸਿਹਤ ਵਿਭਾਗ ਵੱਲੋਂ ਚਲਾਈਆਂ ਜਾ ਰਹੀਆਂ ਸਿਹਤ ਸਕੀਮਾਂ ਅਤੇ ਸੇਵਾਵਾਂ ਬਾਰੇ ਵੱਧ ਤੋਂ ਵੱਧ ਲੋਕਾਂ ਨੂੰ ਜਾਗਰੂਕ ਕੀਤਾ ਜਾਵੇ, ਤਾਂ ਜੋ ਲੋਕ ਇਨ੍ਹਾਂ ਸਕੀਮਾਂ ਦਾ ਵੱਧ ਤੋਂ ਵੱਧ ਲਾਭ ਉਠਾ ਸਕਣ। ਉਨ੍ਹਾਂ ਕਿਹਾ ਕਿ ਆਮ ਲੋਕਾਂ ਨੂੰ ਜਨਤਕ ਥਾਵਾਂ, ਸਕੂਲਾਂ ਅਤੇ ਹੋਰ ਇਕੱਠ ਵਾਲੀਆਂ ਥਾਵਾਂ ’ਤੇ ਸਿਹਤ ਸੇਵਾਵਾਂ, ਸਿਹਤ ਸਕੀਮਾਂ ਅਤੇ ਬੀਮਾਰੀਆਂ ਬਾਰੇ ਜਾਗਰੂਕ ਕੀਤਾ ਜਾਵੇ।

## ਖੇਤੀਬਾੜੀ ਵਿਭਾਗ ਦੀ ਰਾਜ ਪੱਧਰੀ ਕਪਾਹ ਕੀਟ ਨਿਗਰਾਨ ਟੀਮ ਵੱਲੋਂ ਫਾਜ਼ਿਲਕਾ ਜ਼ਿਲ੍ਹੇ ਦਾ ਦੌਰਾ

**ਕੌਮੀ ਪਤ੍ਰਿਕਾ**

ਫਾਜ਼ਿਲਕਾ 16 ਸਤੰਬਰ। ਪੰਜਾਬ ਰਾਜ ਪੱਧਰੀ ਨਰਮਾ/ਕਪਾਹ ਕੀਟ ਨਿਗਰਾਨ ਟੀਮ ਵੱਲੋਂ ਜ਼ਿਲ੍ਹਾ ਫਾਜ਼ਿਲਕਾ ਦੇ ਬਲਾਕ ਅਬੋਹਰ ਦੇ ਨਰਮੇ ਦੀ ਬਿਜਾਂਦ ਵਾਲੇ ਵੱਖ-ਵੱਖ ਪਿੰਡਾਂ ਦਾ ਦੌਰਾ ਕੀਤਾ ਗਿਆ ਹੈ। ਸਾਰੇ ਸਥਾਨਾਂ ’ਤੇ ਨਰਮੇ ਦਾ ਰਸ ਚੂਸਣ ਵਾਲੇ ਕੀਟਾਂ (ਚਿੱਟੀ ਮੱਖੀ ਅਤੇ ਤੇਲੇ) ਦੀ ਗਿਣਤੀ ਨੁਕਸਾਨ ਦੀ ਹੱਦ ਦੇ ਪੱਧਰ ਤੋਂ ਘੱਟ ਸੀ। ਇਹ ਜਾਣਕਾਰੀ ਮੁੱਖ ਖੇਤੀਬਾੜੀ ਅਫ਼ਸਰ ਰਾਜਿੰਦਰ ਕੁਮਾਰ ਕੰਬੋਜ ਨੇ ਦਿੱਤੀ। ਇਸ ਟੀਮ ’ਚ ਟੀਮ ਮੈਂਬਰ ਚਰਨਜੀਤ ਸਿੰਘ ਡਿਪਟੀ ਡਾਇਰੈਕਟਰ ਕਾਟਨ ਮੁਕਤਸਰ ਸਾਹਿਬ, ਯਾਦਵਿੰਦਰ ਸਿੰਘ ਸਹਾਇਕ ਮੰਡੀਕਰਨ ਅਫ਼ਸਰ ਫਰੀਦਕੋਟ ਅਤੇ ਅਮਨ ਕੇਸ਼ਵ ਪ੍ਰਾਜੈਕਟ ਡਾਇਰੈਕਟਰ ਆਤਮਾ ਫਰੀਦਕੋਟ ਸ਼ਾਮਲ ਸਨ। ਇਸ ਮੌਕੇ ਬਲਾਕ ਖੇਤੀਬਾੜੀ ਅਫ਼ਸਰ ਅਬੋਹਰ ਸੀਸ਼ਪਾਲ ਗੋਦਾਰਾ, ਖੇਤੀਬਾੜੀ ਵਿਸਥਾਰ ਅਫ਼ਸਰ ਗਿਆਨ ਚੰਦ, ਖੇਤੀਬਾੜੀ ਵਿਕਾਸ ਅਫ਼ਸਰ ਰਜਿੰਦਰ ਵਰਮਾ ਅਤੇ ਖੇਤੀਬਾੜੀ ਉਪਨੀਰਿਖਣ ਵਿਪਨ ਕੁਮਾਰ ਵੀ ਹਾਜ਼ਰ ਸਨ। ਇਸ ਦੌਰਾਨ ਮੌਕੇ ’ਤੇ ਮੌਜੂਦ ਕਿਸਾਨਾਂ ਅਤੇ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਐਡਵਾਈਜ਼ਰੀ ਜਾਰੀ ਕਰਦੇ ਹੋਏ ਕਿਹਾ ਗਿਆ ਕਿ ਜੇਕਰ ਚਿੱਟੀ ਮੱਖੀ ਜਾਂ ਤੇਲੇ ਦੀ ਗਿਣਤੀ ਨੁਕਸਾਨ ਦੀ ਹੱਦ ਤੋਂ ਵੱਧ ਜਾਂਦੀ ਹੈ ਤਾਂ ਫਲੋਨੀਕਾਮਿਡ 50 ਡਬਲਯੂਜੀ 80 ਗ੍ਰਾਮ/ਏਕੜ ਜਾਂ ਡਾਇਨੋਟੇਫੁਰਾਨ 20 ਐਸਜੀ 60 ਗ੍ਰਾਮ/ਏਕੜ ਦਾ ਛਿੜਕਾਅ ਕੀਤਾ ਜਾਵੇ। ਚਿੱਟੀ ਮੱਖੀ ਦੇ ਬਾਲਗਾਂ ਅਤੇ ਨਿੰਫ ਦੀ ਆਬਾਦੀ ਦੇ ਜ਼ਿਆਦਾ ਹਮਲੇ ਦੀ ਸਥਿਤੀ ’ਚ 5-7 ਦਿਨਾਂ ਦੇ ਅੰਤਰਾਲ ਨਾਲ ਅਫਿਡੋਪਾਇਰੋਪੇਨ 400ਮਿਲੀ/ਏਕੜ ਜਾਂ ਪਾਇਰੀਫਲੂਕੁਇਟਜ਼ੋਨ 200 ਗ੍ਰਾਮ/ਏਕੜ ਨੂੰ ਤਰਜੀਹ ਦਿਓ ਅਤੇ ਉਸ ਤੋਂ ਬਾਅਦ ਪਾਇਰੀਪ੍ਰੋਕਸੀਫੇਨ 500 ਮਿਲੀ/ਏਕੜ ਨੂੰ ਤਰਜੀਹ ਦਿਓ। ਜਿੱਥੇ ਵੀ ਗੁਲਾਬੀ ਸੁੰਡੀ ਦੀ ਘਟਨਾ ਦੇਖੀ ਗਈ, ਉੱਥੇ ਕੀਟਨਾਸ਼ਕਾਂ ਜਿਵੇਂ ਕਿ ਪ੍ਰੋਫੇਨੋਫੋਸ 50 ਈਸੀ 500 ਮਿਲੀ ਪ੍ਰਤੀ ਏਕੜ ਜਾਂ ਇਮੈਮਕਟੀਨ ਬੈਨਜੋਏਟ 5 ਐਸਜੀ 100 ਗ੍ਰਾਮ/ਏਕੜ ਦਾ ਛਿੜਕਾਅ ਕਰਨ ਦੀ ਸਲਾਹ ਦਿੱਤੀ ਗਈ। ਕਿਸਾਨਾਂ ਨੂੰ ਸਲਾਹ ਦਿੱਤੀ ਗਈ ਕਿ ਜਿੱਥੇ ਕਿਤੇ ਟਿੰਡਿਆਂ ਦੇ ਗਲਣ ਜਾਂ ਪੱਤਿਆਂ ਦੇ ਗਲਣ ਦੀ ਬਿਮਾਰੀ ਨਜ਼ਰ ਆਉਂਦੀ ਹੈ ਜਾਂ ਜਿੱਥੇ ਬਾਰਸ਼ ਕਾਰਨ ਫ਼ਸਲ ਡਿੱਗ ਗਈ ਹੋਵੇ, ਉੱਥੇ ਐਮਿਸਟਾਰ ਟੌਪ 2 ਮਿ.ਲੀ./ਲੀਟਰ ਪਾਣੀ ਦਾ ਛਿੜਕਾਅ ਕੀਤਾ ਜਾਵੇ। ਭਾਰੀ ਮੀਂਹ ਤੋਂ ਬਾਅਦ ਕੁੱਝ ਖੇਤਾਂ ਵਿੱਚ ਪੈਰਾ ਵਿਲਟ ਕਾਰਨ ਮੁਰਝਾਅ ਦੇਖਿਆ ਗਿਆ ਅਤੇ ਕਿਸਾਨਾਂ ਨੂੰ ਸਲਾਹ ਦਿੱਤੀ ਗਈ ਕਿ ਉਹ ਮੁਰਝਾਅ ਦੇ ਸ਼ੁਰੂਆਤੀ ਪੜਾਅ ’ਤੇ ਪ੍ਰਭਾਵਿਤ ਪੌਦਿਆਂ ’ਤੇ ਕੋਬਾਲਟ ਕਲੋਰਾਈਡ 10 ਮਿਲੀਗ੍ਰਾਮ/ਲੀਟਰ ਪਾਣੀ ਦਾ ਛਿੜਕਾਅ ਕਰਨ। ਬਾਕੀ ਸਾਰੀਆਂ ਥਾਵਾਂ ’ਤੇ ਸਮੁੱਚੇ ਤੌਰ ’ਤੇ ਫ਼ਸਲ ਦੀ ਸਥਿਤੀ ਚੰਗੀ ਹੈ ਅਤੇ ਕਿਸਾਨਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ 13-0-45 ਦਾ ਛਿੜਕਾਅ ਕਰਨ ਅਤੇ ਕੀੜਿਆਂ ਦੇ ਹਮਲੇ ਲਈ ਨਿਯਮਤ ਤੌਰ ’ਤੇ ਆਪਣੇ ਖੇਤਾਂ ਦੀ ਨਿਗਰਾਨੀ ਕਰਦੇ ਰਹਿਣ।

## ਦੇਸ਼ ’ਚ ਰਹਿ ਜਾਣਗੇ SBI ਸਮੇਤ ਸਿਰ.ਫ 4-5 ਬੈਂਕ, ਬੈਂਕਿੰਗ ਪ੍ਰਣਾਲੀ ਲਈ ਤਿਆਰ ਹੋ ਰਿਹਾ ਨਵਾਂ ਬਲੂਪ੍ਰਿੰਟ

**ਏਜੰਸੀਆਂ**

ਨਵੀਂ ਦਿੱਲੀ 16 ਸਤੰਬਰ। ਇਸ ਵੇਲੇ ਭਾਰਤ ਤੋਂ ਸਿਰਫ਼ ਦੋ ਨਾਮ - ਸਟੇਟ ਬੈਂਕ ਆਫ਼ ਇੰਡੀਆ (SBI) ਅਤੇ 8463 ਬੈਂਕ - ਦੁਨੀਆ ਦੇ 100 ਸਭ ਤੋਂ ਵੱਡੇ ਬੈਂਕਾਂ ਦੀ ਸੂਚੀ ਵਿੱਚ ਸ਼ਾਮਲ ਕੀਤੇ ਗਏ ਹਨ। ਅਜਿਹੀ ਸਥਿਤੀ ਵਿੱਚ, ਕੇਂਦਰ ਸਰਕਾਰ ਨੇ ਇੱਕ ਵਾਰ ਫਿਰ ਸਰਕਾਰੀ ਬੈਂਕਾਂ ਦੇ ਰਲੇਵੇਂ ਦੀ ਤਿਆਰੀ ਸ਼ੁਰੂ ਕਰ ਦਿੱਤੀ ਹੈ। ਸੂਤਰਾਂ ਅਨੁਸਾਰ, ਸਰਕਾਰ ਦਾ ਟੀਚਾ ਹੈ ਕਿ ਆਉਣ ਵਾਲੇ ਸਾਲਾਂ ਵਿੱਚ, ਦੇਸ਼ ਵਿੱਚ ਸਿਰਫ਼ 4 ਤੋਂ 5 ਵੱਡੇ ਅਤੇ ਵਿਸ਼ਵ ਪੱਧਰ ’ਤੇ ਮੁਕਾਬਲੇਬਾਜ਼ ਬੈਂਕ ਮੌਜੂਦ ਹੋਣ, ਜੋ ਅੰਤਰਰਾਸ਼ਟਰੀ ਬਾਜ਼ਾਰ ਵਿੱਚ ਭਾਰਤ ਦੀ ਮਜ਼ਬੂਤ ??ਵਿੱਤੀ ਮੌਜੂਦਗੀ ਦਰਜ ਕਰ ਸਕਣ। ਭਾਰਤ ਸਰਕਾਰ ਅਤੇ ਜਨਤਕ ਖੇਤਰ ਦੇ ਬੈਂਕਾਂ (PSBs) ਵਿਚਕਾਰ 12-16 ਸਤੰਬਰ ਨੂੰ ਹੋਣ ਵਾਲਾ ’ਮੰਥਨ’ ਸਿਰਫ਼ ਇੱਕ ਨਿਯਮਤ ਮੀਟਿੰਗ ਨਹੀਂ ਹੈ, ਸਗੋਂ ਅਗਲੇ ਦਹਾਕੇ ਲਈ ਦੇਸ਼ ਦੀ ਬੈਂਕਿੰਗ ਪ੍ਰਣਾਲੀ




ਨੂੰ ਆਕਾਰ ਦੇਣ ਲਈ ਇੱਕ ਬਲੂਪ੍ਰਿੰਟ ਬਣ ਸਕਦਾ ਹੈ। ਸੂਤਰਾਂ ਅਨੁਸਾਰ, ਇਸ ਕਾਨਫਰੰਸ ਵਿੱਚ ਢਾਂਚਾ, ਆਕਾਰ, ਸ਼ਾਸਨ ਮਾਡਲ, ਡਿਜੀਟਲ ਪਰਿਵਰਤਨ, ਵਿਸ਼ਵ ਮੁਕਾਬਲੇ ਵਿੱਚ ਭਾਗੀਦਾਰੀ ਅਤੇ ਸਰਕਾਰੀ ਬੈਂਕਾਂ ਦੇ ਰਲੇਵੇਂ ਵਰਗੇ ਮਹੱਤਵਪੂਰਨ ਮੁੱਦਿਆਂ ’ਤੇ ਵਿਸਥਾਰ ਨਾਲ ਚਰਚਾ ਕੀਤੀ ਜਾਵੇਗੀ। ਦੋ ਸਾਲਾਂ ਬਾਅਦ ਆਯੋਜਿਤ ਕੀਤੀ ਜਾ ਰਹੀ ਇਹ ਕਾਨਫਰੰਸ ਕਈ ਤਰੀਕਿਆਂ ਨਾਲ ਖਾਸ ਹੈ। ਦੇਸ਼ ਦੇ ਉੱਚ ਬੈਂਕਿੰਗ ਅਧਿਕਾਰੀ, ਨੀਤੀ ਨਿਰਮਾਤਾ, ਆਰਬੀਆਈ ਦੇ ਡਿਪਟੀ ਗਵਰਨਰ ਸਵਾਮੀਨਾਥਨ ਜੇ. ਅਤੇ ਸਲਾਹਕਾਰ ਫਰਮ ਮੈਕਿੰਸੀ ਦੇ ਮਾਹਰ ਇਸ ਵਿੱਚ ਹਿੱਸਾ ਲੈ ਰਹੇ ਹਨ। ਯਾਨੀ ਕਿ ਇਹ ਸਿਰਫ਼ ਰਸਮੀ ਵਿਚਾਰ-ਵਟਾਂਦਰੇ ਹੀ ਨਹੀਂ, ਸਗੋਂ ਨੀਤੀਗਤ ਤਬਦੀਲੀਆਂ ਦੀ ਠੋਸ ਤਿਆਰੀ ਲਈ ਇੱਕ ਪਲੇਟਫਾਰਮ ਬਣ ਗਿਆ ਹੈ। ਹਾਲਾਂਕਿ ਵਿਚਾਰ-ਵਟਾਂਦਰੇ ਦੇ ਅਧਿਕਾਰਤ ਏਜੰਡੇ ਵਿੱਚ ’ਰਲੇਵੇਂ’ ਦਾ ਕੋਈ ਸਪੱਸ਼ਟ ਜ਼ਿਕਰ ਨਹੀਂ ਹੈ, ਪਰ ਸੂਤਰਾਂ ਦਾ ਕਹਿਣਾ ਹੈ ਕਿ ਜਨਤਕ ਖੇਤਰ ਦੇ ਬੈਂਕਾਂ ਦੇ ਰਲੇਵੇਂ ਦੇ ਅਗਲੇ ਦੌਰ ਬਾਰੇ ਚਰਚਾ ਸੰਭਵ ਹੈ।

## ਡਾਕਟਰ ਦੀ ਕੁੱਟਮਾਰ ਕਰਕੇ ਲੁੱਟ ਕਰਨ ਵਾਲੇ ਤਿੰਨੋਂ ਲੁਟੇਰੇ ਨਕਦੀ ਤੇ ਹਥਿਆਰਾਂ ਸਣੇ ਕਾਬੂ

**ਕੌਮੀ ਪਤ੍ਰਿਕਾ**

ਭਵਾਨੀਗੜ੍ਹ, 16 ਸਤੰਬਰ। ਸਥਾਨਕ ਸ਼ਹਿਰ ਦੇ ਸਰਕਾਰੀ ਹਸਪਤਾਲ ਦੇ ਕੁਆਰਟਰਾਂ ’ਚੋਂ ਡਾਕਟਰ ’ਤੇ ਕਾਤਲਾਨਾ ਹਮਲਾ ਕਰਕੇ ਤੇਜ਼ਧਾਰ ਹਥਿਆਰਾਂ ਦੀ ਨੋਕ ’ਤੇ ਲੁੱਟ ਖੋਹ ਦੀ ਘਟਨਾ ਨੂੰ ਅੰਜਾਮ ਦੇਣ ਵਾਲੇ ਤਿੰਨੋਂ ਲੁਟੇਰਿਆਂ ਨੂੰ ਪੁਲਸ ਨੇ ਲੁੱਟ ਦੀ ਘਟਨਾ ਦੌਰਾਨ ਵਰਤੇ ਗਏ ਤੇਜ਼ਧਾਰ ਹਥਿਆਰਾਂ ਤੇ ਲੁੱਟ ਕੀਤੀ ਨਕਦੀ ਸਮੇਤ ਕਾਬੂ ਕਰ ਕਰ ਲਿਆ ਹੈ। ਸਥਾਨਕ ਪੁਲਸ ਸਟੇਸ਼ਨ ਵਿਖੇ ਅੱਜ ਕੀਤੀ ਗਈ ਪ੍ਰੈੱਸ ਕਾਨਫੰਰੈਸ ਦੌਰਾਨ ਇਸ ਸਬੰਧੀ ਜਾਣਕਾਰੀ ਦਿੰਦਿਆਂ ਸਥਾਨਕ ਥਾਣਾ ਮੁਖੀ ਸਬ ਇੰਸਪੈਕਟਰ ਅਵਤਾਰ ਸਿੰਘ ਨੇ ਦੱਸਿਆ ਕਿ ਲੁੱਟ ਖੋਹ ਦੀ ਇਸ ਘਟਨਾ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਜ਼ਿਲ੍ਹਾ ਪੁਲਸ ਮੁਖੀ ਸੰਗਰੂਰ ਸਰਤਾਜ ਸਿੰਘ ਚਾਹਲ ਦੇ ਦਿਸ਼ਾ ਨਿਰਦੇਸ਼ਾਂ ਅਤੇ ਸਬ ਡੀਵਜਨ ਦੇ ਡੀ.ਐੱਸ.ਪੀ. ਰਾਹੁਲ ਕੌਂਸਲ ਦੀ ਅਗਵਾਈ ਹੇਠ ਬਣਾਈਆਂ ਗਈਆਂ ਪੁਲਸ ਦੀਆਂ ਜਾਂਚ ਟੀਮਾਂ ਵੱਲੋਂ ਸੀਆਈਏ ਸਟਾਫ ਦੀ ਮੱਦਦ ਨਾਲ ਕੀਤੀ ਗਈ ਜਾਂਚ ਪੜਤਾਲ ਦੌਰਾਨ ਇਸ ਘਟਨਾ ਨੂੰ ਅੰਜਾਮ ਦੇਣ ਵਾਲੇ ਤਿੰਨੋਂ ਲੁਟੇਰਿਆਂ- ਧਰਮਪ੍ਰੀਤ ਸਿੰਘ ਪੁੱਤਰ ਰਾਜਿੰਦਰ ਸਿੰਘ ਤੇ ਜੱਗੀ ਸਿੰਘ ਪੁੱਤਰ ਜਗਤਾਰ



ਸਿੰਘ ਦੋਵੇ ਵਾਸੀ ਪਿੰਡ ਕਾਕੂ ਵਾਲਾ ਅਤੇ ਕੁਲਵਿੰਦਰ ਸਿੰਘ ਪੁੱਤਰ ਦਰਸ਼ਨ ਸਿੰਘ ਵਾਸੀ ਪਿੰਡ ਕੈਂਪਰ ਨੂੰ ਗ੍ਰਿਫ਼ਤਾਰ ਕਰਕੇ ਇਨ੍ਹਾਂ ਦੇ ਕਬਜ਼ੇ ’ਚੋਂ 1ਲੱਖ 70 ਹਜ਼ਰ ਰੁਪਏ ਦੀ ਨਕਦੀ, ਇਕ ਆਈਫੋਨ, 40 ਗ੍ਰਾਮ ਹੈਰੋਇਨ ਅਤੇ ਲੁੱਟ ਦੀ ਘਟਨਾ ਲਈ ਵਰਤੇ ਗਏ ਤੇਜ਼ਧਾਰ ਹਥਿਆਰ ਬਰਾਮਦ ਕੀਤੇ ਗਏ। ਥਾਣਾ ਮੁਖੀ ਨੇ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ਲੁਟੇਰਿਆਂ ਨੇ ਪੁੱਛਗਿੱਛ ਦੌਰਾਨ ਦੱਸਿਆ ਕਿ ਉਨ੍ਹਾਂ ਵੱਲੋਂ ਡਾਕਟਰ ਦੇ ਘਰੋਂ 2 ਲੱਖ 70 ਹਜਾਰ ਰੁਪੈ ਦੀ ਨਕਦੀ ਦੀ ਲੁੱਟ ਕੀਤੀ ਗਈ ਸੀ। ਉਨ੍ਹਾਂ ਦੱਸਿਆ ਕਿ ਲੁਟੇਰਿਆਂ ਨੇ ਡਾਕਟਰ ਦੇ ਘਰੋਂ ਪੁੱਟਿਆ ਸੀ.ਸੀ.ਟੀ.ਵੀ ਕੈਮਰਿਆਂ ਵਾਲਾ ਡੀ.ਵੀ.ਆਰ ਅਤੇ ਕੁਝ ਹੋਰ ਸਮਾਨ ਰਸਤੇ ਵਿਚ ਇਕ ਨਾਲੇ ’ਚ ਸੁੱਟ ਦਿੱਤਾ ਸੀ ਤੇ ਨਾਲੇ ’ਚ ਪਾਣੀ ਦਾ ਵਹਾਅ ਤੇਜ਼ ਹੋਣ ਕਾਰਨ ਇਸ ਸਮਾਨ ਦੀ ਪ੍ਰਾਪਤੀ ਨਹੀਂ ਹੋ ਸਕੀ। ਥਾਣਾ ਮੁਖੀ ਨੇ ਦੱਸਿਆ ਕਿ ਇਸ ਗਿਰੋਹ ਦੇ ਮੁਖੀ ’ਤੇ ਪਹਿਲਾਂ ਵੀ ਕਈ ਅਪਰਾਧਿਕ ਮਾਮਲੇ ਦਰਜ ਹਨ। ਉਨ੍ਹਾਂ ਦੱਸਿਆ ਕਿ ਉਕਤ ਵੱਲੋਂ ਪਹਿਲਾਂ ਦਿੜਬਾ ਨੇੜਿਓ ਇਕ ਬੱਚੇ ਨੂੰ ਅਗਵਾਹ ਕਰਕੇ 26 ਲੱਖ ਰੁਪਏ ਦੀ ਫਰੌਤੀ ਮੰਗੀ ਗਈ। ਜਿਸ ਸਬੰਧੀ ਪੁਲਸ ਨੇ ਇਸ ਨੂੰ ਗ੍ਰਿਫ਼ਤਾਰ ਕਰਕੇ ਮਾਮਲਾ ਦਰਜ ਕੀਤਾ ਸੀ ਅਤੇ ਇਸ ਮਾਮਲੇ ’ਚ ਮਾਨਯੋਗ ਅਦਾਲਤ ਨੇ ਇਸ ਨੂੰ ਦਸ ਸਾਲਾਂ ਦੀ ਸਜ?ਹਾਂ ਸੁਣਾਈ ਸੀ। ਥਾਣਾ ਮੁਖੀ ਨੇ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ਤਿੰਨੋਂ ਲੁਟੇਰਿਆਂ ਨੂੰ ਮਾਨਯੋਗ ਅਦਾਲਤ ’ਚ ਪੇਸ਼ ਕਰਕੇ ਜੇਲ ਭੇਜ ਦਿੱਤਾ ਹੈ।